ਮੇਰੀ ਸੋਵੀਅਤ ਯਾਤ੍ਰਾ–੧

# ਪਾਲਮ ਤੋਂ ਮਾਸਕੋ ਤਕ

–ਵੀਰ ਭਾਨ ਭੁਲਰ–

ਸਾਡਾ ਡੈਲੀਗੇਸ਼ਨ ਪੰਜ ਸਾਥੀਆਂ ਤੇ ਸਮਿਲਤ ਸੀ। ਰਾਮਲੋ ਸਾਡੇ ਡੈਲੀਗੇਸ਼ਨ ਦਾ ਲੀਡਰ ਸੀ—ਟਰਾਂਸਪੋਰਟ ਮਜ਼ਦੂਰਾਂ ਦਾ ਲੀਡਰ ਉਹ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਉੜੀਸਾ ਦਾ ਸਾਥੀ ਰਾਮ ਕੂਰੋ ਜੋ ਲੋਹੇ ਦੀਆਂ ਖਾਣਾਂ ਦੇ ਮਜ਼ਦੂਰਾਂ ਦੇ ਲੀਡਰ ਹਨ, ਸਾਥੀ ਗੋਬਿੰਦਾ ਸੁਆਮੀ ਜੋ ਹਾਰਬਰ ਵਰਕਰਜ਼ ਯੂਨੀਅਨ ਅਤੇ ਪਰੈਸ ਵਰਕਰਾਂ ਦਾ ਲੀਡਰ ਹੈ ਅਤੇ ਤਾਮਲਨਾਡ ਦਾ ਰਹਿਣ ਵਾਲਾ ਹੈ, ਕੇਰਲਾ ਦਾ ਸਾਥੀ ਟੀ. ਜੇ. ਵਰਗੀਜ਼ ਜੋ ਫ਼ਾਈਟੇਲਾਈਜ਼ਰ ਇੰਡਸਟਰੀ ਦੇ ਵਰਕਰਾਂ ਦਾ ਲੀਡਰ ਹੈ, ਅਤੇ ਪੰਜਾਬ ਤੋਂ ਵੀਰ ਭਾਨ ਭੁਲਰ ਅੰਮ੍ਰਿਤਸਰ ਦੇ ਮਜ਼ਦੂਰਾਂ ਦਾ ਸੇਵਕ ਸ਼ਾਮਲ ਸਨ।

ਇਹ ਡੈਲੀਗੇਸ਼ਨ ਮਜ਼ਦੂਰ ਜਮਾਤ ਵਿਚ ਕੰਮ ਕਰਨ ਵਾਲਿਆਂ ਦਾ ਸੀ। ਇਸ ਲਈ ਸਾਡੀ ਸਭ ਤੋਂ ਵਧ ਦਿਲਚਸਪੀ ਇਸ ਗਲ ਵਿਚ ਸੀ ਕਿ ਮਜ਼ਦੂਰਾਂ ਦੀ ਕੀ ਹਾਲਤ ਹੈ। ਉਹ ਕਿਵੇਂ ਕੰਮ ਕਰਦੇ ਹਨ, ਕਿਵੇਂ ਰਹਿੰਦੇ ਹਨ, ਕਿਵੇਂ ਜ਼ਿੰਦਗੀ ਗੁਜ਼ਾਰਦੇ ਹਨ। ਸਮਾਜ ਵਿਚ ਉਹਨਾਂ ਦਾ ਤੇ ਉਹਨਾਂ ਦੇ ਬੀਵੀ ਬਚਿਆਂ ਦਾ ਕੀ ਦਰਜਾ ਹੈ।

ਅਸੀਂ ਵੇਖਣਾ ਚਾਹੁੰਦੇ ਸਾਂ ਕਿ ਕਿਤੇ ਸਾਡੇ ਵਾਂਗ ਉਹਨਾਂ ਨੂੰ ਵੀ ਛਾਂਟੀ ਤੇ ਬੇਕਾਰੀ ਦਾ ਸਾਹਮਣਾ ਤਾਂ ਨਹੀਂ ਕਰਨਾ ਪੈਂਦਾ। ਇਸੇ ਤਰ੍ਹਾਂ ਮਜ਼ਦੂਰਾਂ ਦੇ ਦੂਜੇ ਮਸਲਿਆਂ ਨੂੰ ਉਥੋਂ ਦੀਆਂ ਟਰੇਡ ਯੂਨੀਅਨਾਂ ਕਿਵੇਂ ਹਲ ਕਰਦੀਆਂ ਹਨ?

ਰੂਸ ਹਿੰਦੁਸਤਾਨ ਦਾ ਬਹੁਤ ਵਡਾ ਮਿਤਰ ਹੈ। (ਸਾਡੇ ਦੇਸ਼ ਦੀਆਂ ਪਿਛਖਿਚੂ ਤਾਕਤਾਂ ਕੁਝ ਭਰਮ ਪੈਦਾ ਕਰਨ) ਇਸ ਸੰਬੰਧ ਵਿਚ ਸਾਡੇ ਡੈਲੀਗੇਸ਼ਨ ਵਿਚ ਕੋਈ ਗਲਤ ਫਹਿਮੀ ਨਹੀਂ ਸੀ। ਫਿਰ ਵੀ ਲੋਕਾਂ ਦਾ ਭਾਰਤ ਵਲ ਵਤੀਰਾ ਕੀ ਹੈ? ਉਹ ਕੀ ਸੋਚਦੇ ਹਨ? ਇਸ ਤੋਂ ਉਪਰੰਤ ਜੋ ਕੁਝ ਪੜ੍ਹਿਆ ਸੁਣਿਆ ਹੈ ਉਸ ਨੂੰ ਉਥੋਂ ਦੀ ਸਰਕਾਰ, ਪਾਰਟੀ ਤੇ ਲੋਕ ਕਿਵੇਂ ਅਮਲ ਵਿਚ ਲਿਆ ਰਹੇ ਹਨ ਵੇਖਣਾ ਜ਼ਰੂਰੀ ਸੀ। ਸਾਨੂੰ ਇਸ ਗਲ ਦਾ ਮੌਕਾ ਮਿਲਿਆ। ਇਸ ਗਲ ਦੀ ਸਾਨੂੰ ਖੁਸ਼ੀ ਸੀ। ਅਸੀਂ ਸਾਰੇ ਦਿਲੀ ਵਿਚ ਇਕਠੇ ਹੋ ਗਏ।

ਪਾਸਪੋਰਟ ਆਸਾਨੀ ਨਾਲ ਮਿਲ ਗਿਆ ਅਤੇ ਵੀਜ਼ਾ ਵੀ। ਸਾਥੀ ਮਹਿੰਦਰ ਦੀ ਮਦਦ ਨਾਲ ਛੋਟੀਆਂ ਮੋਟੀਆਂ ਮੁਸ਼ਕਲਾਂ ਦੂਰ ਹੋ ਗਈਆਂ। ਉਸ ਨੂੰ ਗੁਡਬਾਈ ਕਹਿ ਕੇ ਅਸੀਂ ਚਾਰ ਦਸੰਬਰ ਨੂੰ ਪਾਲਮ ਹਵਾਈ ਅਡੇ ਵਿਚ ਦਾਖਲ ਹੋ ਗਏ। ਪੁਲਸ ਵਾਲਿਆਂ ਨੇ ਸਾਡੀ ਫੋਟੋ ਤੇ ਸ਼ਕਲਾਂ ਵੇਖੀਆਂ। ਨਾਂਅ ਚੈਕ ਕੀਤੇ। ਇਹ ਕੰਮ ਖਤਮ ਹੋਇਆ ਤਾਂ ਇਕ ਸਾਹਿਬ ਨੇ ਆਵਾਜ਼ ਦਿਤੀ—"ਭੁਲਰ ਯੂ ਕਮ ਆਨ"। ਮੇਰਾ ਮਥਾ ਉਥੇ ਹੀ ਠਣਕਿਆ ਕਿਉਂਕਿ ਜਦੋਂ ਮੈਂ ਫੌਜ ਵਿਚ ਸਾਂ ਤਾਂ ਪੂਨਾ ਕੈਂਪ ਵਿਚ ਦੂਜੇ ਫੌਜੀਆਂ ਨਾਲ ਡਾਕਟਰੀ ਮੁਲਾਹਜ਼ੇ ਲਈ ਲਾਈਨ ਵਿਚ ਖੜਾ ਸਾਂ। ਉਦੋਂ ਵੀ ਮੈਨੂੰ ਇਸੇ ਤਰ੍ਹਾਂ ਬੁਲਾਇਆ ਗਿਆ ਸੀ ਅਤੇ ਦੂਜਿਆਂ ਤੋਂ ਵਖ ਕਰ ਕੇ ਰਾਵਲਪਿੰਡੀ ਵਾਪਸ ਭੇਜ ਦਿਤਾ ਸੀ ਅਤੇ ਪਿਛੋਂ ਨੌਕਰੀ ਤੋਂ ਹਟਾ ਦਿਤਾ ਸੀ। ਪਰ ਇਹ ਆਵਾਜ਼ ਹਮਦਰਦੀ ਦੀ ਆਵਾਜ਼ ਸੀ। ਸਾਨੂੰ ਕਿਹਾ ਗਿਆ ਕਿ ਨਾਂਅ ਚੈਕ ਕਰਵਾ ਕੇ ਕਸਟਮ ਵਾਲਿਆਂ ਤੋਂ ਅਗੇ ਲੰਘ ਜਾਉ। ਜਹਾਜ਼ ਦੀ ਉਡਾਣ ਇਕ ਘੰਟਾ ਲੇਟ ਸੀ। ਜਾਣ ਇਕ ਸਾਥੀ ਨੂੰ ਮੌਜ ਆ ਗਈ। ਉਸ ਨੇ ਕਿਹਾ ਸਾਥੀਓ, ਮੈਂ ਕਾਫ਼ੀ ਪਿਲਾਣੀ ਚਾਹੁੰਦਾ ਹਾਂ। ਅਸੀਂ ਇਕ ਜ਼ਬਾਨ ਕਿਹਾ–ਚੰਗੀ ਗਲ ਹੈ। ਕਾਫ਼ੀ ਆ ਗਈ। ਪੀ ਲਈ। ਸਾਥੀ ਤੋਂ ਪੁਛਿਆ ਕੀ ਚਾਰਜ ਹੋਇਆ। ਉਤਰ ਸੀ ਸਵਾ ਪੰਜ ਰੁਪਏ ਅਤੇ 12 ਆਨੇ ਟਿਪ ਦੇ। ਪੂਰੇ ਛੇ ਲਗ ਗਏ। ਇਹ ਵੀ ਚੰਗੀ ਰਹੀ। ਪੰਜ ਕਪ–6 ਰੁਪਏ–ਇਕ ਸਾਥੀ ਨੇ ਹੈਰਾਨੀ ਨਾਲ ਕਿਹਾ। ਮੈਂ ਅਰਜ਼ ਕੀਤੀ। ਇਹ ਪਾਲਮ ਦਾ ਹਵਾਈ ਅਡਾ ਹੈ —— ਪਾਲਮ ਦਾ।

ਏਨੇ ਵਿਚ ਐਲਾਨ ਹੋ ਗਿਆ ਜਹਾਜ਼ ਤਿਆਰ ਹੈ। ਮਾਸਕੋ ਜਾਣ ਵਾਲੇ ਤਿਆਰ ਹੋ ਜਾਣ।

ਅਸੀਂ ਇਕ ਟਰਾਲੀ ਵਿਚ ਬਹਿ ਕੇ ਹਵਾਈ ਜਹਾਜ਼ ਦੇ ਨੇੜੇ ਪਹੁੰਚ ਗਏ। ਇਹ ਐਲਿਊਸ਼ਨ 62 ਸੋਵੀਅਤ ਰੂਸ ਦਾ ਹਵਾਈ ਜਹਾਜ਼ ਸੀ। ਅਸੀਂ ਇਸ ਤੇ ਸੁਆਰ ਹੋ ਗਏ। ਜਹਾਜ਼ ਦਾ ਇੰਜਣ ਗੂੰਜਣ ਲਗਾ। ਆਵਾਜ਼ ਸੁਣਾਈ ਦਿਤੀ "ਪੇਟੀ ਬੰਨ੍ਹ ਲਵੋ। ਸਿਗਰਟ ਪੀਣਾ ਮਨ੍ਹਾ ਹੈ, ਦਿਲੀ ਤੋਂ ਮਾਸਕੋ 9000 ਕਿਲੋਮੀਟਰ ਹੈ ਅਤੇ ਸਵਾ 5 ਘੰਟੇ ਲਗਣਗੇ।"

ਜਹਾਜ਼ ਨੇ ਉਡਾਣ ਸ਼ੁਰੂ ਕੀਤੀ ਕਿ ਚੂਸਣ ਵਾਲੀਆਂ ਗੋਲੀਆਂ ਪੇਸ਼ ਕੀਤੀਆਂ ਗਈਆਂ। ਅਖਬਾਰਾਂ ਤੇ ਰਸਾਲੇ ਪੜ੍ਹਨ ਲਈ ਮਿਲ ਗਏ। ਰਾਹ ਵਿਚ ਜੋ ਨਾਸ਼ਤਾ ਸਾਨੂੰ ਦਿਤਾ ਗਿਆ ਉਸ ਨੂੰ ਵੇਖ ਕੇ ਸੋਚਿਆ ਕਿ ਜੇ ਇਹ ਨਾਸ਼ਤਾ ਹੈ ਤਾਂ ਖਾਣਾ ਕੀ ਹੋਵੇਗਾ? ਡਬਲ ਰੋਟੀ, ਕੇਕ, ਮਖਣ, ਮੀਟ, ਜੂਸ, ਚਾਹ, ਕਾਫ਼ੀ ਅਸੀਂ ਤਾਂ ਚਕਰ ਵਿਚ ਪੈ ਗਏ ਕਿ ਕੀ ਖਾਈਏ ਤੇ ਕੀ ਛਡੀਏ।

ਕੁਰਸੀ ਵੀ ਮਜ਼ੇਦਾਰ, ਬਟਨ ਦਬਾਉ ਆਰਾਮ ਕੁਰਸੀ ਬਣ ਜਾਂਦੀ ਹੈ। ਇਕ ਹੋਰ ਬਟਨ ਦਬਾਉ ਤਾਂ ਐਸ਼ ਟਰੇ ਨਿਕਲ ਆਉਂਦੀ ਹੈ। ਕੁਰਸੀ ਦੇ ਪਿਛਲੇ ਹਿਸੇ ਤੋਂ ਟਰੇ ਕਢ ਲਓ ਤਾਂ ਖਾਣਾ ਖਾਣ ਦੇ ਮੇਜ਼ ਦਾ ਕੰਮ ਦੇਂਦੀ ਹੈ।

ਪੜ੍ਹਦੇ ਪੜ੍ਹਦੇ ਸਿਗਰਟ ਦਾ ਕਸ਼ ਵੀ ਲਾ ਲੈਂਦੇ ਤੇ ਬਾਹਰ ਦਾ ਨਜ਼ਾਰਾ ਵੀ ਕਰ ਲੈਂਦੇ। ਆਪਣੇ ਹੇਠ ਦੀ ਦੁਨੀਆਂ ਦਾ ਜਾਇਜ਼ਾ ਵੀ ਲੈਂਦੇ। ਹਵਾਈ ਜਹਾਜ਼ ਆਪਣਾ ਸਫਰ ਤੈ ਕਰਦਾ ਹੋਇਆ, ਉਪਰ ਹੀ ਉਪਰ ਉਡਦਾ ਬਦਲਾਂ ਨੂੰ ਚੀਰਦਾ, ਪਹਾੜੀਆਂ ਦੀਆਂ ਚੋਟੀਆਂ ਤੋਂ ਵੀ ਉਪਰ ਉਡਦਾ ਚਲਾ ਜਾ ਰਿਹਾ ਸੀ ਅਤੇ ਅਗੇ ਵਧਦਾ ਜਾ ਰਿਹਾ ਸੀ। ਅਤੇ ਹੇਠਾਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਕੁਦਰਤ ਨੇ ਸਾਫ਼ ਸਫੈਦ ਕਪਾਹ ਦੇ ਢੇਰ ਬਖੇਰ ਰਖੇ ਸਨ। ਪਰ ਇਹ ਬਰਫ਼ ਹੀ ਬਰਫ਼ ਸੀ ਜਿਸ ਸਭ ਕੁਝ ਢਕ ਰਖਿਆ ਸੀ।

ਮੈਂ ਨਾਸ਼ਤਾ ਸਪਲਾਈ ਕਰਨ ਵਾਲੀ ਵੇਟਰ ਤੋਂ ਕਾਫ਼ੀ ਦਾ ਕਪ ਮੰਗਿਆ ਅਤੇ ਨਾਲ ਹੀ ਪੁਛਿਆ ਕਿ ਉਸ ਨੂੰ ਤਨਖਾਹ ਕਿੰਨੀ ਮਿਲਦੀ ਹੈ।

ਜਵਾਬ ਮਿਲਿਆ ਪ੍ਰਤੀ ਟਰਿਪ (ਆਉਣ ਜਾਣ ਦੇ) 45 ਰੂਬਲ ਮਹੀਨੇ ਵਿਚ ਚਾਰ ਟਰਿਪ (ਫੇਰੇ) ਲਗਦੇ ਹਨ, ਦੂਜੇ ਸ਼ਬਦਾਂ ਵਿਚ 180 ਰੂਬਲ ਮਹੀਨਾ ਮਿਲਦੇ।

ਸਾਡਾ ਹਵਾਈ ਜਹਾਜ਼ ਮਾਸਕੋ ਦੇ ਕੋਮਾਂਤਰੀ ਅਡੇ ਤੇ ਪਹੁੰਚ ਗਿਆ। ਉਥੇ ਤਿੰਨ ਸਾਥੀ ਸਾਡੀ ਉਡੀਕ ਕਰ ਰਹੇ ਸਨ। ਇਹ ਸਨ ਸਾਥੀ ਯਾਕੂਨਿਨ, ਸਾਥੀ ਸਿਮਰੋਵ ਅਤੇ ਸਾਥੀ ਪੀਰੋਵ। ਉਹਨਾਂ ਨੇ ਸਾਨੂੰ ਵੇਖਦੇ ਹੀ ਪੁਛਿਆ ਇੰਡੀਅਨ ਡੈਲੀਗੇਸ਼ਨ?

ਅਸੀਂ ਉਤਰ ਦਿਤਾ। ਯੈਸ (ਹਾਂ)

ਉਹ ਸਾਨੂੰ ਹਵਾਈ ਅਡੇ ਤੋਂ ਲੈ ਕੇ ਬਾਹਰ ਨਿਕਲੇ ਤਾਂ ਦੋ ਕਾਰਾਂ ਤਿਆਰ ਖੜੀਆਂ ਸਨ। (ਚਲਦਾ)

---

ਰਖਣਾ ਕਿ ਇਸ ਦਾ ਆਧਾਰ ਸਿਰਫ ਮਾਰਕਸੀ ਪਾਰਟੀ ਦੇ ਸਿਰ ਦੋਸ਼ ਥਪਣਾ ਨਾ ਹੋਵੇ। ਜੈਸਾ ਪ੍ਰਤੱਖ ਸਬੂਤ ਹੈ।

ਡਾ: ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਕਾਹਲ ਵਿਚ ਆ ਕੇ ਅਕਾਲੀਆਂ ਨਾਲ ਜਿਹੜਾ ਸਮਝੌਤਾ ਕੀਤਾ ਸੀ ਉਸ ਦਾ ਹਸ਼ਰ ਜੋ ਹੋਇਆ ਹੈ ਉਹ ਉਨ੍ਹਾਂ ਦੇ ਸਾਹਮਣੇ ਹੈ। ਅਕਾਲੀ ਇਸ ਸਿਆਸਤ ਵਿਚ ਸਫਲ ਰਹੇ ਹਨ। ਇਕ ਧਿਰ ਨੂੰ ਨਾਲ ਰਲਾ ਕੇ ਦੂਜੀ ਦੇ ਵਿਰੁਧ ਵਰਤ ਗਏ ਹਨ। ਨੁਕਸਾਨ ਤੁਹਾਡਾ ਦੋਹਾਂ ਪਾਰਟੀਆਂ ਦਾ ਹੋਇਆ ਹੈ।

ਇਨਕਲਾਬ ਕਿਵੇਂ ਆਵੇ? ਇਹ ਝਗੜਾ ਤੁਹਾਡਾ ਆਪਣਾ ਹੈ ਪਰ ਜਨਤਾ ਅਜੇ ਇਸ ਸਟੇਜ ਤੇ ਨਹੀਂ ਆਈ ਜਿਸ ਦਾ ਰੌਲਾ ਤੁਸਾਂ ਦੋਹਾਂ ਪਾਰਟੀਆਂ ਨੇ ਪਾ ਕੇ ਇਕ ਦੂਜੇ ਦੀ ਮੁਖਾਲਫਤ ਕੀਤੀ। ਇਨਕਲਾਬ ਚਾਹੇ ਕੌਮ ਜਮਹੂਰੀ ਹੋਵੇ ਜਾਂ ਲੋਕ ਜਮਹੂਰੀ ਆਖਰ ਜਨਤਾ ਰਾਹੀਂ ਹੀ ਆਵੇਗਾ ਜਾਂ ਇਕੱਲੀ ਲੀਡਰਸ਼ਿਪ ਹੀ ਲੈ ਆਵੇਗੀ? ਹਰ ਕੋਈ ਇਹੀ ਆਖੇਗਾ ਕਿ ਲੋਕਾਂ ਰਾਹੀਂ ਹੀ ਆਵੇਗਾ।

ਇਨ੍ਹਾਂ ਮਧਕਾਲੀ ਚੋਣਾਂ ਵਿਚ ਦੋਹਾਂ ਪਾਰਟੀਆਂ ਦੇ ਟਕਰਾਉ ਨੇ ਸਮਾਜਵਾਦੀ ਵਿਚਾਰਾਂ ਵਾਲੇ ਸਾਥੀਆਂ ਉਡਕਾਂ ਬੰਦ ਕਰੋ।

ਤੁਹਾਨੂੰ ਵੀ ਆਪਣੀ ਭੁਲ ਸਵੀਕਾਰ ਕਰਨੀ ਹੋਵੇਗੀ। ਲੋਕ ਜਾਣਦੇ ਹਨ। ਹ: ਕਿਸ਼ਨ ਸੁਰਜੀਤ ਅਤੇ ਰਾਮ ਕਿਸ਼ਨ ਭੜੋਲੀਆਂ ਤੁਹਾਡੀ ਗਲਤੀ ਕਾਰਨ ਹਾਰ ਗਏ ਹਨ। ਇਹ ਗਲਤੀ ਨੰਗੀ ਦਿਸ ਰਹੀ ਹੈ ਜਦ ਕਿ ਮਾਰਕਸੀਆਂ ਦੀ ਗਲਤੀ ਅਕਾਲੀ ਸਮਝੌਤੇ ਵਿਚ ਲੁਕ ਗਈ ਹੈ।

ਸੋ ਕੁਝ ਧਿਆਨ ਗੋਚਰੇ ਲਿਆਉਂਦਾ ਹਾਂ।

1, ਤੁਹਾਨੂੰ ਦੋਹਾਂ ਪਾਰਟੀਆਂ ਨੂੰ ਇਕ ਦੂਜੀ ਪਾਰਟੀ ਦੀ ਠੀਕ ਤਾਕਤ ਦਾ ਚੰਗੀ ਤਰ੍ਹਾਂ ਪਤਾ ਹੈ। ਇਸ ਲਈ ਬਿਨਾਂ ਝਿਜਕ ਇਕ ਦੂਜੇ ਨੂੰ ਸਹੀ ਸਮਝੋ।

2. ਤੁਸੀਂ ਉਪਰ ਜਾ ਕੇ ਕਿਵੇਂ ਲੜਾਈ ਲੜੋ ਪਰ ਹੇਠਾਂ ਵਿਚ ਇਕ ਦੂਜੇ ਦਾ ਪੂਰਾ ਸਤਿਕਾਰ ਕਰੋ। ਲੋਕਾਂ ਸਾਹਮਣੇ ਇਕ ਦੂਜੀ ਪਾਰਟੀ ਤੇ ਉਜਾੜ ਲਾਉਣ ਦੀ ਬਜਾਏ ਆਪਣੇ ਮੈਂਬਰਾਂ ਨੂੰ ਆਖੋ ਰਲ ਕੇ ਕੰਮ ਕਰਨ। ਆਮ ਲੋਕ ਅਡ ਅਡ ਪਾਰਟੀਆਂ ਨੂੰ ਅਜੇ ਨਹੀਂ ਜਾਣਦੇ ਇਕ ਪਾਰਟੀ ਦੇ ਵਰਕਰ ਦੇ ਗਲਤ ਕੰਮ ਨਾਲ ਸਾਰੇ ਕਮਿਊਨਿਸਟ ਬਦਨਾਮ ਹੁੰਦੇ ਹਨ।

3. ਸਨਅਤੀ ਅਦਾਰੇ ਵਾਲੇ ਸ਼ਹਿਰਾਂ ਵਲ ਆਪਣਾ ਸਮਾਂ ਵਧ ਦੇਵੋ। ਹਰ ਸਨਅਤੀ ਸ਼ਹਿਰ ਤੋਂ ਚੋਣ ਲੜੀ ਜਾਵੇ।

4. ਜਿਥੇ ਇਕ ਪਾਰਟੀ ਦਾ ਮੈਂਬਰ ਚੋਣ ਲੜੇ ਤਾਂ ਦੂਜੀ ਪਾਰਟੀ ਉਸਦਾ ਡਟਕੇ ਸਮਰਥਨ ਕਰੇ। ਵਿਰੋਧਤਾ ਕਰਨ ਨਾਲ ਉਹ ਪਾਰਟੀ ਆਪ ਵੀ ਉਥੋਂ ਖਤਮ ਹੋਵੇਗੀ।

5. ਦੋਵੇਂ ਪਾਰਟੀਆਂ ਕਮਿਊਨਿਸਟ ਕਾਜ਼ ਲਈ ਕੰਮ ਕਰਨ ਨਾ ਕਿ ਇਕ ਦੂਜੇ ਨੂੰ ਖਤਮ ਕਰਨ ਲਈ। ਜੇ ਤੁਸੀਂ ਇਕ ਦੂਜੇ ਦੇ ਵਿਰੁਧ ਇਸ ਤਰ੍ਹਾਂ ਚਲਦੇ ਰਹੇ ਤਾਂ ਯਾਦ ਰਖੋ ਪੰਜਾਬ ਵਿਚੋਂ ਦੋਵੇਂ ਪਾਰਟੀਆਂ ਖਤਮ ਹੋ ਜਾਵਣਗੀਆਂ। ਲੋਕ ਤੁਹਾਨੂੰ ਇਕਠੇ ਹੋਏ ਵੇਖਣਾ ਚਾਹੁੰਦੇ ਹਨ।

ਆਸਵੰਦ

ਇਕ ਪਾਠਕ,

ਪਿੰਡ ਨਾਰੰਗਵਾਲ/ਨਾਰਮਾਜਰਾ।

ਮੇਰੀ ਸੋਵੀਅਤ ਯਾਤਰਾ—੨

# ਸਰਦੀ ਤਾਂ ਸੀ ਪਰ.......

—ਵੀਰ ਭਾਨ ਭੁਲਰ—

ਹਾਂ, ਅਜੇ ਅਸੀਂ ਹਵਾਈ ਜਹਾਜ਼ ਤੋਂ ਉਤਰੇ ਹੀ ਸਾਂ ਕਿ ਸਰਦੀ ਨੇ ਕੁਝ ਆਪਣਾ ਚਮਤਕਾਰ ਵਿਖਾਇਆ। ਬਰਫ ਪੈ ਰਹੀ ਸੀ, ਪਰ ਜਦੋਂ ਅਸੀਂ ਅੱਡੇ ਦੇ ਅੰਦਰ ਗਏ ਤਾਂ ਸਰਦੀ ਨੇ ਮੂੰਹ ਮੋੜ ਲਿਆ ਤੇ ਫਿਰ ਜਦੋਂ ਬਾਹਰ ਨਿਕਲੇ ਤਾਂ ਉਸ ਨੇ ਆਪਣਾ ਜੋਹਰ ਵਿਖਾਇਆ। ਕਾਰ ਵਿਚ ਬੈਠੇ ਤਾਂ ਸਰਦੀ ਪਰ ਲਾ ਕੇ ਭਜ ਗਈ। ਪਰ ਜਿਧਰ ਨਜ਼ਰ ਦੁੜਾਉ ਬਰਫ ਧਰਤੀ ਦੇ ਸੀਨੇ ਤੇ ਇਸ ਤਰ੍ਹਾਂ ਪਈ ਜਾਪਦੀ ਸੀ ਜਿਵੇਂ ਕੁਦਰਤ ਨੇ ਸਫੈਦ ਦੁਧ ਧੋਤੀਆਂ ਮਖਮਲੀ ਚਾਦਰਾਂ ਵਿਛਾ ਰਖੀਆਂ ਹੋਣ, ਹਾਂ, ਜਿਨ੍ਹਾਂ ਸੜਕਾਂ ਤੇ ਸਾਡੀਆਂ ਕਾਰਾਂ ਦੌੜਦੀਆਂ ਚਲੀਆਂ ਜਾ ਰਹੀਆਂ ਸਨ ਉਥੇ ਬਰਫ ਦਾ ਨਾਂਅ ਨਿਸ਼ਾਨ ਨਹੀਂ ਸੀ ਲਭਦਾ। ਬਰਫ ਸਾਫ ਕਰਨ ਵਾਲੀਆਂ ਮਸ਼ੀਨਾਂ ਦੀ ਕਿਰਪਾ ਸੀ, ਗਰਦ ਗੁਬਾਰ ਦਾ ਤਾਂ ਨਾਂਅ 'ਹੀ ਨਹੀਂ ਸੀ।

ਕਾਰਾਂ ਮਾਸਕੋ ਸ਼ਹਿਰ ਵਲ ਭਜਦੀਆਂ ਜਾ ਰਹੀਆਂ ਸਨ। ਯਕਾ-ਯਕ ਸਾਥੀ ਯਾਕੂਨਿਨ ਨੇ ਸਾਡੇ ਨਾਲ ਹਿੰਦੀ ਵਿਚ ਗਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਸਾਨੂੰ ਬੜੀ ਖੁਸ਼ੀ ਹੋਈ। ਇਸ ਲਈ ਕਿ ਜਦੋਂ ਉਹ ਸੋਸ਼ਲਿਜ਼ਮ ਦੇ ਸਬੰਧ ਵਿਚ ਅਤੇ ਆਪਣੇ ਦੇਸ਼ ਦੇ ਸਬੰਧ ਵਿਚ ਇਹੋ ਜਹੀ ਜ਼ਬਾਨ ਵਿਚ ਜਿਹੜੀ ਅਸੀਂ ਜਾਣਦੇ ਹਾਂ ਦਸਣਗੇ ਤਾਂ ਸਾਨੂੰ ਕਾਫੀ ਲੁਤਫ ਆਵੇਗਾ। ਇਹ ਗਲ ਵਰਨਣ ਯੋਗ ਹੈ ਕਿ ਇਹ ਸਾਥੀ ਭਾਰਤ ਆ ਚੁਕੇ ਸਨ ਅਤੇ ਰਹਿ ਚੁਕੇ ਸਨ। ਉਹ ਹੁਣ ਵਿਥੇ ਕੋਮਾਂਤਰੀ ਵਿਭਾਗ ਵਿਚ ਕੰਮ ਕਰਦੇ ਹਨ। ਅਤੇ ਹੋਰ ਦੂਜੇ ਬਾਹਰਲੇ ਦੇਸ਼ਾਂ ਬਾਰੇ ਚੋਖੀ ਵਾਕਫੀਅਤ ਰਖਦੇ ਹਨ।

ਉਹ ਕਾਰ ਵਿਚ ਹੀ ਦਸ ਰਹੇ ਸਨ—ਇਹ ਗੋਰਕੀ ਸਟ੍ਰੀਟ ਹੈ, ਬਾਹਰ ਗੋਰਕੀ ਦਾ ਬੁਤ 'ਆਪਣੀਆਂ' ਸ਼ਾਨਾਂ ਵਿਖਾ ਰਹੀ ਸੀ।

ਇਹ ਮਾਸਕੋ ਦਰਿਆ ਹੈ। ਉਹ ਵੇਖੋ ਲੋਕ ਮੱਛੀਆਂ ਫੜ ਰਹੇ ਹਨ। ਸਰਦੀ ਕੋਈ ਬਹੁਤੀ ਨਹੀਂ। ਛੁਟੀ ਦੇ ਦਿਨ ਲੋਕ ਸ਼ੋਕ ਪੂਰਾ ਕਰਦੇ ਹਨ। ਮਾਸਕੋ ਦਰਿਆ ਦਾ ਪਾਣੀ ਅਜੇ ਜੰਮਿਆ ਨਹੀਂ ਸੀ।

ਅਸੀਂ ਪੁਛਿਆ ਮੱਛੀਆਂ ਫੜਨ ਦਾ ਲਸੰਸ ਲੈਣਾ ਪੈਂਦਾ ਹੋਵੇਗਾ। ਜੁਆਬ ਮਿਲਿਆ ਕੋਈ ਲਸੰਸ ਨਹੀਂ ਹੈ। ਲੋਕ ਸ਼ੋਕ ਫਰਮਾਂਦੇ ਹਨ। ਮੱਛੀਆਂ ਫੜਦੇ ਹਨ, ਖਾਂਦੇ ਹਨ, ਮੌਜਾਂ ਉਡਾਂਦੇ ਹਨ। "ਇਹ ਵੀ ਖੂਬ........"

ਸਾਡੀ ਗਲ ਟੋਕਦੇ ਹੋਏ ਸਾਥੀ ਨੇ ਕਿਹਾ—"ਜੇ ਗਰਮੀਆਂ ਵਿਚ ਆਉਂਦੇ ਤਾਂ ਹੋਰ ਵੀ ਲੁਤਫ ਉਠਦੇ ਅਤੇ ਚਾਰੇ ਪਾਸੇ ਹਰਿਆਵਲ ਹੀ ਪਾਉਂਦੇ।"

ਅਸੀਂ ਕਿਹਾ "ਜੇ ਗਰਮੀਆਂ ਵਿਚ ਆਉਂਦੇ ਤਾਂ ਜੋ ਨਜ਼ਾਰੇ ਅੱਜ ਵੇਖ ਰਹੇ ਹਾਂ, ਉਹ ਗਰਮੀਆਂ ਵਿਚ ਥੋੜੀਂ ਸਨ ਮਿਲਦੇ।" ਨਾਲੇ ਜਦੋਂ ਤੁਸੀਂ ਬੁਲਾਇਆ ਅਸੀਂ ਆ ਗਏ। "ਮਜ਼ਾ ਤਾਂ ਉਸੀ ਮੇਂ ਹੈ ਜੋ ਮਜ਼ਾਜੇ ਯਾਰ ਮੇਂ ਆਏ।"

ਇਹ ਠੀਕ ਹੈ ਕਿ ਬਰਫਬਾਰੀ ਕਾਰਨ ਐਵਰ ਗਰੀਨ ਦਰਖਤਾਂ ਤੋਂ ਬਿਨਾ ਸਾਰੇ ਦਰਖਤਾਂ ਦੇ ਪਤੇ ਸੁਕ ਗਏ ਸਨ ਪਰ ਫਿਰ ਵੀ ਇਹ ਅਨੁਮਾਨ ਲਗ ਹੀ ਸਕਦਾ ਸੀ ਕਿ ਬਸੰਤ-ਰੁਤ ਕੀ ਨਜ਼ਾਰੇ ਬਖਸ਼ਦੀ ਹੋਵੇਗੀ।

ਰਾਹ ਵਿਚ ਅਸੀਂ ਕੁਝ ਫਲੈਟਾਂ ਉਤੇ ਲਾਲ ਝੰਡੇ ਵੇਖੇ। ਅਸੀਂ ਪੁਛਿਆ ਕਿ "ਇਹ ਲਾਲ ਝੰਡੇ ਕਿਉਂ ਲਾਏ ਗਏ ਹਨ।"

ਸਾਥੀ ਨੇ ਉਤਰ ਦਿਤਾ: "ਪੰਜ ਦਸੰਬਰ ਨੂੰ ਦੇਸ਼ ਭਰ ਵਿਚ ਵਿਧਾਨ ਦਾ ਦਿਨ (ਜਿਹੜਾ ਵਿਧਾਨ 1936 ਵਿਚ ਪਾਸ ਕੀਤਾ ਗਿਆ ਸੀ) ਮਨਾਇਆ ਜਾਂਦਾ ਹੈ। ਇਸ ਦਿਨ ਸਾਰੇ ਦੇਸ਼ ਵਿਚ ਛੁਟੀ ਹੁੰਦੀ ਹੈ। ਇਸ ਵਾਰ ਤਿੰਨ ਛੁਟੀਆਂ ਇਕਠੀਆਂ ਆਈਆਂ ਹਨ। ਖਾਣ-ਪੀਣ ਦੀਆਂ ਚੀਜ਼ਾਂ ਦੇ ਕੇਂਦਰਾਂ ਤੋਂ ਬਿਨਾ ਸਭ ਕਾਰੋਬਾਰ, ਫੈਕਟਰੀਆਂ ਤੇ ਦਫਤਰ ਬੰਦ ਰਹਿਣਗੇ।"

ਉਸ ਤੋਂ ਪਿਛੋਂ ਅਸੀਂ ਵੇਖਿਆ ਮਾਸਕੋ ਲਾਲ ਲਾਲ ਹੋ ਗਿਆ, ਰਾਤ ਨੂੰ ਤਾਂ ਮਾਸਕੋ ਸਤਾਰਿਆਂ ਦਾ ਸ਼ਹਿਰ ਨਜ਼ਰ ਆਉਂਦਾ ਹੈ। (ਚਲਦਾ)

---

## ਬੋਲਦੇ ਹਨ

ਅੰਕੜੇ ਪਰਕਾਸ਼ਤ ਕੀਤੇ ਜਾਂਦੇ ਹਨ ਉਹ ਕਾਂਗਰਸੀ ਹਾਕਮਾਂ ਨੂੰ ਤਾਂ ਸੰਤੁਸ਼ਟ ਕਰ ਸਕਦੇ ਹਨ ਪਰ ਨੈਸ਼ਨਲ ਸੈਂਪਲ ਸਰਵੇ ਦੀ ਰੀਪੋਰਟ ਜਾਂ ਇਸ ਤਰ੍ਹਾਂ ਦੇ ਹੋਰ ਅੰਕੜੇ ਇਸ ਦਾ ਭਾਂਡਾ ਭੰਨ ਦੇਂਦੇ ਹਨ।

ਕਾਂਗਰਸੀ ਹਾਕਮ ਦੇਸ਼ ਦੀ ਤਰਕੀ ਤੇ ਲੋਕਾਂ ਦੀ ਖੁਸ਼ਹਾਲੀ ਤੇ ਜਿਨੇ ਮਰਜ਼ੀ ਦਾਅਵੇ ਕਰਨ ਪਰ ਇਸ ਸਰਵੇ ਦੀ ਰੀਪੋਰਟ ਵਿਚ ਦਸਿਆ ਗਿਆ ਹੈ ਕਿ ਅਜਿਹੇ ਲੋਕਾਂ ਦੀ ਗਿਣਤੀ ਜਿਨਾਂ ਦਾ ਰੋਜ਼ਾਨਾ ਖਰਚ ਇਕ ਰੁਪਏ ਤੋਂ ਵੀ ਘਟ ਹੈ 1952 ਤੋਂ ਪਿਛੋਂ ਕੋਈ ਕਮੀ ਨਹੀਂ ਕੀਤੀ ਗਈ ਅਤੇ ਇਹਨਾਂ ਦਾ ਤਨਾਸਬ ਵਸੋਂ ਵਿਚ ਲਗ ਭਗ ਅਸੀ ਫੀ ਸਦੀ ਹੈ।

ਭਾਰਤ ਵਿਚ ਗਰੀਬੀ ਦੀ ਇਹ ਤਸਵੀਰ 1963-64 ਦੀ ਹੈ ਜਦੋਂ ਕਿ ਕਾਂਗਰਸੀ ਹਾਕਮਾਂ ਦੀ "ਵਿਉਂਤਬੰਦੀ" ਭਾਵੇਂ ਉਹ ਕਿਹੋ ਜਹੀ ਸੀ ਦਾ ਸਿਲ-ਸਲਾ ਜਾਰੀ ਸੀ। ਪਰ ਹੁਣ ਜਦੋਂ ਕਿ ਵਿਉਂਤਬੰਦੀ ਨੂੰ ਪੂਰੀ ਤਰ੍ਹਾਂ ਤਲਾਂਜਲੀ ਦੇ ਦਿਤੀ ਗਈ ਹੈ, ਸ ਥਤੀ ਕੀ ਹੋਵੇਗੀ, ਇਸ ਦਾ ਅਨੁਮਾਨ ਲਾਉਣਾ ਕਠਨ ਨਹੀਂ ਕੀ ਅਜੇ ਵੀ ਕਾਂਗਰਸੀ ਹਾਕਮ ਲੋਕਾਂ ਦੀ ਤਰਕੀ ਤੇ ਖੁਸ਼ਹਾਲ ਦੇ ਦਾਅਵੇ ਕਰਦੇ ਰਹਿਣਗੇ?

---

ਆਰਥਕ ਮੰਦਹਾਲੀ ਤੋਂ ਨਿਜਾਤ

—ਜਗਜੀਤ ਸਿੰਘ ਆਨੰਦ

ਮੇਰੀ ਸੋਵੀਅਤ ਯਾਤਰਾ—੩

# ਜਦੋਂ ਅਸੀਂ ਜੁਝਾਰ ਇਨਕਲਾਬੀਆਂ ਨੂੰ ਮਿਲੇ

—ਵੀਰ ਭਾਨ ਭੁਲਰ—

ਆਖਰ ਸਾਡੀਆਂ ਕਾਰਾਂ ਇਕ ਵਡੀ ਇਮਾਰਤ ਦੇ ਅਗੇ ਆ ਕੇ ਰੁਕੀਆਂ ਵਡੇ ਫਾਟਕ ਦੁਆਰਾ ਅਸੀਂ ਅੰਦਰ ਦਾਖਲ ਹੋ ਗਏ। 6 ਮੰਜ਼ਲ ਬਿਲਡਿੰਗ 600 ਕਮਰੇ । ਹਰ ਕਮਰੇ ਵਿਚ ਬਿਸਤਰਾ, ਮੇਜ਼ ਕੁਰਸੀ, ਟੈਲੀਫੋਨ, ਰੇਡੀਉ, ਹਰ ਦਾਲਾਨ ਵਿਚ ਟੈਲੀਵੀਜ਼ਨ ਸੈਟ, ਲਾਇਬਰੇਰੀ, ਖੇਡਣ ਕੁਦਣ ਦਾ ਸਾਮਾਨ ਤੇ ਸਿਨੇਮਾ ਹਾਲ; ਸਟਾਲ; ਸ਼ੇਵਿੰਗ ਸ਼ਾਪ, ਕਪੜੇ ਸਾਫ ਕਰਨ ਦਾ ਪ੍ਰਬੰਧ, ਲੈਟਰ ਬਕਸ ਤੇ ਡਿਸਪੈਂਸਰੀ, ਡਾਕਟਰ । ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਕਿਨਾ ਸ਼ਾਨਦਾਰ ਸੀ ਇਹ ਹੋਟਲ।

ਕਮਰੇ ਅਲਾਟ ਹੋ ਗਏ । ਸਾਡਾ ਸਾਮਾਨ ਵੀ ਪਹੁੰਚ ਗਿਆ । ਅਸੀਂ ਸਾਮਾਨ ਰਖ ਕੇ ਇਕ ਨਿਕੇ ਜਿਹੇ ਕਮਰ ਵਿਚ ਖੜੇ ਹੋ ਗਏ, ਬਟਨ ਦਬਾਇਆ ਹੁਣ ਅਸੀਂ ਤੀਜੀ ਮੰਜ਼ਲ ਤੇ ਸੀ; ਇਹ ਸੀ ਲਿਫ਼ਟ, ਜੋ ਕੁਝ ਸੈਕੰਡਾਂ ਵਿਚ ਹੇਠਾਂ ਤੋਂ ਉਤੇ ਅਤੇ ਉਤੇ ਤੋਂ ਹੇਠਾਂ ਪਹੁੰਚਾਂਦੀ ਹੈ।

ਅਸੀਂ ਆਪਣੇ ਆਪਣੇ ਕਮਰੇ ਵਿਚ ਸਾਮਾਨ ਰਖਿਆ । ਮੇਜ਼ ਤੇ ਇਕ ਹਦਾਇਤ ਨਾਮਾ ਮਿਲਿਆ। ਇਸ ਤੇ ਹੋਰ ਗਲਾਂ ਤੋਂ ਉਪਰੰਤ ਸਾਡੇ ਕਮਰੇ ਦਾ ਟੈਲੀਫੋਨ ਨੰਬਰ ਵੀ ਲਿਖਿਆ ਹੋਇਆ ਸੀ। ਕਪੜੇ ਸਾਫ ਕਰਵਾਉਣੇ ਹੋਣ, ਜੁਤੀ ਮੁਰੰਮਤ ਕਰਵਾਉਣੀ ਹੋਵੇ, ਸ਼ੇਵ ਬਣਵਾਉਣੀ ਹੋਵੇ ਜਾਂ ਕਿਸੇ ਹੋਰ ਚੀਜ਼ ਦੀ ਲੋੜ ਹੋਵੇ, ਕੰਧ ਵਿਚ ਲਗੀ ਘੰਟੀ ਵਜਾਓ ਵੇਟਰ ਆ ਜਾਵੇਗੀ—ਉਸ ਦੀ ਸਹਾਇਤਾ ਨਾਲ ਹਰ ਕੰਮ ਕਰਵਾ ਸਕਦੇ ਹੋ।

ਮੇਜ਼ ਦੀ ਦਰਾਜ਼ ਖੋਲ੍ਹੀ ਤਾਂ ਉਸ ਵਿਚ ਕਾਰਡ, ਲਫਾਫੇ, ਸਫੇਦ ਕਾਗਜ਼, ਫਾਈਲ, ਨੋਟ ਬੁਕ, ਪਿੰਸਲ ਆਦਿ ਚੀਜ਼ਾਂ ਪਈਆਂ ਸਨ। ਮੇਜ਼ ਤੇ ਮਿਨਰਲ ਵਾਟਰ, ਲੈਮਨ ਦੀਆਂ ਬੋਤਲਾਂ, ਚਾਬੀ, ਪਾਣੀ ਦਾ ਜਗ, ਦੋ ਗਲਾਸ ਇਕ ਤਸ਼ਤਰੀ ਵਿਚ ਪਏ ਸਨ । ਫਰਸ਼ ਤੇ ਗਲੀਚਾ ਵਿਛਿਆ ਸੀ। ਗਦੇਲੇ ਦਾਰ ਬਿਸਤਰਾ ਮਿਲ ਗਿਆ । ਮਖਮਲੀ ਪਰਦਾ ਚੁਕ ਕੇ ਬਾਹਰ ਵੇਖਿਆ ਤਾਂ ਸਾਹਮਣੇ ਸੜਕ ਦੇ ਕੰਢੇ ਬਚੇ ਬਰਫ ਤੇ ਚਲਦੇ ਖੇਲ-ਕੁਦ ਰਹੇ ਸਨ।

ਤਿੰਨ ਛੁਟੀਆਂ ਸਨ, ਅਗਲਾ ਪਰੋਗਰਾਮ ਛੁਟੀਆਂ ਤੋਂ ਪਿਛੋਂ ਹੀ ਬਣਨਾ ਸੀ। ਖਾਣਾ ਖਾਣ ਤੋਂ ਪਿਛੋਂ ਅਸੀਂ ਸਾਰੇ ਸਿਵਾਏ ਆਪਣੇ ਭਾਰਤੀ ਰੰਗ ਦੇ ਅਸੀਂ ਸੋਵੀਅਤ ਸ਼ਹਿਰੀਆਂ ਵਰਗੇ ਬਣ ਗਏ। ਬੂਟ ਤੇ ਸੂਟ ਅਤੇ ਗਰਮ ਕੋਟ ਤੇ ਗਰਮ ਟੋਪ ਪਾ ਲਏ । ਸਾਥੀ ਸਿਮਰਨੋਵ ਨੇ ਕਿਹਾ "ਹੁਣ ਤਾਂ ਤੁਸਾਨੂੰ ਗਰਮ ਕਰ ਦਿਤਾ ਹੈ, ਹੁਣ ਸਰਦੀ ਕਿਥ ਰਹੇਗੀ।"

ਫਿਰ ਜਿਥੇ ਵਡੇ ਵਡੇ ਜੁਝਾਰ ਇਨਕਲਾਬੀਆਂ ਨਾਲ ਗਲਬਾਤ ਹੁੰਦੀ ਹੈ ਉਥੇ ਸਰਦੀ ਕਿਥੇ ਰਹਿੰਦੀ ਹੈ?

ਇਸ ਇਕ ਹੀ ਇਮਾਰਤ ਵਿਚ ਵਿਸ਼ਾਲ ਹੋਟਲ ਦੀ ਇਕ ਆਪਣੀ ਹੀ ਦੁਨੀਆਂ ਸੀ। ਅਸੀਂ ਭਾਰਤੀ ਸਾਂ । ਇਥੇ ਵਕਤ-ਬੇਵਕਤ ਸਾਡੀ ਹਰ ਲੋੜ ਪੂਰੀ ਕੀਤੀ ਗਈ। ਕਮਰੇ ਦੀ ਵੇਟਰ ਤੋਂ ਖਾਣਾ ਖੁਆਣ ਵਾਲੀਆਂ ਵੇਟਰਾਂ ਤਕ ਅਤੇ ਮੈਨੇਜਰ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ ਘੱਟ ਹੈ। ਇਸ ਦੇ ਬਾਵਜੂਦ ਬੋਲੀ ਸਮਝਣ ਵਿਚ ਮੁਸ਼ਕਲ ਆਉਂਦੀ ਸੀ। ਪਰ ਇਸ਼ਾਰਿਆਂ ਇਸ਼ਾਰਿਆਂ ਵਿਚ ਇਕ ਦੂਜੇ ਦੀ ਗਲ ਸਮਝ ਆ ਜਾਂਦੀ ਸੀ, ਜਾਂ ਇੰਟਰ ਪਰੇਟਰ ਦੀ ਮਦਦ ਨਾਲ ਕੰਮ ਚਲ ਜਾਂਦਾ।

ਸਾਡੇ ਡੈਲੀਗੇਸ਼ਨ ਨੇ ਮਾਸਕੋ, ਲੈਨਿਨਗਰਾਡ, ਵਾਲਗਾਗਰਾਡ, ਉਸ ਦੇ ਨੇੜੇ ਚਿਰਚਕ ਜੋ ਕਿ ਬਹੁਤ ਵਡਾ ਸਨਅਤੀ ਕੇਂਦਰ ਸੀ, ਤਾਜਿਕਸਤਾਨ ਵਿਚ ਦੋ ਸ਼ੈਂਭੇ, ਅਤੇ ਇਸ ਤੋਂ ਉਪਰੰਤ ਹਿਸਾਰ ਵੈਲੀ ਤੇ ਪਹਾੜਾਂ ਵਿਚ ਨੌਰਖ ਦਾ ਦੌਰਾ ਕੀਤਾ । ਨੌਰਖ ਵਿਚ ਇਕ ਬਹੁਤ ਵਡਾ ਡੈਮ ਬਣਾਇਆ ਜਾ ਰਿਹਾ ਹੈ ਜੋ ਕੇਂਦਰੀ ਏਸ਼ੀਆ ਤੋਂ ਉਪਰੰਤ ਅਫਗਾਨਿਸਤਾਨ ਨੂੰ ਵੀ ਬਿਜਲੀ ਮੁਹਈਆ ਕਰੇਗਾ ਅਤੇ ਖੇਤਾਂ ਦੀ ਸਿੰਜਾਈ ਲਈ ਪਾਣੀ ਪਰਦਾਨ ਕਰੇਗਾ।

---

## ਅਮਰੀਕੀ ਇਜਾਰੇਦਾਰਾਂ ਦਾ ਜਾਪਾਨ ਉਤੇ ਦਬਾਅ

# ਬਰਾਮਦਾਂ ਉਤੇ ਪਾਬੰਦੀਆਂ ਖਤਮ ਕਰਨ ਦੀ ਮੰਗ

ਅਮਰੀਕਾ ਨੇ ਨਵੇਂ ਸਾਲ ਦੇ ਆਰੰਭ ਉਤੇ ਅਮਰੀਕੀ ਬਰਾਮਦਾਂ ਲਈ ਜਾਪਾਨੀ ਆਰਥਕਤਾ ਦੇ ਬੂਹਿਆਂ ਨੂੰ ਹੋਰ ਵਧੇਰੇ ਚੌੜਾ ਕਰਨ ਦੀ ਇਕ ਤਾਜ਼ਾ ਕੋਸ਼ਸ਼ ਕੀਤੀ ਹੈ। ਜਾਪਾਨ ਦੀ ਬਾਹਰਲੀ ਤਜਾਰਤ ਦੀਆਂ ਪਾਬੰਦੀਆਂ ਨੂੰ ਨਰਮ ਬਨਾਉਣ ਦੇ ਸੁਆਲ ਬਾਰੇ ਟੋਕੀਓ ਵਿਚ ਦੋ ਦਿਨ ਗਲਬਾਤ ਕੀਤੀ ਗਈ। ਸਚ ਤਾਂ ਇਹ ਹੈ ਕਿ ਅਮਰੀਕਾ ਜਾਪਾਨ ਵਿਚ ਅਮਰੀਕੀ ਸਾਮਾਨ ਤੇ ਪੂੰਜੀ ਦੇ ਰਾਹ ਵਿਚ ਅਖੀਰੀ ਰੁਕਾਵਟਾਂ ਨੂੰ ਉਡਾਉਣਾ ਚਾਹੁੰਦਾ ਹੈ।

ਅਮਰੀਕ ਪ੍ਰਤੀਨਿਧ ਮੰਡਲ ਨੇ ਇਹ ਤਜਵੀਜ਼ ਪੇਸ਼ ਕੀਤੀ ਕਿ ਜਾਪਾਨ ਵਿਚ ਵਖ ਵਖ ਜ਼ਰਾਇਤੀ ਉਪਜਾਂ, ਚਮੜੇ ਦੇ ਸਾਮਾਨ, ਕੰਪੂਟਿੰਗ ਮਸ਼ੀਨਾਂ ਅਤੇ ਸਾਜ਼-ਸਾਮਾਨ, ਵਡ ਆਕਾਰ ਵਾਲੇ ਜੈਨਰੇਟਰ, ਹਵਾਈ ਜਹਾਜ਼ ਤੇ ਰਾਡਾਰ ਬਚਾਉਵਾਦੀ ਨੀਤੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

### ਦਬਾਅ

ਜਾਪਾਨ ਵਿਚ ਕੁਝ ਰਿਆਇਤਾਂ ਪਰਾਪਤ ਕਰਨ ਲਈ ਅਮਰੀਕਨਾਂ ਨੇ

**ਅਮਰੀਕਨਾਂ ਨੂੰ ਖਾਲੀ ਹੱਥ ਪਰਤਣਾ ਪਿਆ**

ਕਿਉਂ ਜੋ ਅਮਰੀਕਾ ਦੀ ਰਾਏ ਵਿਚ ਇਹ ਪ੍ਰਤੀਬਿੰਬਨ ਅਮਰੀਕੀ ਡਾਲਰ ਅਤੇ ਪਰਮਾਣੂ ਛਤਰੀ ਦੇ ਅਧੀਨ ਇਕ ਵਡੀ ਆਰਥਕ ਤਾਕਤ ਦੀ ਹੈਸੀਅਤ ਵਜੋਂ ਜਾਪਾਨ ਦੇ ਰੁਤਬੇ ਨਾਲ ਮੇਲ ਨਹੀਂ ਖਾਂਦੀ।" ਇਹਨਾਂ ਹਲਕਿਆਂ ਅਨੁਸਾਰ "ਪਾਬੰਦੀਆਂ ਦੀ ਕਾਇਮੀ ਅਮਰੀਕਾ ਅਤੇ ਜਾਪਾਨ ਵਿਚਾਲੇ ਵਧੇਰੇ ਆਰਥਕ ਸਬੰਧਾਂ ਲਈ ਲਾਹੇਵੰਦ ਸਿਧ ਨਹੀਂ ਹੋਵੇਗੀ।"

ਜਾਪਾਨੀ ਅਖਬਾਰਾਂ ਨੇ ਬੜੇ ਸਭਿਅਕ ਤੇ ਸਾਊ ਢੰਗ ਨਾਲ ਇਸ ਦਬਾਅ ਦੀ ਨਿਖੇਧੀ ਕੀਤੀ। ਉਦਾਹਰਣ ਵਜੋਂ ਮੈਨੀਚੀ ਨੇ ਇਸ ਗਲਬਾਤ ਵਿਚ ਅਮਰੀਕੀ ਦ੍ਰਿਸ਼ਟੀਕੋਨ ਨੂੰ ਜਾਪਾਨ ਦੀ ਤਜਾਰਤੀ ਨੀਤੀ ਦੇ ਵਿਰੁਧ "ਸੰਪੂਰਨ ਜੰਗ ਦਾ ਐਲਾਨ" ਕਰਾਰ ਦਿਤਾ। ਜਿਸ

ਮੇਰੀ ਸੋਵੀਅਤ ਯਾਤਰਾ–੪

# ਕਿੰਨਾ ਪਿਆਰ ਹੈ ਉਹਨਾਂ ਦੇ ਦਿਲਾਂ ਵਿੱਚ

—ਵੀਰ ਭਾਨ ਭੁਲਰ—

ਵਾਲਗੋਗਰਾਡ ਤੋਂ ਸਾਨੂੰ ਰੇਲ ਗਡੀ ਵਿਚ 24 ਘੰਟੇ ਦਾ ਸਫਰ ਕਰਨਾ ਪਿਆ। ਇਸ ਤਰ੍ਹਾਂ ਸਾਨੂੰ ਸੋਵੀਅਤ ਯੂਨੀਅਨ ਦੇ ਹੋਰ ਵੀ ਬਹੁਤ ਸਾਰੇ ਇਲਾਕੇ ਵੇਖਣ ਦਾ ਮੌਕਾ ਮਿਲ ਗਿਆ। ਕਈ ਮਜ਼ਦੂਰ ਕੇਂਦਰ ਰਾਹ ਵਿਚ ਵੀ ਸਨ। ਫੈਕਟਰੀਆਂ ਉਤੇ ਲਾਲ ਝੰਡੇ ਵਿਖਾਈ ਦੇਂਦੇ ਸਨ।

ਵੋਲਗਾਗਰਾਡ ਤੋਂ ਸਾਨੂੰ ਮਾਸਕੋ ਵਾਪਸ ਆਉਣਾ ਪਿਆ। ਉਥੋਂ ਅਸੀਂ ਅਗਲੀ ਸਫਰ ਤਾਸਕੰਦ ਲਈ ਰਵਾਨਾ ਹੋਏ। ਹਵਾਈ ਜਹਾਜ਼ ਨੂੰ ਤਾਸ਼ਕੰਦ ਜਾਂਦੇ ਹੋਏ ਰਾਹ ਵਿਚ ਰਾਸਟੋਫ ਹਵਾਈ ਅਡੇ ਤੇ ਉਤਰਨਾ ਪਿਆ। ਸਾਨੂੰ ਪਹਿਲੀ ਵਾਰ ਸਰਦੀ ਦਾ ਮਜ਼ਾ ਮਹਿਸੂਸ ਹੋਇਆ।

ਇਸ ਦੌਰੇ ਵਿਚ ਸਾਥੀ ਐਗਰਬਤਾਨੋਵ ਸਾਡੇ ਨਾਲ ਸਨ ਜੋ ਕਿ ਬੜੇ ਹੀ ਖੁਸ਼ ਦਿਲ, ਹਰੇਮੇ ਵਾਲੇ, ਅਤੇ ਮਿਲਣਸਾਰ ਸਨ। ਉਹ ਭਾਰਤ ਵਿਚ ਰਹਿ ਕੇ ਪਛੜੀਆਂ ਜਾਤੀਆਂ ਖਾਸ ਕਰ ਹਰੀਜਨਾਂ ਦੇ ਮਸਲੇ ਤੇ ਖੋਜ ਕਰਦੇ ਰਹੇ ਹਨ ਅਤੇ ਹੁਣ ਵੀ ਦਿਲਚਸਪੀ ਰਖਦੇ ਹਨ।

ਜਿਥੇ ਕਿਤੇ ਵੀ ਅਸੀਂ ਗਏ, ਸਥਾਨਕ ਸਾਥੀਆਂ ਨੇ ਸਾਡੀ ਇਜ਼ਤ ਅਫਜ਼ਾਈ ਕੀਤੀ। ਆਮ ਸੋਵੀਅਤ ਲੋਕਾਂ ਨੂੰ ਜਦੋਂ ਪਤਾ ਲਗਦਾ ਕਿ ਅਸੀਂ ਭਾਰਤੀ ਹਾਂ ਤਾਂ ਉਹ ਸਾਡੇ ਲਈ ਹਦੋਂ ਵਧ ਸਨਮਾਨ, ਸਤਿਕਾਰ ਤੇ ਪਿਆਰ ਪ੍ਰਗਟ ਕਰਦੇ।

ਤਾਸ਼ਕੰਦ, ਜੋ ਕਿ ਉਜ਼ਬੇਕਿਸਤਾਨ ਦੀ ਰਾਜਧਾਨੀ ਹੈ, ਵਿਚ ਅਸੀਂ ਇਕ ਕਪੜਾ ਫੈਕਟਰੀ ਵਿਚ ਗਏ। ਉਥੇ ਕੰਮ ਕਰਨ ਵਾਲਿਆਂ ਵਿਚ ਅਸੀਂ ਨਬੇ ਫੀਸਦੀ ਔਰਤਾਂ ਹਨ। ਰੂੰ ਬਨਾਉਣ, ਕਤਨ, ਕਪੜਾ ਬਨਾਉਣ, ਧੁਆਈ, ਸੁਕਾਈ, ਛਪਾਈ ਤੋਂ ਪਿਛੋਂ ਕਪੜਾ ਥਾਨ ਬਣ ਕੇ ਬਾਹਰ ਨਿਕਲਦਾ ਹੈ।

ਅਸੀਂ ਇਕ ਸਕੂਲ ਵੇਖਣ ਚਲੇ ਗਏ ਜਿਸ ਵਿਚ 1800 ਲੜਕੀਆਂ ਵਿਚੋਂ 1200 ਹਿੰਦੀ ਪੜ੍ਹਦੀਆਂ ਸਨ। ਉਹਨਾਂ ਨੇ ਸਾਨੂੰ ਗਾਣੇ ਵੀ ਸੁਣਾਏ ਤੇ ਭਾਰਤੀ ਨ੍ਰਿਤ ਵੀ ਵਿਖਾਇਆ। ਲੜਕੀਆਂ ਤੋਂ ਸੁਆਲ ਪੁਛੇ ਤਾਂ ਹਿੰਦੀ ਵਿਚ ਉਹਨਾਂ ਨੇ ਉਤਰ ਦਿਤੇ। ਇੰਦਰਾ ਗਾਂਧੀ ਭਾਰਤ ਕੀ ਪਰਧਾਨ ਮੰਤਰੀ ਹੈਂ, ਰਾਜਕਪੂਰ ਕੇ ਗਾਣੇ ਅਛੇ ਲਗਤੇ ਹੈਂ, ਭਾਰਤ ਕੇ ਨਾਚ ਗਾਣੇ ਹਮੇਂ ਪਿਆਰੇ ਲਗਤੇ ਹੈਂ—ਆਦਿ।

ਯੂਨੀਵਰਸਿਟੀ ਵਿਚ ਗਏ ਤਾਂ ਉਥੇ ਸਾਨੂੰ ਇਹ ਪਤਾ ਲਗਾ ਕਿ ਇਕ ਭਾਰਤੀ ਲੜਕੇ ਨੇ ਵੀ ਅਹਿਮ ਥੀਸਸ ਲਿਖ ਕੇ ਸਫਲਤਾ ਹਾਸਲ ਕੀਤੀ ਹੈ।

ਮਾਸਕੋ, ਲੈਨਿਨ ਗਰਾਡ, ਵਾਲਗੋਗਰਾਡ ਵਿਚ ਵੀ ਸਾਨੂੰ ਅਜਿਹੇ ਭਾਰਤੀ ਵਿਦਿਆਰਥੀ ਮਿਲੇ ਜੋ ਵਖ ਵਖ ਯੂਨੀਵਰਸਿਟੀਆਂ ਵਿਚ ਅਤੇ ਟੈਕਨੀਕਲ ਸਕੂਲਾਂ ਤੇ ਕਾਲਜਾਂ ਵਿਚ ਵਿਦਿਆ ਹਾਸਲ ਕਰ ਰਹੇ ਸਨ। ਇਸੇ ਤਰ੍ਹਾਂ ਕਈ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੇ ਵੀ ਸਾਨੂੰ ਦਸਿਆ ਕਿ ਅਸੀਂ ਇਧਰ ਚੰਗੀ ਵਿਦਿਆ ਪਾ ਰਹੇ ਹਾਂ।

ਉਜ਼ਬੇਕਿਸਤਾਨ ਤੇ ਤਾਜਿਕਸਤਾਨ ਦੀ ਤਾਰੀਖ, ਖਾਣੇ ਦੇ ਕਈ ਸ਼ਬਦ ਸਾਡੇ ਨਾਲ ਮਿਲਦੇ ਜੁਲਦੇ ਹਨ। ਉਹ ਆਪਣੇ ਆਪ ਨੂੰ ਭਾਰਤ ਦਾ ਗੁਆਂਢੀ ਤੇ ਕਰੀਬੀ ਸਮਝਦੇ ਹਨ। ਚਿਰਚਕ ਵਿਚ ਸਾਡਾ ਸੁਆਗਤ ਹਿੰਦ-ਰੂਸ ਮਿਤਰਤਾ ਸੁਸਾਇਟੀ ਦੇ ਪ੍ਰਧਾਨ ਹੈਦਰ ਨੇ ਕੀਤਾ। ਫੈਕਟਰੀ ਵਿਚ ਗਏ ਤਾਂ ਉਥੇ ਉਸ ਨੇ ਸਾਡਾ ਸੁਆਗਤ ਡਾਇਰੈਕਟਰ ਵਜੋਂ ਕੀਤਾ। ਫੈਕਟਰੀ ਬਾਰੇ ਦਸਣ ਤੋਂ ਪਿਛੋਂ ਉਸ ਸਾਨੂੰ ਖਾਣਾ ਪੇਸ਼ ਕੀਤਾ। ਫਿਰ ਉਹਨਾਂ ਨੇ ਸਾਨੂੰ ਵਰਕਰਾਂ ਨੂੰ ਮੁਹਈਆ ਕੀਤੀਆਂ ਜਾ ਰਹੀਆਂ ਦੂਜੀਆਂ ਸਹੂਲਤਾਂ ਵਿਖਾਈਆਂ, ਜਿਹਨਾਂ ਵਿਚ ਹਸਪਤਾਲ, ਖੇਡ-ਕੁਦ, ਸਿਨਮਾ, ਥੀਏਟਰ ਤੇ ਹੋਰ ਸਹੂਲਤਾਂ ਸ਼ਾਮਲ ਹਨ।

---

ਖਾਸ ਦਿਨ ਨਿਯਤ ਕਰਕੇ ਪੈਦਾ ਕੀਤੀ ਫਸਲ ਕਿਸਾਨਾਂ ਨੂੰ ਦਿਖਾਣਾ ਤੇ (ੱ) ਫਸਲ ਦੀ ਵਾਢੀ ਤੇ ਸਫਲ ਦਾ ਪੂਰਾ ਪੂਰਾ ਰੀਕਾਰਡ ਕਾਇਮ ਕਰਨਾ। ਦੂਜੀ ਤੇ ਤੀਜੀ ਫਸਲ ਲਈ ਵੀ ਇਹ ਹੀ ਕਾਰਵਾਈ ਕਰਨੀ ਪੈਂਦੀ ਹੈ। ਅਵਸ਼ਕ ਚੀਜ਼ਾਂ ਦੀ ਖਰੀਦ ਲਈ ਦੋ ਫਸਲਾਂ ਦੇ ਚਕਰ ਲਈ 800 ਰੁਪੈ ਤੇ ਤਿੰਨ ਫਸਲਾਂ ਦੇ ਚਕਰਾਂ ਲਈ 440 ਰੁਪੈ ਦੇ ਖਰਚ ਦੀ ਪਰਵਾਨਗੀ ਦਿਤੀ ਗਈ ਸੀ।

ਦੋ ਫਸਲਾਂ 660 ਖੇਤਾਂ ਵਿਚ ਬੀਜੀਆਂ ਗਈਆਂ ਸਨ ਜਿੰਨ੍ਹਾਂ ਵਿਚੋਂ

---

ਕਰੇਗੀ।

ਇਹ ਇਕ ਬੁਨਿਆਦੀ ਸੁਆਲ ਹੈ, ਇਸ ਲਈ ਅਸੀਂ ਇਹ ਆਸ ਰਖਦੇ ਹਾਂ ਕਿ ਸ੍ਰੀ ਗੁਰਨਾਮ ਸਿੰਘ ਇਸ ਗਲ ਦੀ ਪਰਵਾਹ ਨਾ ਕਰਦੇ ਹੋਏ ਕਿ ਜਨਸੰਘ ਇਸ ਸੁਆਲ ਤੇ ਉਲਟੀ ਖੋਪੜੀ ਤੋਂ ਕੰਮ ਲੈਂਦਾ ਹੈ, ਨਿਸਲੰਗਪਾ ਤੇ ਆਪਣੀ ਚੋਣ ਨੂੰ ਵਡਾਣੀ ਸੱਟ ਬਨਾਉਣ ਲਈ ਅਵਸ਼ ਹੀ ਹੰਭਲਾ ਮਾਰਨਗੇ।

## ਮੇਰੀ ਸੋਵੀਅਤ ਯਾਤਰਾ–੫

# "ਅਸੀਂ ਤੁਹਾਡੇ ਨਾਲ ਹਾਂ"

–ਵੀਰ ਭਾਨ ਭੁਲਰ–

ਭਾਰਤ ਵਿਚ ਰੂਸ ਦੀ ਮਦਦ ਨਾਲ ਜਿਹੜੇ ਵਡੇ ਵਡੇ ਕਾਰਖਾਨੇ ਉਸਾਰੇ ਜਾ ਰਹੇ ਹਨ ਉਹ ਸਭ ਦੇ ਸਾਹਮਣੇ ਹਨ। ਇਸੇ ਤਰ੍ਹਾਂ ਇਹ ਵੀ ਸਭ ਨੂੰ ਪਤਾ ਹੈ ਕਿ ਜਦੋਂ ਪਾਕਿਸਤਾਨ ਨੇ ਅਮਰੀਕਨ ਮਦਦ ਨਾਲ ਭਾਰਤ ਤੇ ਹਮਲਾ ਕੀਤਾ ਤਾਂ ਸੋਵੀਅਤ ਯੂਨੀਅਨ ਨੇ ਸਾਡੀ ਭਰਵੀਂ ਮਦਦ ਕੀਤੀ ਅਤੇ ਅਸੀਂ ਅਮਰੀਕੀ ਪੈਟਨ ਟੈਂਕਾਂ ਦੇ ਛਕੇ ਛੁੜਾ ਦਿਤੇ। ਹੁਣ ਵੀ ਬੋਕਾਰੋ ਪਲਾਂਟ ਲਾਇਆ ਜਾ ਰਿਹਾ ਹੈ ਅਤੇ ਹਿੰਦ-ਭਾਰਤ ਮਿਤਰਤਾ ਦੀ ਮਹਿਕ ਵੰਡਣ ਵਾਲਾ ਨਵਾਂ ਕੇਂਦਰ ਉਭਰ ਰਿਹਾ ਹੈ। ਇਸੇ ਤਰ੍ਹਾਂ ਭਾਰਤ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਦੇ ਸਮਰਥ ਬਨਾਉਣ ਲਈ ਹੋਰ ਵੀ ਕਈ ਸੰਧੀਆਂ ਤੇ ਸਮਝੌਤੇ ਕੀਤੇ ਜਾ ਰਹੇ ਹਨ। ਪਰ ਇਹਨਾ ਸਾਰੀਆਂ ਗਲਾਂ ਦੇ ਬਾਵਜੂਦ ਇਸ ਗਲ ਦਾ ਇਥੇ ਆ ਕੇ ਹੀ ਪਤਾ ਲਗਾ ਕਿ ਸੋਵੀਅਤ ਯੂਨੀਅਨ ਵਿਚ ਭਾਰਤ ਨਾਲ ਮਿਤਰਤਾ ਦਾ ਜਜ਼ਬਾ ਕਿੰਨਾ ਡੂੰਘਾ ਹੈ। ਅਸੀਂ ਲੈਨਿਨਗਰਾਡ ਵਿਚ ਅਕਤੂਬਰ ਮਿਊਜ਼ੀਅਮ ਵੇਖਣ ਗਏ। ਬੈਲੀਨਾਕੋਵਾ ਜਦੋਂ ਸਾਨੂੰ ਸਭ ਕੁਝ ਵਿਖਾ ਚੁਕੀ ਤਾਂ ਉਸ ਨੇ ਦਸਿਆ ਕਿ ਮੇਰਾ ਪਤੀ ਬੋਕਾਰੋ ਪਲਾਂਟ ਦੀ ਉਸਾਰੀ ਲਈ ਭਾਰਤ ਗਿਆ ਹੋਇਆ ਹੈ।

ਲੈਨਿਨਗਰਾਡ ਵਿਚ ਜਦੋਂ ਅਸੀਂ ਇਲੈਕਟਰੋ ਸੀਲਾ ਪਲਾਂਟ ਵੇਖਣ ਗਏ ਤਾਂ ਉਥੇ ਜਿਨ੍ਹਾਂ ਮੇਜ਼ਾਂ ਦੇ ਦੁਆਲੇ ਅਸੀਂ ਬੈਠੇ ਉਥੇ ਰੂਸੀ ਝੰਡੇ ਦੇ ਨਾਲ ਨਾਲ ਹਿੰਦੁਸਤਾਨੀ ਝੰਡਾ ਵੀ ਮੌਜੂਦ ਸੀ।

'ਡਪਟੀ ਰੀਫ ਅ ਦ ੀ ਫੈਕਟਰੀ, ਜੋ ਇਸ ਫੈਕਟਰੀ ਵਲੋਂ ਭਾਰਤ ਦੀ ਮਦਦ ਵੀ ਕਰਦਾ ਹੈ ਉਹ ਵੀ ਉਥੇ ਮੌਜੂਦ ਸੀ। ਨਵੰਬਰ ਵਿਚ ਉਹ ਭਾਰਤ ਵਿਚ ਸਨ। ਪਿਛਲੇ ਦਿਨੀਂ ਉਹ ਮਾਸਕੋ ਵਾਪਸ ਆ ਗਏ ਸਨ। ਉਹਨਾਂ ਨੇ ਦਸਿਆ ਕਿ ਉਹ ਹਰਦੁਆਰ ਦੇ ਇਲੈਕਟਰਸਿਟੀ ਪਲਾਂਟ ਵਿਚ ਕੰਮ ਕਰਦੇ ਸਨ ਜੋ ਕਿ ਰੂਸ ਦੀ ਮਦਦ ਨਾਲ ਤਿਆਰ ਹੋ ਰਿਹਾ ਹੈ। ਉਹਨਾਂ ਨੇ ਦਸਿਆ ਕਿ ਹੁਣ ਉਹ ਇਕ ਹਜ਼ਾਰ ਕਿਲੋਵਾਟ ਬਿਜਲੀ ਤਿਆਰ ਕਰਦਾ ਹੈ, ਛੇਤੀ ਹੀ ਦੋ ਹਜ਼ਾਰ ਕਿਲੋਵਾਟ ਬਿਜਲੀ ਪੈਦਾ ਕਰਨ ਲਗੇਗਾ ਅਤੇ ਉਸ ਦੀ ਸ਼ਕਤੀ ਤਿੰਨ ਹਜ਼ਾਰ ਕਿਲੋਵਾਟ ਹੋ ਸਕਦੀ ਹੈ। ਉਹਨਾਂ ਨੇ ਦਸਿਆ ਕਿ ਸੋਵੀਅਤ ਯੂਨੀਅਨ ਨਾ ਕੇਵਲ ਭ ਖੜੇ ਵਿਚ ਸਗੋਂ ਹੋਰ ਕਈ ਥਾਈਂ ਵੀ ਪਣ ਬਿਜਲੀਘਰ ਉਸਾਰਣ ਵਿਚ ਸਹਿਯੋਗ ਦੇ ਰਿਹਾ ਹੈ। ਇਹ ਕਾਰਖਾਨਾ ਸੋਵੀਅਤ ਰੂਸ ਵਿਚ ਨਾਜ਼ੀ ਹਮਲੇ ਵੇਲੇ ਫਰੰਟ ਲਾਈਨ ਤੇ ਸੀ।

ਇਹ ਕਾਰਖਾਨਾ ਕਈ ਹੋਰ ਦੇਸ਼ਾਂ ਦੀ ਮਦਦ ਵੀ ਕਰ ਰਿਹਾ ਹੈ। ਕਾਰਖਾਨੇ ਵਿਚ ਨਵੀਨ ਕਿਸਮ ਦੀ ਮਸ਼ੀਨਰੀ ਫਿਟ ਕੀਤੀ ਜਾ ਰਹੀ ਹੈ। ਇਸ ਫੈਕਟਰੀ ਦਾ ਟੈਕਨੀਕਲ ਸਕੂਲ ਵੀ ਅਸੀਂ ਵੇਖਿਆ। ਇਥੇ ਵਰਕਰ ਡਿਊਟੀ ਖਤਮ ਹੋਣ ਤੋਂ ਪਿਛੋਂ ਆਪਣਾ ਹੁਨਰ ਵਧਾਉਣ ਲਈ ਟਰੇਨਿੰਗ ਹਾਸਲ ਕਰਦੇ ਹਨ। ਇਸ ਟੈਕਨੀਕਲ ਸਕੂਲ ਵਿਚ ਪੜ੍ਹਾਈ ਦਾ ਸਪੈਸ਼ਲ ਸਿਸਟਮ ਹੈ। ਕਾਰਖਾਨੇ ਦੇ ਇਸ ਸਕੂਲ ਵਿਚ ਸੌ ਲੜਕੇ ਲੜਕੀਆਂ ਚੰਗੀ ਸਿਖਲਾਈ ਲੈ ਕ ਆਪਣਾ ਹੁਨਰ ਵਧਾ ਕੇ ਦੂਜੇ ਸ਼ਹਿਰਾਂ ਵਿਚ ਜਾ ਚੁਕੇ ਹਨ ਅਤੇ ਵਖ ਵਖ ਵਿਭਾਗਾਂ ਵਿਚ ਕੰਮ ਕਰਦੇ ਹਨ। ਓਧਰ ਅਸੀਂ ਇਕ ਕਮਰੇ ਵਿਚ ਦਾਖਲ ਹੋਏ ਹੀ ਸਾਂ ਕਿ ਇਕ ਬਹੁਤ ਵਡੇ ਮੋਟੇ ਤਾਜ਼ੇ ਰੂਸੀ ਟੀਚਰ ਨੇ ਸਾਨੂੰ ਵੇਖਦੇ ਹੀ ਕਿਹਾ ਹਿੰਦੀ ਰੂਸੀ ਭਾਈ ਭਾਈ। ਜਿਸ ਕਮਰੇ ਵਿਚ ਅਸੀਂ ਦਾਖਲ ਹੁੰਦੇ ਬਚੇ ਤੇ ਵਿਦਿਆਰਥੀ ਖੜੇ ਹੋ ਜਾਂਦੇ।

'ਮਾਸਕੋ ਵਿਚ ਅਸੀਂ "ਅਟਜਨ ਕੀ 'ਜੇ ਫੈਕਟਰੀ ਵਿਚ ਗਏ। ਇਹ ਮਸ਼ੀਨ ਟੂਲਜ਼ ਦਾ ਬਹੁਤ ਵਡਾ ਕਾਰਖਾਨਾ ਹੈ ਅਤੇ ਕਾਰਖਾਨ ਤਿਆਰ ਕਰਦਾ ਹੈ। ਇਥੇ ਮੋਟਰਾਂ ਤੇ ਟਰੈਕਟਰਾਂ ਦੇ ਮਾਡਲ ਤਿਆਰ ਕੀਤੇ ਜਾਂਦੇ ਹਨ। ਇਸ ਦੀ ਮਦਦ ਨਾਲ ਦੂਜੇ ਦੇਸ਼ਾਂ ਵਿਚ ਕਾਰਖਾਨਾ ਤਿਆਰ ਹੋ ਜਾਂਦਾ ਹੈ। ਸਾਨੂੰ ਦਸਿਆ ਗਿਆ ਕਿ ਇਹ ਮਾਲ ਹਿੰਦੁਸਤਾਨ ਲਈ ਹੈ ਜੋ ਮੁਕੰਮਲ ਹੋ ਚੁਕਿਆ ਸੀ। ਸਾਨੂੰ ਉਹ ਮਾਲ ਵੀ ਵਿਖਾਇਆ ਗਿਆ ਜੋ ਅਜ ਸੰਪੂਰਨ ਕੀਤਾ ਜਾ ਰਿਹਾ ਹੈ। ਫੈਕਟਰੀ ਨੂੰ ਨਾ ਕੇਵਲ ਵਧਾਇਆ ਜਾ ਰਿਹਾ ਹੈ, ਸਗੋਂ ਨਵੀਂ ਮਸ਼ੀਨਰੀ ਫਿਟ ਕੀਤੀ ਜਾ ਰਹੀ ਹੈ।

ਵਖ ਵਖ ਸ਼ਹਿਰਾਂ ਵਿਚ ਜਿਹੜੇ ਹੋਟਲਾਂ ਵਿਚ ਅਸੀਂ ਠਹਿਰੇ ਉਹ ਛੇ ਮੰਜ਼ਲੇ ਸਨ। ਉਹਨਾਂ ਵਿਚ ਸੈਂਕੜੇ ਕਮਰੇ ਸਨ, ਆਰਾਮ ਦਾ ਪੂਰਾ ਸਾਮਾਨ ਸੀ ਤੇ ਸਾਡੇ ਖਾਣ ਦੇ ਮੇਜ਼ਾਂ ਉਤੇ ਭਾਰਤ ਦਾ ਕੌਮੀ ਝੰਡਾ ਝੂਲ ਰਿਹਾ ਹੁੰਦਾ ਸੀ।

ਵਖ ਵਖ ਫੈਕਟਰੀਆਂ ਦ ਮਜ਼ਦੂਰਾਂ ਨੇ ਭਾਰਤੀ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਦਿਲਚਸਪੀ ਪ੍ਰਗਟ ਕੀਤੀ, ਭਾਈਚਾਰੇ ਨੂੰ ਮਜ਼ਬੂਤ ਕਰਨ ਤੇ ਜ਼ੋਰ ਦਿਤਾ।

ਲੈਨਿਨਗਰਾਡ ਵਿਚ ਅਸੀਂ ਕਰੂਜ਼ਰ ਅਰੋਰ (ਉਹ ਸਮੁੰਦਰੀ ਬੇੜਾ ਜਿਸ ਦੇ ਜਹਾਜ਼ੀਆਂ ਨੇ ਬਗਾਵਤ ਕਰ ਦਿਤੀ ਸੀ ਤੇ ਕਰੈਂਸਕੀ ਦੀ ਸਰਕਾਰ ਖਤਮ ਕਰਨ ਲਈ ਇਨਕਲਾਬੀਆਂ ਦਾ ਸਾਥ ਦਿਤਾ ਸੀ, ਵੇਖਣ ਗਏ। ਬੇੜੇ ਦੇ ਵਰਕਰਾਂ ਦੇ ਪ੍ਰਤੀਨਿਧਾਂ ਨੇ ਨਾ ਕੇਵਲ ਸਾਡਾ ਇਸ ਲਈ ਹਾਰਦਿਕ ਸੁਆਗਤ ਕੀਤਾ ਕਿ ਅਸੀਂ ਭਾਰਤੀ ਸਾਂ ਸਗੋਂ ਉਹਨਾਂ ਨੇ ਭਾਰਤੀ ਮਜ਼ਦੂਰ ਸਮਾਜ ਦੇ ਨਾਂਅ ਇਹ ਸੰਦੇਸ਼ ਵੀ ਦਿਤਾ ਕਿ "ਭਾਰਤੀ ਮਜ਼ਦਰੋ ਅਸੀਂ ਤੁਹਾਡੇ ਨਾਲ ਹਾਂ।" (ਚ ਦਾ)

---

## ਪੰਚਾਇਤ ਰਾਜ ਮੁਲਾਜ਼ਮਾਂ ਦੀ ਚੋਣ ਇਕਤਰਤਾ

ਮਾਛੀਵਾੜਾ 6 ਮਾਰਚ— ਪੰਜਾਬ ਡੀਵੇਲਪਮੈਂਟ ਤੇ ਪੰਚਾਇਤ ਰਾਜ ਸਰਵਿਸਿਜ਼ ਫੈਡਰੇਸ਼ਨ ਦੇ ਵਿਧਾਨ ਅਨੁਸਾਰ ਮਾਛੀਵਾੜਾ ਬਲਾਕ ਦੇ ਸਮੂਹ ਕਰਮਚਾਰੀਆਂ ਦੀ ਵਿਸ਼ੇਸ਼ ਇਕਤਰਤਾ ਸ੍ਰੀ ਹਰਬੰਸ ਸਿੰਘ ਵਿਲੋਂ ਬੀ. ਡੀ. ਓ. ਮਾਛੀਵਾੜਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਧਾਨ ਅਨੁਸਾਰ ਬਲਾਕ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਿਸ

## ਮੇਰੀ ਸੋਵੀਅਤ ਯਾਤਰਾ-6

# ਹਾਂ ਕਹਿਣ ਦੀ ਦੇਰ ਸੀ ਕਿ ਉਸ ਨੇ......

—ਵੀਰ ਭਾਨ ਭੁਲਰ—

ਲੜਾਈ ਦੀ ਵਿਰੁਧ ਕਿੰਨੀ ਘ੍ਰਿਣਾ ਹੈ ਅਤੇ ਲੜਾਈਆਂ ਪੈਦਾ ਕਰਨ ਵਾਲੇ ਸਾਮਰਾਜ ਵਿਰੁਧ ਕਿੰਨਾ ਗੁਸਾ ਹੈ, ਉਹ ਬਿਆਨ ਤੋਂ ਬਾਹਰ ਹੈ।

ਅਸੀਂ ਜੋ ਕੁਝ ਨੁਮਾਇਸ਼ਾਂ ਵਿਚ ਤਕਿਆ ਹੈ ਅਤੇ ਸੋਵੀਅਤ ਯੂਨੀਅਨ ਵਿਚ ਤਾਰੀਖੀ ਘਟਨਾਵਾਂ ਬਾਰੇ ਜਿਹੜੀਆਂ ਫਿਲਮਾਂ ਤਕੀਆਂ ਹਨ ਉਹਨਾਂ ਤੋਂ ਆਦਮੀ ਇਹ ਪਰਭਾਵ ਲਏ ਬਿਨਾ ਨਹੀਂ ਰਹਿ ਸਕਦਾ ਕਿ ਸੋਵੀਅਤ ਲੋਕ ਹਮਲੇ ਤੇ ਜੰਗ ਪ੍ਰਤੀ ਡੂੰਘੀ ਘ੍ਰਿਣਾ ਰਖਦੇ ਹਨ——ਰੂਸ ਉਤੇ ਨੈਪੋਲੀਅਨ ਦਾ ਹਮਲਾ, ਜ਼ਾਰਸ਼ਾਹੀ ਤੇ ਜਾਗੀਰੂ ਪਰਬੰਧ ਦੇ ਅਤਿਆਚਾਰ, ਮੌਲਾਣਿਆਂ ਤੇ ਪੋਪਾਂ ਦੀਆਂ ਕਰਤੂਤਾਂ, ਇਨਕਲਾਬ ਤੋਂ ਪਹਿਲਾਂ ਦੇ ਲੋਕਾਂ ਦੀ ਹਾਲਤ, ਆਜ਼ਾਦੀ ਦੀ ਜਦੋ-ਜਹਿਦ ਵਿਚ ਸ਼ਹੀਦ ਹੋਣ ਵਾਲਿਆਂ ਦੀਆਂ ਬਾਤਾਂ, ਫਾਸ਼ੀ ਦਰਿੰਦਿਆਂ ਦੇ ਹਮਲੇ ਤੇ ਉਹਨਾਂ ਦਾ ਡਟਵਾਂ ਵਿਰੋਧ, ਵੋਲਗੋਗਰਾਦ (ਸਤਾਲਿਨ ਗਰਾਡ) ਦੀ ਤਬਾਹੀ ਤੇ ਨਵ-ਨਿਰਮਾਣ ਅਤੇ ਲੋਕਾਂ ਦੀਆਂ ਕੁਰਬਾਨੀਆਂ ਵਿਸ਼ਾ ਹੈ ਇਹਨਾਂ ਨੁਮਾਇਸ਼ਾਂ ਅਤੇ ਫਿਲਮਾਂ ਦਾ।

ਕੁਰਬਾਨ ਹੋਣ ਵਾਲਿਆਂ ਦੇ ਕਬਰਸਤਾਨ ਤੇ ਸ਼ਹੀਦਾਂ ਦੀਆਂ ਜੋਤਾਂ —— ਭਾਵੇਂ ਇਹ ਮਾਸਕੋ ਵਿਚ ਹਨ ਜਾਂ ਮਾਸਕੋ ਤੋਂ ਬਾਹਰ——ਤੇ ਯਾਤਰਾ ਕਰਨ ਵਾਲਿਆਂ ਦੀਆਂ ਲਾਈਨਾਂ ਕਦੇ ਨਹੀਂ ਟੁਟਦੀਆਂ। ਭਾਵੇਂ ਕਰਮਿਲਨ ਵਿਚ ਕਾਮਰੇਡ ਲੈਨਿਨ ਸਦੀਵੀ ਨੀਂਦਰ ਸੌਂ ਰਹੇ ਹਨ ਪਰ ਉਹ ਸਦਾ ਲੋਕਾਂ ਦੇ ਨਾਲ ਹਨ।

ਲੈਨਿਨਗਰਾਡ ਵਿਚ ਬਹੁਤ ਵਡਾ ਗਰੇਵ ਜਾਰਡ (ਕਬਰਸਤਾਨ) ਜਿਥੇ ਲਖਾਂ ਲੋਕ ਦਫਨਾਏ ਗਏ ਸਨ, ਵਾਲਗੋਗਰਾਡ ਦਾ ਫਾਲਨ ਫਾਈਟਰਜ਼ (ਸ਼ਹੀਦਾਂ ਦੀ ਜੋਤ)——ਜਿਥੇ ਨੌਜੁਆਨਾਂ ਦੀ ਜਥੇਬੰਦੀ ਕੋਮਸੋਮੋਲ ਦੇ ਵਾਲੰਟੀਅਰ ਸਵੇਰੇ ਨੌ ਵਜੇ ਤੋਂ ਰਾਤ ਦੇ ਨੌ ਵਜੇ ਤਕ ਪਹਿਰਾ ਦੇਂਦੇ ਹਨ), ਆਰਜਨ ਕੀ ਜੋ ਫੈਕਟਰੀ ਵਿਚ ਫੈਕਟਰੀ ਦੇ ਤਿੰਨ ਸੌ ਮਜ਼ਦੂਰਾਂ ਦੀ ਯਾਦ ਵਿਚ ਉਸਾਰਿਆ ਮਜ਼ਾਰ (ਇਹ ਨੌਜੁਆਨ ਨਾਜ਼ੀਆਂ ਨਾਲ ਲੜਦੇ ਲੜਦੇ ਸ਼ਹੀਦ ਹੋ ਗਏ ਸਨ) ਆਦਿ ਸਥਾਨ ਵੇਖਕੇ ਹਰ ਆਦਮੀ ਹਤਿਆਰਿਆਂ ਵਿਰੁਧ ਗੁਸੇ ਨਾਲ ਨਾਲ ਲਾਲ ਪੀਲਾ ਹੋ ਜਾਂਦਾ ਹੈ।

ਸੋਵੀਅਤ ਯੂਨੀਅਨ ਦੇ ਬਹਾਦਰ ਮਜ਼ਦੂਰ ਅਤੇ ਦੂਜੇ ਲੋਕ ਕਿਵੇਂ ਭੁਲ ਸਕਦੇ ਹਨ ਆਪਣੇ ਇਹਨਾਂ ਸ਼ਹੀਦਾਂ ਨੂੰ ਜਿਨ੍ਹਾਂ ਦੀ ਕੁਰਬਾਨੀ ਸਦਕਾ ਅੱਜ ਉਹ ਸਿਰ ਉਚਾ ਕਰ ਕੇ ਚਲ ਰਹੇ ਹਨ। ਕੋਈ ਕਿਸੇ ਨੂੰ ਲੁਟਣ ਵਾਲਾ ਨਹੀਂ ਹੈ, ਆਪਣੇ ਕੰਮ ਅਤੇ ਅਕਲ ਅਨੁਸਾਰ ਤਨਖ਼ਾਹ ਪਾਉਂਦਾ ਹੈ, ਸਾਡੇ ਪੰਜਾਬੀ ਭਰਾਵਾਂ ਨੇ ਸਾਨੂੰ ਦਸਿਆ ਕਿ ਵਡੇ ਤੋਂ ਵਡਾ ਆਦਮੀ ਵੀ ਡਿਸਪਲਿਨ ਦੀ ਉਲੰਘਣਾ ਨਹੀਂ ਕਰ ਸਕਦਾ।

ਸੋਸ਼ਲ ਸਕਿਊਰਟੀ ਤੇ ਬਰਾਬਰੀ ਦੇ ਕਾਨੂੰਨ ਦਾ ਬੋਲ-ਬਾਲਾ ਹੈ। ਹਰ ਕੋਈ ਦੇਸ਼ ਦਾ ਮਤਵਾਲਾ ਹੈ।

ਇਹ ਗਲ ਵਰਨਣ ਯੋਗ ਹੈ ਕਿ ਸੋਵੀਅਤ ਯੂਨੀਅਨ ਦੇ ਲੋਕਾਂ ਨੇ ਨਾ ਕੇਵਲ ਭਾਰਤ ਨੂੰ ਸਗੋਂ ਸਾਰੀ ਦੁਨੀਆਂ ਨੂੰ ਨਾਜ਼ੀ ਦਰਿੰਦਿਆਂ ਦੇ ਚੁੰਗਲ ਤੋਂ ਬਚਾਇਆ। ਸਤਾਲਿਨ ਗਰਾਡ (ਵਾਲਗੋਗਰਾਦ) ਵਿਚ ਚਪੇ ਚਪੇ ਲਈ ਲੜਾਈ ਹੋਈ। ਮਕਾਨਾਂ ਤੇ ਦੁਕਾਨਾਂ ਦੀਆਂ ਪੌੜੀਆਂ, ਗਲੀਆਂ ਤੇ ਬਾਜ਼ਾਰਾਂ ਤਕ ਵਿਚ ਨਾਜ਼ੀਆਂ ਨਾਲ ਨਿਪਟਿਆ ਗਿਆ ਤੇ ਉਹਨਾਂ ਨੂੰ ਦਰਿਆ ਪਾਰ ਨਾ ਕਰਨ ਦਿਤਾ ਗਿਆ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਅਜ ਤਾਰੀਖ ਦੇ ਵਰਕ ਕੁਝ ਹੋਰ ਹੀ ਹੁੰਦੇ। ਅੱਜ ਉਸ ਤਬਾਹੀ ਦੀਆਂ ਫਿਲਮਾਂ ਹੀ ਰਹਿ ਗਈਆਂ ਹਨ। ਕੇਵਲ ਇਕ ਇਮਾਰਤ ਸੜੀ-ਟੁੱਟੀ ਬਤੌਰ ਨਿਸ਼ਾਨੀ ਮੌਜੂਦ ਹੈ।

ਵਾਲਗੋਗਰਾਦ ਫਿਰ ਤੋਂ ਨਾ ਕੇਵਲ ਆਪਣੀ ਪੂਰੀ ਸ਼ਾਨ ਨਾਲ ਜਿਉਂ ਖਲੋਤਾ ਹੈ, ਸਗੋਂ ਵਧ ਰਿਹਾ ਹੈ, ਤਰੱਕੀ ਕਰ ਰਿਹਾ ਹੈ। ਵਾਲਗੋਗਰਾਡ ਨੂੰ ਫਿਰ ਤੋਂ ਕਿਵੇਂ ਵਸਾਇਆ ਗਿਆ, ਇਸ ਦੀ ਫਿਲਮ ਤੁਸੀਂ ਵੇਖ ਸਕਦੇ ਹੋ।

ਇਸ ਤਾਰੀਖੀ ਲੜਾਈ ਤੋਂ ਪਿਛੋਂ ਸਾਮਰਾਜੀ ਤਾਕਤਾਂ ਕਮਜ਼ੋਰ ਹੋਈਆਂ, ਹਰ ਮਹਾਂਦੀਪ ਵਿਚ ਦਰਜਨਾਂ ਦੇਸ਼ ਸਾਮਰਾਜੀ ਚੁੰਗਲ ਤੋਂ ਨਿਕਲ ਗਏ। ਪਰ ਅਜ ਵੀ ਅਮਰੀਕੀ ਸਾਮਰਾਜ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ। ਵੀਅਤਨਾਮ ਵਿਚ ਜੋ ਖੂਨੀ ਖੇਡ ਅਮਰੀਕੀ ਸਾਮਰਾਜ ਖੇਡ ਰਿਹਾ ਹੈ, ਉਸ ਵਿਰੁਧ ਰੂਸੀ ਲੋਕ ਕਿਵੇਂ ਸੋਚਦੇ ਹਨ ਇਹ ਵੀ ਨੋਟ ਕਰਨ ਵਾਲੀ ਗਲ ਹੈ।

ਇਕ ਰੂਸੀ ਨੇ ਕਿਹਾ ਮੈਂ ਦਫਤਰ ਵਿਚ ਕੰਮ ਕਰਦਾ ਹਾਂ ਪਰ ਮੇਰਾ ਦਿਲ ਜੋਸ਼ ਮਾਰਦਾ ਹੈ ਕਿ ਮੈਂ ਬੰਦੂਕ ਲੈ ਕੇ ਵੀਅਤਨਾਮ ਜਾ ਕੇ ਆਪਣੇ ਵੀਅਤਨਾਮੀ ਭਰਾਵਾਂ ਦੀ ਮਦਦ ਕਰਾਂ ਅਤੇ ਅਮਰੀਕੀ ਸਾਮਰਾਜੀਆਂ ਨੂੰ ਉਥੋਂ ਮਾਰ ਭਜਾਵਾਂ। ਇਸ ਤਰ੍ਹਾਂ ਦਾ ਫੈਸਲਾ ਨਾ ਹੋਣ ਦੇ ਬਾਵਜੂਦ ਵੀ ਜੋ ਮਦਦ ਅਸੀਂ ਵੀਅਤਨਾਮੀ ਭਰਾਵਾਂ ਦੀ ਕਰ ਰਹੇ ਹਾਂ, ਉਹ ਚੰਗੀ ਤਰ੍ਹਾਂ ਜਾਣਦੇ ਹਨ।

ਰੂਸੀ ਲੋਕ ਸੰਸਾਰ ਭਰ ਵਿਚ ਅਮਨ ਕਾਇਮ ਕਰਨ ਲਈ ਭਾਰਤ ਦੇ ਰੋਲ ਨੂੰ ਬਹੁਤ ਅਹਿਮ ਸਮਝਦੇ ਹਨ।

ਪਿਛਲੀ ਵਿਸ਼ਵ-ਲੜਾਈ ਵਿਚ ਸੋਵੀਅਤ ਯੂਨੀਅਨ ਨੂੰ ਫਾਸ਼ੀ ਦਰਿੰਦਿਆਂ ਦੇ ਹਮਲਿਆਂ ਵੇਲੇ ਜੋ ਕੀਮਤ ਅਦਾ ਕਰਨੀ ਪਈ ਅਤੇ ਜੋ ਤਬਾਹੀ ਹੋਈ, ਸੋਵੀਅਤ ਯੂਨੀਅਨ ਦੀ ਛਾਤੀ ਤੇ ਥਾਂ ਥਾਂ ਮੌਜੂਦ ਕਬਰਸਤਾਨ, ਅਣਜਾਣੇ ਸ਼ਹੀਦਾਂ ਦੇ ਮਕਬਰੇ ਅਤੇ ਉਹਨਾਂ ਲਖਾਂ ਸ਼ਹੀਦਾਂ ਦੀਆਂ ਜਗਦੀਆਂ ਜੋਤਾਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਬਾਜ਼ੀ ਲਾਕੇ ਹਿਟਲਰੀ ਦਰਿੰਦਿਆਂ ਨੂੰ ਮਾਰ ਭਜਾਇਆ ਤੇ ਬਰਲਿਨ ਤੇ ਜਿੱਤ ਦਾ ਝੰਡਾ ਜਾ ਝੁਲਾਇਆ, ਅੱਜ ਪੁਕਾਰ ਪੁਕਾਰ ਕੇ ਕਹਿ ਰਹੀਆਂ ਹਨ, ਬਾਲਾ! ਇਹੋ ਜਿਹੀ ਜੰਗ ਫਿਰ ਕਦੇ ਨਾ ਹੋਵੇ, ਕਿਸੇ ਮਾਂ ਦਾ ਲਾਲ, ਕਿਸੇ ਦਾ ਪਤੀ, ਕਿਸੇ ਦਾ ਭਰਾ, ਕਿਸੇ ਦੀ ਲੜਕੀ, ਕਿਸੇ ਦੀ ਭੈਣ, ਕਿਸੇ ਦਾ ਭਰਾ, ਕਿਸੇ ਦਾ ਪਿਤਾ ਮਾਰੂ ਜੰਗ ਦੀ ਨਜ਼ਰ ਨਾ ਹੋਵੇ, ਕਿਸੇ ਬਚੇ ਦੀ ਗੁਡੀ ਨੂੰ ਸਾੜਨ ਵਾਲਾ ਵੀ ਕੋਈ ਨਾ ਰਹੇ।

ਹੀਰੋਸ਼ੀਮਾ ਤੇ ਨਾਗਾਸਾਕੀ ਨੂੰ ਕੌਣ ਭੁਲ ਸਕਦਾ ਹੈ ਜਿਨ੍ਹਾਂ ਉਤੇ ਅਮਰੀਕੀ ਸਾਮਰਾਜੀਆਂ ਨੇ ਜੰਗ ਦੇ ਅੰਤਮ ਦਿਨਾਂ ਵਿਚ ਐਟਮ ਬੰਬ ਡੇਗ ਕੇ ਸਭ ਕੁਝ ਭੁੰਨ ਕੇ ਰਖ ਦਿਤਾ, ਜ਼ਿੰਦਗੀ ਲੰਗੜੀ ਲੂਲੀ ਕਰ ਦਿਤੀ।

ਬਾਲਾ: ਇਸ ਤਰ੍ਹਾਂ ਫਿਰ ਕਦੇ ਨਾ ਹੋਵੇ ਤੇ ਦੁਨੀਆਂ ਵਿਚ ਅਮਨ ਕਾਇਮ ਰਹੇ।

ਵਾਲਗੋਗਰਾਡ ਵਿਚ ਫਾਲਨ ਫਾਈਟਰਜ਼ ਦੇ ਨਾਲ ਹੀ ਟੂਰਿਸਟ ਹੋਟਲ ਸੀ। ਇਕ ਜੋੜੇ ਦਾ ਵਿਆਹ ਹੋਰ ਤੇ ਉਥੇ ਪਾਰਟੀ ਸੀ। ਇਸ ਤਰ੍ਹਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਡਿਪਲੋਮਾ ਹਾਸਲ ਕੀਤਾ ਤਾਂ ਉਹਨਾਂ ਨੌਜੁਆਨ ਲੜਕੇ ਲੜਕੀਆਂ ਨੇ ਵੀ ਪਾਰਟੀ ਰਖੀ। ਸਾਜ਼ ਵਜ ਰਹੇ ਸਨ। ਉਹ ਖਾਣਾ ਖਾਂਦੇ, ਡਾਨਸ ਵੀ ਕਰਦੇ, ਗਿਧਾ ਵੀ ਪਾਂਦੇ। ਉਹਨਾਂ ਦੀ ਵਾਰੀ ਖਤਮ ਹੋਈ। ਸਾਡੇ ਵਿਚ ਭੰਗੜੇ ਵਰਗੀ ਟੋਲ੍ਹਿਨ ਨਿਕਲੀ ਅਤੇ ਆਈਂ ਵੀ ਮੈਦਾਨ ਵਿਚ ਆ ਕੁਦੇ। ਓਨੇ ਵਿਚੋਂ ਉਹਨਾਂ ਵਿਚੋਂ ਇਕ ਗਰੁਪ ਵੀ ਗਿਆ। ਇਕ ਕੁੜੀ ਨੇ ਮੈਨੂੰ ਫੜ ਕੇ ਆਪਣੇ ਗਰੁਪ ਵਿਚ ਸ਼ਾਮਲ ਕਰ ਲਿਆ। ਪਿਛੋਂ ਸਾਨੂੰ ਪੁਛਿਆ ਕੀ ਅਸੀਂ ਹਿੰਦੁਸਤਾਨੀ ਹਾਂ। ਸਾਡੇ ਹਾਂ ਕਹਿਣ ਦੀ ਦੇਰ ਸੀ ਕਿ ਉਹਨਾਂ ਗਲੇ ਨਾਲ ਲਾ ਲਿਆ। ਇਸ ਤੋਂ ਪਿਛੋਂ ਇਕ ਨੌਜਆਨ ਮੇਜ਼ ਤੇ ਆ ਗਿਆ ਤੇ ਕਿਹਾ ਅਸੀਂ ਰੂਸੀ ਜ਼ਿੰਦਗੀ ਲਈ ਹਾਂ ਤੇ ਜੰਗ ਦੇ ਵਿਰੁਧ ਹਾਂ, ਅਸੀਂ ਅਮਨ ਚਾਹੁੰਦੇ ਹਾਂ। ਉਸ ਤੋਂ ਪਿਛੋਂ ਮੈਂ ਅਮਨ ਦੀ ਖੁਸ਼ੀ ਦਾਇਕ ਬੈਜ ਉਹਨੂੰ ਪੇਸ਼ ਕਰਦੇ ਹੋਏ ਦਸਿਆ ਕਿ ਅਸੀਂ ਹਿੰਦੁਸਤਾਨੀ ਲੜਾਈਆਂ ਦੇ ਸਖਤ ਵਿਰੁਧ ਹਾਂ। ਅਸੀਂ ਅਮਨ ਚਾਹੁੰਦੇ ਹਾਂ। ਅਸੀਂ ਸਾਮਰਾਜ ਦੀਆਂ ਸਾਜ਼ਸ਼ਾਂ ਮਲੀਆਮੇਟ ਕਰਾਂਗੇ ਰੂਸੀ ਲੋਕਾਂ ਨਾਲ ਮਿਲ ਕੇ ਦੁਨੀਆਂ ਵਿਚ ਅਮਨ ਕਾਇਮ ਕਰਾਂਗੇ।

---

ਪੁਲਸ ਤਾਂ ਹਿਸਦਾਰ ... ਬਹਾਦਰ ਕੋਲ ਅਜਿਹਾ ਪਸਤੌਲ ਕਿਥੋਂ ਆਇਆ ਜਿਸ ਦਾ ਲਸੰਸ ਹੋਰ ਕਿਸੇ ਨੂੰ ਨਹੀਂ ਦਿਤਾ ਜਾਂਦਾ।

ਇਹ ਮੁਕਦਮਾ ਕੁਝ ਸਾਲਾਂ ਤਕ ਚਲਦਾ ਰਿਹਾ। ਮਕਤੂਲ ਸੁਰਜਭਾਨ ਦੇ ਭਰਾ ਬ੍ਰਿਜ ਕਸ਼ੋਰ ਗੁਪਤਾ ਨੇ ਅਦਾਲਤ ਵਿਚ ਬਿਆਨ ਦਿਤਾ ਜਿਸ ਨੂੰ ਜਜ ਨੇ ਆਪਣੇ ਖਤ ਵਿਚ ਹੈਰਾਨੀ ਭਰਿਆ ਇਨਕਸ਼ਾਫ ਕਰਾਰ ਦਿਤਾ। ਬ੍ਰਿਜ ਕਸ਼ੋਰ ਗੁਪਤਾ ਨੇ ਆਪਣੇ ਬਿਆਨ ਵਿਚ ਪੁਲਸ ਕਪਤਾਨ ਸ਼ੀਸ਼ਰਾਮ ਤੇ ਇਲਜ਼ਾਮ ਲਾਇਆ ਸੀ ਕਿ ਇਸ ਕਤਲ ਦੇ ਪਿਛੇ ਉਹਨਾਂ ਦਾ ਹਥ ਹੈ ਅਤੇ ਇਸੇ ਕਾਰਨ ਪੁਲਸ ਨੇ ਅਜੇ ਤਕ ਉਸ ਵਸੀਲੇ ਦੀ ਜਾਂਚ ਨਹੀਂ ਕੀਤੀ, ਜਿਸ ਨੇ

(ਬਾਕੀ ਦੇਖੋ ਸਫ਼ਾ 5)

## ਮੇਰੀ ਸੋਵੀਅਤ ਯਾਤਰਾ--੭

# ਇਹ ਵੀ ਇਕ ਫਿਲਮ ਸੀ

—ਵੀਰ ਭ੍ਰਾਨ ਭੁਲਰ—

ਸੋਵੀਅਤ ਯੂਨੀਅਨ ਦੀ ਅਮਨ-ਪਸੰਦੀ ਤੇ ਭਾਰਤ ਨਾਲ ਮਿਤਰਤਾ ਦੇ ਸਬੰਧ ਵਿਚ ਮੈਂ ਪਹਿਲਾਂ ਅਰਜ਼ ਕਰ ਚੁਕਿਆ ਹਾਂ। ਹੁਣ ਮੈਂ ਸੋਵੀਅਤ ਯੂਨੀਅਨ ਵਿਚ ਜੋ ਕੁਝ ਵੇਖਿਆ ਹੈ, ਉਸ ਦੇ ਦੂਜੇ ਪਖਾਂ ਤੇ ਰੌਸ਼ਨੀ ਪਾਵਾਂਗਾ।

ਸਭ ਤੋਂ ਪਹਿਲਾਂ ਮੈਂ ਇਹ ਅਰਜ਼ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਸਾਡਾ ਡੈਲੀਗੇਸ਼ਨ ਕਾਰਖਾਨਿਆਂ ਵਿਚ, ਰੇਲ ਗਡੀਆਂ ਵਿਚ, ਹਵਾਈ ਜਹਾਜ਼ਾਂ, ਹੋਟਲਾਂ ਤੇ ਮਜ਼ਦੂਰਾਂ ਦੇ ਕੇਂਦਰਾਂ ਵਿਚ ਮਜ਼ਦੂਰਾਂ ਨੂੰ ਮਿਲਿਆ। ਅਸੀਂ ਫਲੈਟਾਂ ਵਿਚ ਵੀ ਮਜ਼ਦੂਰਾਂ ਤੇ ਉਹਨਾਂ ਦੇ ਟਬਰ ਦੇ ਜੀਆਂ ਨੂੰ ਮਿਲੇ। ਉਹਨਾਂ ਦੀ ਜ਼ਿੰਦਗੀ ਬਾਰੇ ਵਾਕਫੀਅਤ ਹਾਸਲ ਕੀਤੀ। ਅਸੀਂ ਟਰੇਡ ਯੂਨੀਅਨ ਤੇ ਕਮਿਊਨਿਸਟ ਲੀਡਰਾਂ ਨੂੰ ਵੀ ਮਿਲੇ ਤੇ ਵਿਚਾਰ-ਵਟਾਂਦਰਾ ਕੀਤਾ। ਅਸੀਂ ਵਖ ਵਖ ਫੈਕਟਰੀਆਂ ਤੇ ਅਦਾਰਿਆਂ ਦੇ ਡਾਇਰੈਕਟਰਾਂ, ਵਖ ਵਖ ਯੂਨੀਵਰਸਿਟੀਆਂ ਦੇ ਡਾਇਰੈਕਟਰਾਂ ਤੇ ਪਰੋਫੈਸਰਾਂ, ਡਾਕਟਰਾਂ, ਇੰਜੀਨੀਅਰਾਂ ਤੇ ਕਈ ਹੋਰ ਅਹਿਮ ਲੋਕਾਂ ਨਾਲ ਮਿਲਣ ਤੋਂ ਉਪਰੰਤ ਪਾਰਟੀ ਪ੍ਰਾਈਡ ਦੇ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਨੂੰ ਵੀ ਮਿਲੇ।

ਇਹ ਤਾਂ ਮੈਂ ਪਹਿਲਾਂ ਹੀ ਦਸ ਚੁਕਿਆ ਹਾਂ ਕਿ ਮਾਸਕੋ ਕਰਿਮਲਿਨ ਵਿਚ ਸ਼ਹੀਦਾਂ ਦੀਆਂ ਯਾਦਾਂ ਦੀ ਜ਼ਿਆਰਤ ਲਈ ਕਿਵੇਂ ਲੋਕਾਂ ਦੀਆਂ ਕਤਾਰਾਂ ਲਗੀਆਂ ਰਹਿੰਦੀਆਂ ਹਨ। ਲੈਨਿਨ ਮਿਊਜ਼ੀਅਮ ਵਿਚ ਮਿਸ ਤਾਂਤੀਆ ਨੇ, ਜੋ ਸ਼ਕਲ ਸੂਰਤ ਤੋਂ ਬਿਲਕੁਲ ਇਕ ਪੰਜਾਬੀ ਕੁੜੀ ਜਾਪਦੀ ਸੀ, ਤਸਵੀਰਾਂ ਦੁਆਰਾ ਸੋਵੀਅਤ ਯੂਨੀਅਨ ਦੇ ਇਤਿਹਾਸ ਵਿਚ ਕਾਮਰੇਡ ਲੈਨਿਨ ਤੇ ਉਨ੍ਹਾਂ ਦੇ ਖਾਨਦਾਨ ਦੇ ਰੋਲ ਤੇ ਰੌਸ਼ਨੀ ਪਾਈ।

ਨੇੜੇ ਹੀ ਲਾਲ ਚੌਕ ਵਿਚ ਮਈ ਦਿਨ ਦੀ ਪਰੇਡ ਹੁੰਦੀ ਹੈ। ਇਹ ਬੜਾ ਵਿਸ਼ਾਲ ਹੈ। ਇਥੇ ਟਰੈਫਿਕ ਏਨੀ ਜ਼ਿਆਦਾ ਹੁੰਦੀ ਹੈ ਕਿ ਕੋਈ ਵੀ ਸੜਕ ਕਰਾਸ ਨਹੀਂ ਕਰ ਸਕਦਾ। ਉਂਝ ਵੀ ਸਾਰੇ ਦਾ ਸਾਰਾ ਟਰੈਫਿਕ ਇਕ ਤਰਫਾ ਹੈ। ਲੋਕਾਂ ਲਈ ਇਕ ਪਾਸਿਉਂ ਦੂਜੇ ਪਾਸੇ ਜਾਣ ਲਈ ਅੰਡਰ-ਗਰਾਊਂਡ ਰਾਹ ਮੌਜੂਦ ਹਨ।

ਆਰਥਕ ਨੁਮਾਇਸ਼ ਦਾ ਪਕਾ ਪਵਿਲੀਅਨ ਵੀ ਮਾਸਕੋ ਵਿਚ ਮੌਜੂਦ ਹੈ। ਇਹ ਸੋਵੀਅਤ ਯੂਨੀਅਨ ਦੇ ਸੋਲ੍ਹਾਂ ਗਣਰਾਜਾਂ ਦਾ ਸਾਂਝਾ ਪਵਿਲੀਅਨ ਹੈ ਅਤੇ ਸਨਅਤਵਾਰ ਹੈ। ਬਹੁਤ ਵਡੇ ਇਲਾਕੇ ਵਿਚ ਫੈਲੀ ਹੋਈ ਇਹ ਨੁਮਾਇਸ਼ ਵਖ ਵਖ ਗਣਰਾਜਾਂ ਵਿਚ ਹੋ ਰਹੀ ਤਰੱਕੀ ਦੇ ਸੰਕੇਤ ਦੇਂਦੀ ਹੈ। ਜੇ ਸਾਰੀ ਦੀ ਸਾਰੀ ਨੁਮਾਇਸ਼ ਦੇਖਣੀ ਹੋਵੇ ਤਾਂ ਉਸ ਉਤੇ ਕਈ ਦਿਨ ਲਗ ਜਾਣ। ਸਨਅਤੀ ਚੀਜ਼ਾਂ ਦੀ ਨੁਮਾਇਸ਼ ਵਿਚ ਵਖ ਵਖ ਕਿਸਮ ਦੀ ਸਾਈਕਲ, ਸਕੂਟਰ, ਕਾਰਾਂ ਤੇ ਉਥੇ ਤਿਆਰ ਕੀਤੀਆਂ ਜਾਂਦੀਆਂ ਹੋਰ ਚੀਜ਼ਾਂ ਪਈਆਂ ਸਨ।

ਰਾਕਟਾਂ ਦੇ ਮਾਡਲ, ਖੋਜ ਕਰਨ ਵਾਲੇ ਰਾਕਟ, ਸ਼ੁਰੂ ਤੋਂ ਲੈ ਕੇ ਅਜ ਤਕ ਜਿਹੜੇ ਰਾਕਟ ਛਡੇ ਗਏ ਹਨ ਉਹਨਾਂ ਸਭਨਾਂ ਦੇ ਮਾਡਲ, ਜਿਹੜੇ ਪੁਲਾੜ ਜਹਾਜ਼ਾਂ ਵਿਚ ਤਰੇਸ਼ਕੋਵਾ, ਗਗਾਰਿਨ ਤੇ ਦੂਜੇ ਪੁਲਾੜ ਯਾਤਰੀ ਉਡ ਚੁਕੇ ਸਨ, ਚੰਨ ਤੇ ਝੰਡਾ ਗਡਣ ਵਾਲੇ, ਚੰਨ ਦੀਆਂ ਤਸਵੀਰਾਂ ਉਤਾਰਨ ਵਾਲੇ ਹਰ ਪਰਕਾਰ ਦੇ ਰਾਕਟਾਂ ਦੇ ਨਮੂਨੇ ਉਥੇ ਪਏ ਸਨ। ਜਿਸ ਤਰ੍ਹਾਂ ਦੀ ਪੁਸ਼ਾਕ ਉਹਨਾਂ ਨੂੰ ਪੁਆਈ ਜਾਂਦੀ, ਕਿਵੇਂ ਉਹ ਸੌਂਦੇ, ਕਿਵੇਂ ਪੈਰਾਸ਼ੂਟ ਵਰਤਦੇ ਸਨ ਆਦਿ ਸਭ ਗਲਾਂ ਦੇ ਮਾਡਲ ਵੀ ਨੁਮਾਇਸ਼ ਵਿਚ ਮੌਜੂਦ ਸਨ। ਅਸੀਂ ਵੇਖਿਆ ਪੁਲਾੜ ਯਾਤਰੀ ਖੋਲ ਵਿਚ ਸੁਤਾ ਹੋਇਆ ਹੈ, ਉਸ ਦੇ ਕੋਲ ਪੈਰਾਸ਼ੂਟ ਹੈ ਅਤੇ ਉਸ ਦੇ ਸਾਹਮਣੇ ਕੈਮਰਾ ਹੈ।

ਨੁਮਾਇਸ਼ ਵਿਚ ਇਕ ਫੈਸ਼ਨ ਸ਼ੋਅ ਵੀ ਹੋ ਰਿਹਾ ਸੀ। ਇਸ ਵਿਚ ਅਜੇ ਦੇਰ ਸੀ। ਅਸੀਂ ਦੂਜੀ ਨੁਮਾਇਸ਼ ਵੇਖਣ ਗਏ। ਮੈਂ ਤਾਂ ਇਕ ਬਚੇ ਨਾਲ ਹੀ ਮਹਿਣ ਹੋ ਗਿਆ। ਇਹ ਬੱਚਾ ਬਚਿਆਂ ਦੇ ਖਿਡੌਣੇ ਵੇਖ ਰਿਹਾ ਸੀ। ਬਾਕੀ ਸਾਥੀ ਦੂਜੀ ਨੁਮਾਇਸ਼ ਵੇਖਣ ਚਲੇ ਗਏ। ਬੜੀ ਮੁਸ਼ਕਲ ਨਾਲ ਅਸੀਂ ਇਕ ਦੂਜੇ ਨੂੰ ਮਿਲੇ। ਅਤੇ ਇਹ ਸੀ ਸਰਕੂਲਰ ਸਿਨੇਮਾ। ਅਸੀਂ ਗੋਲ ਜਹੇ ਕਮਰੇ ਵਿਚ ਖਲੋ ਗਏ। ਹਨੇਰਾ ਹੋ ਗਿਆ ਤੇ ਫਿਲਮ ਚਲਣੀ ਸ਼ੁਰੂ ਹੋ ਗਈ। ਫਿਲਮ ਵਖ ਵਖ ਗਣਰਾਜਾਂ ਦੇ ਲੋਕਾਂ ਦੇ ਜੀਵਨ ਦੇ ਸਬੰਧ ਵਿਚ ਸੀ, ਜੋ ਹਸ ਰਹੇ ਸਨ, ਖੇਡ ਰਹੇ ਸਨ, ਫਿਲਮ ਵੇਖਣ ਲਈ ਕਦੇ ਅਸੀਂ ਸਾਹਮਣੇ ਵੇਖਦੇ, ਕਦੇ ਸਜੇ, ਕਦੇ ਖਬੇ ਅਤੇ ਕਦੇ ਪਿਛੇ ਹਲ। ਯਕਾ ਯਕ ਸਾਹਮਣੇ ਦੀ ਤਸਵੀਰ ਵਿਚ ਇਕ ਨੌਜੁਆਨ ਨੇ ਗੋਲਾ ਸੁਟਿਆ। ਅਸੀਂ ਮੁੜ ਕੇ ਵੇਖਿਆ ਤਾਂ ਦੂਜੇ ਪਾਸੇ ਦੂਜਾ ਨੌਜੁਆਨ ਉਸ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਥੇ ਫਿਲਮ ਖਲੋ ਕੇ ਵੇਖੀ ਜਾਂਦੀ ਹੈ।

## ਮੇਰੀ ਸੋਵੀਅਤ ਯਾਤਰਾ--੮

# ਜਿਥੇ ਸਾਥੀ ਲੈਨਿਨ ਨੇ ਆਖਰੀ ਦਿਨ ਗੁਜ਼ਾਰੇ

ਮਾਸਕੋ ਤੋਂ ਕਾਫੀ ਫਾਸਲੇ ਤੇ ਅਸੀਂ ਗੋਰਕੀ ਪਿੰਡ ਵੇਖਣ ਗਏ ਜਿਥੇ ਸਾਥੀ ਲੇਨਿਨ ਨੇ ਜ਼ਿੰਦਗੀ ਦੇ ਅੰਤਮ ਦਿਨ ਗੁਜ਼ਾਰੇ। ਇਹ ਗਲ ਵਰਨਣ ਯੋਗ ਹੈ ਕਿ ਇਨਕਲਾਬ ਤੋਂ ਪਹਿਲਾਂ ਇਹ ਇਕ ਬਹੁਤ ਵਡੇ ਜਾਗੀਰਦਾਰ ਦਾ ਪਿੰਡ ਸੀ। ਸਾਥੀ ਲੇਨਿਨ ਦੇ ਇਸ ਥਾਂ ਠਹਿਰਨ ਦਾ ਸਭ ਤੋਂ ਵਡਾ ਕਾਰਨ ਇਹ ਸੀ ਕਿ ਇਥੇ ਇਕ ਮਹਲ ਵਿਚ ਟੈਲੀਫੋਨ ਸੀ ਜਿਸ ਦਾ ਮਾਸਕੋ ਨਾਲ ਉਸ ਵੇਲੇ ਸੰਪਰਕ ਸੀ। ਇਹ ਇਕ ਪਹਾੜੀ ਤੇ ਵਾਕਿਆ ਹੈ। ਸਾਹਮਣੇ ਗੋਰਕੀ ਪਿੰਡ ਹੈ ਜੋ ਕੁਝ ਫਾਸਲੇ ਤੇ ਹੈ। ਸਾਥੀ ਲੈਨਿਨ ਇਸ ਪਿੰਡ ਦੇ ਲੋਕਾਂ ਨੂੰ ਅਕਸਰ ਮਿਲਿਆ ਕਰਦੇ ਸਨ। ਸਾਥੀ ਲੈਨਿਨ ਜਿਸ ਬੈਂਚ ਤੇ ਬੈਠਦੇ ਸਨ ਉਹ ਉਸੇ ਤਰ੍ਹਾਂ ਮੌਜੂਦ ਹੈ। ਉਹ ਮਹਲ ਦੀ ਇਕ ਨੁਕਰ ਵਿਚ ਛੋਟੀ ਜਿਹੀ ਇਮਾਰਤ ਵਿਚ ਰਹਿੰਦੇ ਸਨ। ਉਹ ਬਿਲਕੁਲ ਹੀ ਸਾਦਾ ਜ਼ਿੰਦਗੀ ਬਤੀਤ ਕਰਦੇ ਸਨ—ਏਨੇ ਸਾਦਾ ਕਿ ਬਿਆਨ ਤੋਂ ਵੀ ਬਾਹਰ ਹੈ। ਹੁਣ ਉਹ ਮਹਲ ਮਿਊਜ਼ੀਅਮ ਦਾ ਕੰਮ ਦੇਂਦਾ ਹੈ, ਜੋ ਕਿ ਉਹਨਾਂ ਦੀ ਜ਼ਿੰਦਗੀ ਦੇ ਸਾਰੇ ਪਖਾਂ ਤੇ ਰੌਸ਼ਨੀ ਪਾਉਂਦਾ ਹੈ।

ਅਤੇ ਜਦੋਂ ਅਸੀਂ ਗੋਰਕੀ ਵੇਖਦੇ ਜਾ ਰਹੇ ਸਾਂ, ਸਾਡੇ ਸਾਥੀ ਬਾਰ ਬਾਰ ਦੋ ਭਾਸ਼ੀਏ ਸਾਥੀ ਨੂੰ ਕਹਿੰਦੇ ਸਨ, ਸਾਨੂੰ ਮਜ਼ਦੂਰਾਂ ਦੀਆਂ ਬਸਤੀਆਂ ਵਿਖਾਉ। ਰਾਹ ਵਿਚ ਲਕੜੀ ਦੇ ਬਣੇ ਮਕਾਨ ਵੀ ਮੌਜੂਦ ਸਨ, ਪਹਿਲਾਂ ਤੋਂ ਤਿਆਰ ਸ਼ੁਦਾ ਫਲੈਟ ਸੀ ਮੌਜੂਦ ਸਨ ਤੇ ਨਵੇਂ ਫਲੈਟ ਵੀ ਬਣਾਏ ਜਾ ਰਹੇ ਸਨ। ਸਾਥੀਆਂ ਨੇ ਇਕ ਵਾਰ ਫਿਰ ਰੂਸੀ ਸਾਥੀ ਨੂੰ ਕਿਹਾ ਕਿ ਅਸੀਂ ਵਰਕਰਾਂ ਦੀ ਕਾਲੋਨੀ ਜ਼ਰੂਰ ਵੇਖਣੀ ਚਾਹੁੰਦੇ ਹਾਂ। ਇਹ ਗਲ ਪਰੋਗਰਾਮ ਵਿਚ ਜ਼ਰੂਰ ਸ਼ਾਮਲ ਕਰ ਲਈ ਜਾਵੇ।

ਸਾਥੀ ਯਾਕੂਨਿਨ, ਜੋ ਸਾਡੇ ਨਾਲ ਕਾਰ ਵਿਚ ਬੈਠੇ ਸਨ (ਅਜ ਕਲ ਇਕ ਡੈਲੀਗੇਸ਼ਨ ਵਿਚ ਭਾਰਤ ਆਏ ਹਨ ਤੇ ਸਾਡੇ ਦੇਸ਼ ਦਾ ਦੌਰਾ ਕਰ ਰਹੇ ਹਨ) ਆਖਰ ਬੋਲ ਪਏ ਕਿ ਉਹ ਕੀ ਹੁੰਦੀ ਹੈ ? ਫਿਰ ਉਹਨਾਂ ਨੇ ਕਿਹਾ ਕਿ ਇਥੇ ਮਜ਼ਦੂਰਾਂ ਦੀਆਂ ਵਖ ਵਖ ਝੁਗੀਆਂ ਨਹੀਂ ਹੁੰਦੀਆਂ। ਫਲੈਟਾਂ ਵਲ ਇਸ਼ਾਰਾ ਕਰਦੇ ਹੋਏ ਸਾਥੀ ਨੇ ਕਿਹਾ ਉਹਨਾਂ ਸਾਰਿਆਂ ਵਿਚ ਸੋਵੀਅਤ ਸ਼ਹਿਰੀ ਰਹਿੰਦੇ ਹਨ। ਉਹਨਾਂ ਵਿਚ ਮਜ਼ਦੂਰ, ਬਾਬੂ, ਡਾਕਟਰ, ਇੰਜੀਨੀਅਰ, ਪਰੋਫੈਸਰ ਸਭ ਰਹਿੰਦੇ ਹਨ। ਲਕੜੀ ਦੇ ਬਣੇ ਮਕਾਨਾਂ ਵਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਿਹੜੀਆਂ ਸਹੂਲਤਾਂ—ਬਿਜਲੀ, ਪਾਣੀ, ਗੈਸ ਤੇ ਹੋਰ—ਦੂਜੇ ਫਲੈਟਾਂ ਵਿਚ ਹਨ ਉਹ ਇਹਨਾਂ ਵਿਚ ਵੀ ਹਨ। ਇਹ ਵੀ ਅੰਦਰ ਤੋਂ ਉਹਨਾਂ ਫਲੈਟਾਂ ਵਾਂਗ ਹੀ ਗਰਮ ਹਨ ਜਿਹੇ ਜਿਹੇ ਸੱਠ ਫੀ ਸਦੀ ਆਬਾਦੀ ਨੂੰ ਮਿਲ ਚੁਕੇ ਹਨ।

ਮਾਸਕੋ ਦੇ ਆਲੇ ਦੁਆਲੇ ਵਡੇ ਪੈਮਾਨੇ ਤੇ ਫਲੈਟ ਉਸਾਰੇ ਜਾ ਰਹੇ ਹਨ। ਨਵੇਂ ਮਨਸੂਬੇ ਅਧੀਨ ਨਵੇਂ ਸਾਲ ਵਿਚ ਇਕ ਲਖ ਵੀਹ ਹਜ਼ਾਰ ਨਵੇਂ ਫਲੈਟ ਬਣਨਗੇ ਅਤੇ ਚਾਰ ਲਖ ਹੋਰ ਆਦਮੀਆਂ ਨੂੰ ਇਹਨਾਂ ਫਲੈਟਾਂ ਵਿਚ ਥਾਂ ਮਿਲੇਗੀ। ਪੰਝੀ ਮੰਜ਼ਲਾ ਮਕਾਨ ਵੀ ਬਣਨਗੇ। ਨਵੀਆਂ ਬਸਤੀਆਂ ਆਪਣੇ ਆਪ ਵਿਚ ਮੁਕੰਮਲ ਹੋਣਗੀਆਂ। ਰਿਹਾਇਸ਼ੀ ਮਕਾਨ, ਨਰਸਰੀਆਂ, ਸਕੂਲ, ਕਿੰਡਰ-ਗਾਰਟਨ, ਦੁਕਾਨਾਂ, ਡਾਕਖਾਨੇ, ਹਸਪਤਾਲ ਤੇ ਦੂਜੇ ਸਾਰੇ ਅਦਾਰੇ ਮੌਜੂਦ ਹੋਣਗੇ, ਜੋ ਲੋਕਾਂ ਦੀ ਸੇਵਾ ਕਰ ਸਕਣਗੇ, ਨਵੇਂ ਪਲੈਨ ਅਧੀਨ ਮਾਸਕੋ ਦੇ 17 ਦੀ ਥਾਂ 29 ਜ਼ਿਲੇ ਹੋਣਗੇ। 1500 ਦੇ ਲਗ ਭਗ ਸਨਅਤੀ ਅਦਾਰੇ ਹਨ। ਉਹਨਾਂ ਵਿਚ ਇਕ ਸਨਅਤੀ ਅਦਾਰੇ ਦਾ ਜ਼ਿਕਰ ਮੈਂ ਅਗੇ ਚਲ ਕੇ ਕਰਾਂਗਾ। (ਚਲਦਾ)

ਮੇਰੀ ਸੋਵੀਅਤ ਯਾਤਰਾ-9

# ਸਿਨੇਮਾ, ਥੀਏਟਰ ਤੇ ਲੋਕ

—ਵੀਰ ਭਾਨ ਭੁਲਰ—

ਕਰਿਮਲਿਨ ਵਿਚ ਅਸੀਂ ਪੈਲੇਸ ਆਫ਼ ਕਾਂਗਰਸ ਵੇਖਣ ਲਈ ਵੀ ਗਏ। ਇਹ ਪੈਲੇਸ ਪਾਰਟੀ ਦੀ ਇਕੀਵੀਂ ਕਾਂਗਰਸ ਲਈ ਬਣਾਇਆ ਗਿਆ ਸੀ। ਸਾਥੀਆਂ ਨੇ ਦਸਿਆ ਕਿ ਇਹ ਜਾਣ ਬੁਝ ਕੇ ਬਹੁਮੰਜ਼ਲਾ ਨਹੀਂ ਬਣਾਇਆ ਗਿਆ। ਬੜੀ ਸੁੰਦਰ ਸੀ ਉਹ ਇਮਾਰਤ। ਹਾਲ ਵਿਚ ਅਠ ਹਜ਼ਾਰ ਸੀਟਾਂ ਦਾ ਪ੍ਰਬੰਧ ਸੀ। ਇਮਾਰਤ ਇਕ ਵਡੇ ਥੀਏਟਰ ਵਿਚ ਬਦਲ ਗਈ ਹੈ। ਉਸ ਦਿਨ ਥੀਏਟਰ ਵਿਚ ਇਕ ਪਹਾੜੀ ਲੜਕੀ ਬੈਲੇ ਪੇਸ਼ ਕੀਤਾ ਗਿਆ। ਟਿਕਟਾਂ ਤਾਂ ਲੋਕ ਪਹਿਲਾਂ ਹੀ ਹਾਸਲ ਕਰ ਲੈਂਦੇ ਹਨ। ਕੋਟੀਆਂ ਤੇ ਟੋਪ ਜਮਾਂ ਕਰਵਾਂਦੇ ਸਮੇਂ ਔਰਤਾਂ ਤੇ ਮਰਦਾਂ ਦਾ ਏਨਾ ਜ਼ਿਆਦਾ ਰਸ਼ ਹੁੰਦਾ ਹੈ ਕਿ ਤੋਬਾ ਹੀ ਭਲੀ। ਸੋਚਿਆ ਕਰਦੇ ਸਾਂ ਕਿ ਸਾਡੇ ਤਾਂ ਕੇਵਲ ਚਾਰ ਚਾਰ ਸੋ, ਪੰਜ ਪੰਜ ਸੋ ਸੀਟਾਂ ਵਾਲੇ ਸਿਨੇਮਾ ਹਾਲਾਂ ਵਿਚ ਜਦੋਂ ਰਸ਼ ਹੁੰਦਾ ਹੈ ਪਤਾ ਨਹੀਂ ਕਿੰਨੇ ਲੋਕਾਂ ਦੀਆਂ ਜੇਬਾਂ ਕਟੀਆਂ ਜਾਂਦੀਆਂ ਹਨ। ਸਚ ਸਾਡੇ ਤਾਂ ਇਹੋ ਜਿਹੇ ਮੌਕਿਆਂ ਤੇ ਬੜਾ ਹੀ ਹੰਗਾਮਾ ਹੁੰਦਾ ਹੈ, ਮਾਰਕੁਟਾਈ ਹੁੰਦੀ ਹੈ ਤੇ ਕਦੇ ਕਦੇ ਤਾਂ ਪੁਲਸ ਦੇ ਦਖਲ ਤਕ ਨੌਬਤ ਪਹੁੰਚਦੀ ਹੈ। ਪਰ ਉਥੇ ਨਾ ਕੋਈ ਹੰਗਾਮਾ ਵੇਖਣ ਵਿਚ ਆਇਆ, ਨਾ ਧਕੇ ਪਏ, ਨਾ ਕਿਸੇ ਦੀ ਜੇਬ ਕਟੀ ਗਈ। ਸਿਨੇਮਿਆਂ ਵਿਚ ਸੀਟੀਆਂ ਵੀ ਨਹੀਂ ਵਜਦੀਆਂ। ਕੋਈ ਆਪਣੀ ਸੀਟ ਛਡਕੇ ਦੂਜੇ ਦੀ ਸੀਟ ਤੇ ਨਹੀਂ ਬਹਿੰਦਾ ਨਾ ਹੀ ਬਹਿ ਸਕਦਾ ਹੈ, ਭਾਵੇਂ ਸੀਟ ਖਾਲੀ ਹੀ ਕਿਉਂ ਨਾ ਹੋਵੇ। ਹਾਂ ਕਲਾਕਾਰਾਂ ਦੇ ਗੀਤਾਂ ਤੇ ਕਾਰਨਾਮਿਆਂ ਤੇ ਹਾਲ ਤਾਲੀਆਂ ਨਾਲ ਗੂੰਜ ਉਠਦਾ ਹੈ ਤੇ ਵਾਹ ਵਾਹ ਦੇ ਨਾਅਰੇ ਉਚੇ ਹੁੰਦੇ ਹਨ। "ਪਹਾੜੀ ਲੜਕੀ" ਵਿਚ ਦਸਿਆ ਗਿਆ ਹੈ ਕਿ ਇਨਕਲਾਬ ਤੋਂ ਪਿਛੋਂ ਕਿਸ ਤਰ੍ਹਾਂ ਉਹ ਆਪਣੇ ਬੰਧਨਾਂ ਨੂੰ ਤੋੜਨ ਦੀ ਕੋਸ਼ਿਸ਼ ਕਰਦੀ ਹੈ। ਬਾਹਰ ਤਾਂ ਅੰਦਰ ਗਰੀਨ ਤੋਂ ਬਿਨਾਂ ਕੁਝ ਵੀ ਹਰਾ ਨਹੀਂ ਸੀ--ਪਤੇ ਝੜੇ ਹੋਏ ਸਨ, ਦਰਖਤ ਬਰਫਾਂ ਨਾਲ ਲਦੇ ਹੋਏ ਸਨ ਪਰ ਇਮਾਰਤ ਦੇ ਅੰਦਰ ਬਹੁਤ ਵਡਾ ਬਾਗ ਵੀ ਮੌਜੂਦ ਸੀ ਜਿਸ ਦੀ ਹਰਿਆਵਲ ਦਾ ਲੋਕ ਥੀਏਟਰ ਵੇਖਣ ਤੋਂ ਪਹਿਲਾਂ ਮਜ਼ਾ ਮਾਣਦੇ ਸਨ।

ਸਿਨੇਮਾ ਹਾਲਾਂ ਤੇ ਥੀਏਟਰਾਂ ਵਿਚ ਕੋਈ ਸਿਗਰਟ ਨਹੀਂ ਪੀ ਸਕਦਾ, ਇਥੋਂ ਤਕ ਕਿ ਨਾਲ ਵਾਲੀ ਗੈਲਰੀ ਵਿਚ ਵੀ। ਸਿਗਰਟ ਬਾਹਰ ਦੇ ਦਲਾਨਾਂ ਵਿਚ, ਅਤੇ ਖਾਸ ਕਮਰਿਆਂ ਵਿਚ ਜਾਂ ਰੈਸਤੋਰਾਂ ਵਿਚ ਹੀ ਪੀਤੀ ਜਾ ਸਕਦੀ ਹੈ।

ਮੈਂ ਐਵੇਂ ਮਜ਼ਾਕਨ ਆਪਣੇ ਸਾਥੀ ਨੂੰ ਕਿਹਾ ਕਿ ਸਿਗਰਟ ਪੀਣਾ ਤਾਂ ਸਾਡੇ ਸਿਨੇਮਿਆਂ ਵਿਚ ਵੀ ਬੰਦ ਹੈ ਪਰ ਸਾਡੇ ਤਾਂ ਚੋਰੀ ਚੋਰੀ, ਦਾਅ ਲਾ ਕੇ ਕਸ਼ ਲਾ ਹੀ ਲੈਂਦੇ ਹਨ। ਰੂਸੀ ਸਾਥੀ ਨੇ ਕਿਹਾ ਇਧਰ ਚੋਰੀ ਨਹੀਂ ਚਲਦੀ। ਇਸ ਤਰ੍ਹਾਂ ਦੀ ਗਲ ਨਾ ਕਰਨਾ, ਪੁਲਸ ਆ ਜਾਵਗੀ, ਉਸ ਨੇ ਦਸਿਆ ਕਿ ਅਗ ਲਗਣ ਦੇ ਖਤਰੇ ਨੂੰ ਮੁਖ ਰਖਦੇ ਹੋਏ ਇਸ ਤਰ੍ਹਾਂ ਕਰਨਾ ਸਖਤ ਮਨਾ ਹੈ।

ਕੁਝ ਹੀ ਸਮਾਂ ਪਹਿਲਾਂ ਇਕ ਹੋਰ ਥੀਏਟਰ ਕਾਇਮ ਕੀਤਾ ਗਿਆ ਜੋ ਕਿ ਇਕ ਸਟਰੀਟ ਦੇ ਨਾਂਅ ਤੇ ਹੈ। ਇਸ ਵਿਚ ਸਾਰੇ ਨੌਜੁਆਨ ਕਲਾਕਾਰ ਕੰਮ ਕਰਦੇ ਹਨ ਅਤੇ ਉਹਨਾਂ ਨੇ ਹੀ ਇਹ ਕਾਇਮ ਕੀਤਾ ਹੈ। ਇਸ ਵਿਚ ਚਾਰ ਹਜ਼ਾਰ ਸੀਟਾਂ ਦਾ ਪ੍ਰਬੰਧ ਹੈ। ਇਸੇ ਤਰ੍ਹਾਂ ਬਹੁਤ ਵਡਾ ਤੇ ਬਹੁਤ ਪੁਰਾਣਾ ਬਾਲਸ਼ੋਈ ਥੀਏਟਰ ਵੀ ਅਸੀਂ ਵੇਖਿਆ ਜਿਸ ਵਿਚ ਕੋਈ ਦਸ ਹਜ਼ਾਰ ਸੀਟਾਂ ਦਾ ਪ੍ਰਬੰਧ ਹੈ। ਇਹਨਾਂ ਥੀਏਟਰਾਂ ਵਿਚ ਜੋ ਤਕਨੀਕ ਵਰਤੀ ਜਾਂਦੀ ਹੈ, ਜਿਵੇਂ ਬੈਲੇ ਪੇਸ਼ ਕੀਤੇ ਜਾਂਦੇ ਹਨ ਉਹ ਬਿਆਨ ਤੋਂ ਬਾਹਰ ਹੈ ਬਿਨਾਂ ਕੁਝ ਕਹੇ ਨ੍ਰਿਤ ਵਿਚ ਹੀ ਸਾਰੀ ਕਹਾਣੀ ਬਿਆਨ ਕਰ ਦੇਣਾ, ਲੋਕਾਂ ਦਾ ਸਮਝ ਲੈਣਾ ਅਤੇ ਮਜ਼ਾ ਉਠਾਉਣਾ ਕੁਝ ਘਟ ਅਜੂਬਾ ਨਹੀਂ।

(ਚਲਦਾ)

## ਮੇਰੀ ਸੋਵੀਅਤ ਯਾਤਰਾ—੧੦

# ਸਭ ਤੋਂ ਉਚਾ ਟੈਲੀਵੀਯਨ

ਸਰਕਸ ਵਿਚ ਜੋ ਕ੍ਰਿਸ਼ਮੇ ਅਸੀਂ ਵੇਖੇ ਉਹ ਵੀ ਬਿਆਨ ਤੋਂ ਬਾਹਰ ਹਨ। ਸੋਵੀਅਤ ਬਚੇ ਸਰਕਸ ਨੂੰ ਬਹੁਤ ਪਸੰਦ ਕਰਦੇ ਹਨਅਤੇ ਬਹੁਤ ਮਜ਼ਾ ਲੈਂਦੇ ਹਨ।

ਇਕ ਉਦਾਹਰਣ ਲਵੋ। ਸਰਕਸ ਕਰਨ ਵਾਲਿਆਂ ਵਿਚੋਂ ਇਕੋ ਸਾਹਿਬ ਨੇ ਦਰਸ਼ਕਾਂ ਵਿਚੋਂ ਇਕ ਆਦਮੀ ਨੂੰ ਬੁਲਾਇਆ, ਉਸ ਨੂੰ ਮਿਲਿਆ ਤੇ ਫਿਰ ਉਸਨੂੰ ਵਾਪਸ ਭੇਜ ਦਿਤਾ। ਥੋੜ੍ਹੇ ਜਹੇ ਸਮੇਂ ਵਿਚ ਹੀ ਉਸ ਦੀਆਂ ਸਾਰੀਆਂ ਜੇਬਾਂ ਸਾਫ ਕਰ ਦਿਤੀਆਂ ਇਥੋਂ ਤਕ ਇਕ ਉਸਦੀ ਘੜੀ ਵੀ ਲਾਹ ਲਈ। ਪਿਛੋਂ ਉਸ ਨੂੰ ਬੁਲਾ ਕੇ ਕਿਹਾ ਕਿ ਉਸਦੀ ਘੜੀ ਕਿਥੇ ਹੈ। ਫਿਰ ਉਸਦੀ ਜੇਬ ਵਿਚੋਂ ਜੋ ਕਢਿਆ ਸੀ ਉਹ ਦੇ ਦਿਤਾ।

ਸਰਕਸ ਵਿਚ ਮਸਖਰਿਆਂ ਦਾ ਪਾਰਟ ਅਦਾ ਕਰਨ ਵਾਲੇ ਵੀ ਬੜੇ ਮਜ਼ੇਦਾਰ ਅਤੇ ਉਘੇ ਵਿਅਕਤੀ ਸਨ। ਸਿਧਾਏ ਹੋਏ ਜਾਨਵਰ ਕਮਾਲ ਦਾ ਰੋਲ ਅਦਾ ਕਰਦੇ ਸਨ। ਘੋੜ ਸੁਆਰ ਜਿਸ ਕਿਸਮ ਦੀ ਖੇਡ ਕਰਦੇ ਸਨ ਉਹ ਵੀ ਕਮਾਲ ਸੀ।

ਅਤੇ ਇਹ ਪਨੋਰਮਾਂ ਜਿਸ ਦੀ ਚੁੜਾਈ ਕੇਵਲ ਤੇਰਾਂ ਫੁਟ ਤੇ ਉਚਾਈ ਪੰਦਰਾਂ ਫੁਟ ਸੀ, ਵਿਚ ਵਿਰੋਧੀਆਂ ਦੀ ਲੜਾਈ (ਨਪੋਲੀਅਨ ਦੀ ਫੌਜੀ ਚੜ੍ਹਾਈ) ਮੂਰਤਾਂ (ਪੇਂਟਿੰਗ) ਦੁਆਰਾ ਵਿਖਾਈ ਗਈ ਸੀ, ਕਮਾਲ ਤਕਨੀਕ ਨਾਲ ਬਣਾਇਆ ਗਿਆ ਸੀ। ਤੁਸੀਂ ਸੜਦੇ ਮਕਾਨ ਵੇਖ ਸਕਦੇ ਹੋ, ਹੋ ਰਹੀ ਲੜਾਈ ਕਰਦੀਆਂ ਫੌਜਾਂ ਤਕ ਸਕਦੇ ਹੋ। ਕੋਈ ਘੋੜੇ ਤੋਂ ਡਿਗ ਰਿਹਾ ਹੈ, ਕੋਈ ਡਿਗ ਕੇ ਹੇਠਾਂ ਪਿਆ ਹੈ। ਭਾਵੇਂ ਫਾਸਲਾ ਤੇਰਾਂ ਫੁਟ ਦਾ ਹੈ ਪਰ ਵੇਖਣ ਵਿਚ ਤੁਹਾਨੂੰ ਵਿਸ਼ਾਲ ਮੈਦਾਨ ਲਗੇਗਾ, ਦੂਰ ਦੂਰ ਤਕ ਫੌਜਾਂ ਦੀ ਲਾਮਬੰਦੀ ਨਜ਼ਰ ਆਵੇਗੀ। ਫੌਜਾਂ ਲੜਾਈ ਲਈ ਤਿਆਰ ਖੜੀਆਂ ਦਿਸਣਗੀਆਂ। ਰੂਸੀ ਫੌਜਾਂ ਨਪੋਲੀਅਨ ਦੀਆਂ ਫੌਜਾਂ ਦਾ ਮੁਕਾਬਲਾ ਕਰਦੀਆਂ ਤੇ ਵਖੋ ਵਖ ਰਾਹਾਂ ਤੋਂ ਅਗੇ ਵਧਦੀਆਂ ਨਜ਼ਰ ਆਉਂਦੀਆਂ। ਨਿਪੋਲੀਅਨ ਦਾ ਹੈਡਕੁਆਰਟਰ ਵੀ ਤੁਸੀਂ ਵੇਖ ਸਕਦੇ ਹੋ। ਇਸ ਤਰ੍ਹਾਂ ਫੌਜੀ ਮਿਊਜ਼ੀਅਮ ਵਿਚ ਵੀ ਲੜਾਈ ਦਾ ਇਕ ਇਹੋ ਜਿਹਾ ਹੀ ਸੀਨ ਪੇਸ਼ ਕੀਤਾ ਗਿਆ ਹੈ।

ਮਾਸਕੋ ਵਿਚ ਨਾ ਤਾਂ ਅਸੀਂ ਮਾਸਕੋ ਯੂਨੀਵਰਸਿਟੀ ਜਾ ਸਕੇ ਤੇ ਨਾ ਹੀ ਲਮੂੰਬਾ ਯੂਨੀਵਰਸਿਟੀ ਵਿਚ, ਅਸੀਂ ਮਾਸਕੋ ਯੂਨੀਵਰਸਿਟੀ ਤੇ ਉਸਦਾ ਕੱਦ-ਕਾਠ ਕੁਝ ਫਾਸਲੇ ਤੋਂ ਜ਼ਰੂਰ ਵੇਖਿਆ। ਏਨੀ ਉਚੀ ਇਮਾਰਤ ਹੈ ਕਿ ਆਖਰੀ ਚੋਟੀ ਸਾਲਾਂ ਤੋਂ ਵੀ ਉਪਰ ਉਠੀ ਨਜ਼ਰ ਆਉਂਦੀ ਹੈ। ਵੀਹ ਹਜ਼ਾਰ ਵਿਦਿਆਰਥੀ ਉਸ ਵਿਚ ਵਿਦਿਆ ਹਾਸਲ ਕਰਦੇ ਹਨ।

(ਬਾਕੀ ਦੇਖੋ ਸਫ਼ਾ 6)]

ਦੀ ਖਾਸ ਟਰੇਨਿੰਗ ਦੇ ਸਕਦਾ ਹੈ। ਟਰੇਨਿੰਗ ਦੌਰਾਨ ਤੁਹਾਨੂੰ ਰਸਾਇਣ ਸਨਅਤ ਦੇ ਨਿਯਮਾਂ ਅਨੁਸਾਰ 300 ਮਾਰਕ ਤਨਖਾਹ ਮਿਲੇਗੀ........।" ਉਸ ਦਿਨ ਆਈਰੇਨੇ ਨੇ ਆਪਣੇ ਪਤੀ ਨੂੰ ਕਿਹਾ : "ਮੈਂ ਤਾਂ ਫੇਰ ਕੰਮ ਸ਼ੁਰੂ ਕਰਾਂਗੀ ।" ਪਤੀ ਦਾ ਪਹਿਲਾ ਪ੍ਰਤੀ ਕਰਮ ਇਹ ਸੀ : "ਤੇਰਾ ਦਿਮਾਗ ਤਾਂ ਠੀਕ ਹੈ ? ਇਸ ਉਮਰ ਵਿਚ ਇਕ ਦਮ ਨਵਾਂ ਕਿਤਾ ਅਪਨਾਉਣ ਦਾ ਖਿਆਲ ਵੀ ਤੂੰ ਕਿਵੇਂ ਕਰ ਸਕਦੀ ਹੈਂ; ਅਤੇ ਉਹ ਵੀ ਰਸਾਇਣ ਖੇਤਰ ਨਾਲ ਸੰਬੰਧਤ ਕਿੱਤਾ" ਪਰੰਤੂ ਸ੍ਰੀਮਤੀ ਟਾਬਰਟ ਆਪਣੇ ਫੈਸਲੇ ਤੇ ਕਾਇਮ ਰਹੀ । ਅੰਤ ਵਿਚ ਪਤੀ ਤੇ ਬਚਿਆਂ ਨੂੰ ਸਹਿਮਤ ਹੋਣਾ ਪਿਆ। ਮਾਂ ਹੁਣ ਇਕ ਰਸਾਇਣਕ ਮਾਹਰ ਬਣਨ ਚਲੀ ਸੀ।

ਹੁਣ ਜਲਦੀ ਹੀ ਉਹ ਇਕ ਵਧੀਆ ਮਜ਼ਦੂਰ ਬਣ ਜਾਵੇਗੀ। ਉਹ ਜਾਣਦੀ ਹੈ ਕਿ ਉਸ ਨੇ ਜੋ ਫੈਸਲਾ ਕੀਤਾ ਸੀ, ਉਹ ਸਹੀ ਸੀ । ਅਤੇ ਆਪਣੇ ਪਤੀ ਦੇ ਬਾਰੇ ਆਈਰੇਨੇ ਦਾ ਕਹਿਣਾ ਹੈ ਕਿ, 'ਉਹ ਨਵੀਂ ਸਥਿਤੀ ਤੋਂ ਸੰਤੁਸ਼ਟ ਹੈ। ਜਿਥੇ ਕਿਤੇ ਵੀ ਸੰਭਵ ਹੋ, ਉਹ ਮੇਰੇ ਕੰਮ ਵਿਚ ਹਥ ਵੰਡਾਉਂਦਾ ਹੈ। ਸ਼ੁਕਰਵਾਰ ਨੂੰ ਜਦੋਂ ਮੈਂ ਘਰ ਵਾਪਸ ਆਉਂਦੀ ਹਾਂ ਤਾਂ ਸਾਡੇ ਫਲੈਟ ਦੇ ਫਰਸ਼ ਸ਼ੀਸ਼ੇ ਵਾਂਗ ਸਾਫ ਹੋਏ ਹੁੰਦੇ ਹਨ।"

ਹਰ ਸਵੇਰ, ਕਾਰਖਾਨੇ ਦਾ ਇਕ ਬਸ ਆਈਰੇਨੇ ਅਤੇ ਉਸ ਵਰਗੀਆਂ 57 ਹੋਰਨਾਂ ਨੂੰ ਰਸਾਇਣਕ ਕਾਰਖਾ-ਨਿਆਂ ਦੇ ਸਕੂਲ ਲੈ ਜਾਂਦੀਆਂ ਹਨ। ਉਹਨਾਂ ਵਿਚੋਂ ਕੁਝ ਆਪਣੇ ਬਚਿਆਂ ਨੂੰ ਵੀ ਨਾਲ ਲੈ ਜਾਂਦੀਆਂ ਹਨ, ਜਿਹਨਾਂ ਨੂੰ ਉਹ ਉਹਨਾਂ ਦੇ ਕਿੰਡਰਗਾਰਟਨ ਅਤੇ ਬਚੇ-ਪਾਲਣ ਘਰ ਵਿਚ ਛਡ ਜਾਂਦੀ ਹੈ।

# ਮੇਰੀ ਸੋਵੀਅਤ ਯਾਤਰਾ

(ਸਫਾ 2 ਦੀ ਬਾਕੀ)

ਲਮੂੰਬਾ ਯੂਨੀਵਰਸਿਟੀ ਵਿਚ ਸਾਥੀ ਨਵਤੇਜ ਸਿੰਘ ਦੇ ਸਪੁਤਰ ਵਿਦਿਆ ਹਾਸਲ ਕਰਨ ਲਈ ਗਏ ਹੋਏ ਹਨ। ਖਾਹਸ਼ ਦੇ ਬਾਵਜੂਦ ਉਹਨਾਂ ਨਾਲ ਮੁਲਾਕਾਤ ਨਾ ਹੋ ਸਕੀ। ਪਰ ਇਕ ਪੰਜਾਬੀ ਲੜਕੀ ਜੋ ਉਸ ਯੂਨੀਵਰਸਿਟੀ ਵਿਚ ਪੜ੍ਹਦੀ ਸੀ, ਸਾਨੂੰ ਮਿਲਣ ਲਈ ਹੋਟਲ ਵਿਚ ਪਹੁੰਚ ਗਈ।

ਅਤੇ ਅਕਾਸ਼ ਨਾਲ ਗਲਾਂ ਕਰਦਾ ਹੋਇਆ ਟੈਲੀਵੀਜ਼ਨ ਕੇਂਦਰ ਵੀ ਅਸੀਂ ਵੇਖਿਆ ਜਿਸ ਦੀ ਉਚਾਈ 533 ਮੀਟਰ ਹੈ ਜੇ ਇਸ ਉਤੇ ਲਗੇ ਝੰਡੇ ਦੀ ਉਚਾਈ ਵੀ ਸ਼ਾਮਲ ਕਰ ਲਈ ਜਾਵੇ ਤਾਂ ਇਹ ਉਚਾਈ 537 ਮੀਟਰ ਹੋ ਜਾਂਦੀ ਹੈ। ਅਸੀਂ ਅਜੇ ਲਿਫਟ ਦੁਆਰਾ ਦਰਮਿਆਨ ਹੀ ਪੁਜੇ ਸਾਂ, ਇਹ ਸਤਵੀਂ ਮੰਜ਼ਲ ਸੀ, 337 ਮੀਟਰ ਦੀ ਉਚਾਈ ਤੇ ਇਥੋਂ ਮਾਸਕੋ ਦਾ ਨਜ਼ਾਰਾ ਕਰਨ ਦਾ ਬੜਾ ਮਜ਼ਾ ਆਇਆ। ਬਿਲਕੁਲ ਉਸੇ ਤਰ੍ਹਾਂ ਜਿਵੇਂ ਹਵਾਈ ਜਹਾਜ਼ ਤੋਂ ਨਜ਼ਾਰਾ ਕਰਨ ਦਾ ਮਜ਼ਾ ਆਉਂਦਾ ਹੈ। ਠੰਡ ਏਨੀ ਸੀ ਕਿ ਇਸ ਤੋਂ ਉਪਰ ਜਾਣ ਦਾ ਸੁਆਲ ਹੀ ਨਹੀਂ ਸੀ ਉਠਦਾ। ਅਜੇ ਇਥੋਂ ਕੇਵਲ ਚਾਰ ਪਰੋਗਰਾਮ ਹੀ ਵਿਖਾਏ ਜਾਂਦੇ ਹਨ। 1969 ਤਕ ਪੰਜ ਪਰੋਗਰਾਮ ਹੋ ਜਾਣਗੇ। ਇਸ ਟੈਲੀਵੀਜ਼ਨ ਦਾ ਕੁਲ ਵਜ਼ਨ 60 ਹਜ਼ਾਰ ਟਨ ਹੈ,25 ਹਜ਼ਾਰ ਟਨ ਜ਼ਮੀਨ ਵਿਚ ਅਤੇ 35 ਹਜ਼ਾਰ ਟਨ ਜ਼ਮੀਨ ਤੋਂ ਉਪਰ। ਇਸ ਵਿਚ ਇਕ ਸਤਵਾਂ ਅਕਾਸ਼ ਰੈਸਟੋਰਾਂ ਹੈ। ਡੇਢ ਮਿੰਟ ਵਿਚ ਹੇਠਾਂ ਤੋਂ ਉਪਰ ਖਾਣਾ ਪਹੁੰਚ ਜਾਂਦਾ ਹੈ।

(ਚਲਦਾ)

ਮੇਰੀ ਮਾਸਕੋ ਯਾਤਰਾ—੧੧

# ਕਿਹੋ ਜਿਹਾ ਜੀਵਨ ਹੋਵੇਗਾ ਇਹਨਾਂ ਬਚਿਆਂ ਦਾ

—ਵੀਰ ਭਾਨ ਭੁਲਰ—

ਨਵੇਂ ਸਾਲ ਦਾ ਬਜਟ ਪੇਸ਼ ਹੋਣ ਵਾਲਾ ਸੀ ਅਸੀਂ ਵੀ ਪਾਰਲੀਮੈਂਟ ਹਾਊਸ ਪਹੁੰਚ ਗਏ ' ਸਾਡੀ ਕੋਈ ਤਲਾਸ਼ੀ ਆਦਿ ਨਾ ਲਈ ਗਈ ਜਿਵੇਂ ਕਿ ਆਪਣੀ ਪਾਰਲੀਮੈਂਟ ਵੇਖਦੇ ਸਮੇਂ ਲਈ ਗਈ ਸੀ। ਅਸੀਂ ਵੀ ਵਖ ਵਖ ਗਣਰਾਜਾਂ ਵਲੋਂ ਆਏ ਹੋਏ ਸੈਂਕੜੇ ਪ੍ਰਤੀਨਿਧਾਂ ਨਾਲ ਹੀ ਬਹਿ ਗਏ। ਸਾਥੀ ਕੋਸੀਗਿਨ ਤੇ ਦੂਜੇ ਆਗੂ ਸਟੇਜ ਤੇ ਬੈਠੇ ਹੋਏ ਸਨ। ਬਜਟ ਸੀ—ਸਾਮਰਾਜੀ ਤਾਕਤਾਂ ਨੂੰ ਨਕੇਲ ਪਾਉਣ ਲਈ, ਅਮਨ ਲਈ ਤੇ ਲੋਕਾਂ ਦੀ ਭਲਾਈ ਲਈ, ਸਾਰੇ ਪ੍ਰਤੀਨਿਧ ਤਾਲੀਆਂ ਦੀ ਗੂੰਜ ਨਾਲ ਇਸ ਦਾ ਸੁਆਗਤ ਕਰ ਰਹੇ ਸਨ।

ਪਾਇਨੀਅਰ ਕੈਂਪ ਵੀ ਅਪਣੀ ਮਿਸਾਲ ਆਪ ਪੇਸ਼ ਕਰਦੇ ਸਨ। ਬਚੇ ਪੜ੍ਹਾਈ ਸਮੇਂ ਸਕੂਲਾਂ ਵਿਚ ਵਿਦਿਆ ਹਾਸਲ ਕਰਦੇ ਹਨ। ਉਸ ਤੋਂ ਪਿਛੋਂ ਪਾਇਨੀਅਰ ਕੈਂਪਾਂ ਵਿਚ ਵਖ ਵਖ ਪਰਕਾਰ ਦਾ ਹੁਨਰ ਸਿਖਦੇ ਹਨ—— ਸਿਨੇਮਾ ਤੇ ਫੋਟੋ ਗਰਾਫੀ ਬਾਰੇ ਹੁਨਰ, ਪਖੇ ਬਣਾਉਣ, ਜਹਾਜ਼ਾਂ ਦੇ ਡੀਜ਼ਾਈਨ ਤਿਆਰ ਕਰਨਾ, ਡਾਨਸ, ਗੀਤਾਂ ਖੇਡਾਂ ਦਾ ਹੁਨਰ ਆਦਿ ਅਨੇਕਾਂ ਹੁਨਰ। ਜਿਹੜਾ ਪਾਇਨੀਰ ਕੈਂਪ ਅਸੀਂ ਵੇਖਿਆ ਉਸ ਦਾ ਜ਼ਮੀਨ ਦੋੜ ਖੇਡ ਦਾ ਮੈਦਾਨ ਵੀ ਸੀ ਤਾਂ ਜੋ ਬਰਫਬਾਰੀ ਦਾ ਕੋਈ ਅਸਰ ਨਾ ਹੋਵੇ।

ਹੁਣ ਤੁਸੀਂ ਆਪ ਹੀ ਅਨੁਮਾਨ ਲਾਓ ਕਿ ਜੋ ਬਚੇ ਨਰਸਰੀਆਂ, ਕਿੰਡਰ-ਗਾਰਟਨਾਂ ਵਿਚ ਪੜ ਕੇ ਸਕੂਲਾਂ ਵਿਚ ਮੁਫਤ ਵਿਦਿਆ ਲੈਕੇ ਪਾਇਨੀਅਰ ਕੈਂਪਾਂ ਵਿਚ ਹੁਨਰ ਸਿਖ ਕੇ ਵਡੇ ਹੋਣਗੇ। ਕਾਲਜਾਂ ਵਿਚ ਸਰਕਾਰ ਤੋਂ ਵਜ਼ੀਫਾ ਹਾਸਲ ਕਰਨਗੇ ਨਾਲ ਹੀ ਟੈਕਨੀਕਲ ਸਕੂਲ ਜਿਹਨਾਂ ਦੀ ਮਦਦ ਲਈ ਹਾਜ਼ਰ ਹੋਣ ਉਹਨਾਂ ਦਾ ਜੀਵਨ ਕਿਹੋ ਜਿਹਾ ਹੋਵੇਗਾ। ਪਿਛੇ ਜਹੇ ਹੀ ਵਾਲਗਾ ਇਲਾਕੇ ਵਿਚ ਵਾਲਗਾ ਗਰਾਡ ਵਿਚ ਇਕ ਹੋਰ ਜ਼ਿਲੇ ਦੇ ਮੈਪਾਨੇ ਦਾ ਨੌਜੁਆਨਾਂ ਤੇ ਸਕੂਲ ਦੇ ਬਚਿਆਂ ਦਾ ਇਕ ਪਾਇਨੀਅਰ ਕੈਂਪ ਖੋਲਿਆ ਗਿਆ ਹੈ। ਜੋ ਕਿ ਇਕ ਸੁਗਾਤ ਹੈ। ਇਹ ਕੋਈ 6000 ਵਰਗ ਮੀਟਰ ਵਿਚ ਹੋਵੇਗਾ।

ਮੇਰੀ ਸੋਵੀਅਤ ਯਾਤਰਾ–੧੨

# ਕਮਿਊਨਿਸਟ ਕੌਣ ਹਨ

–ਵੀਰ ਭਾਨ ਭੁਲਰ–

ਇੱਕ ਸ਼ਾਮ ਸਾਥੀ ਸਾਨੂੰ ਲੈਨਿਨ ਹਿੱਲ ਤੇ ਲੈ ਗਏ। ਹੇਠਾਂ ਮਾਸਕੋ ਦਰਿਆ ਵਹਿ ਰਿਹਾ ਸੀ ਸਾਹਮਣੇ ਨੌਜੁਆਨ ਲੜਕੇ-ਲੜਕੀਆਂ ਢਾਉੜੀਆਂ ਜਾਂ ਚੌਕੀਆਂ ਤੇ ਬਹਿ ਕੇ ਢਿਲਿਆਂ ਤੋਂ ਹੇਠਾਂ ਚਿਤੜਦੇ। ਇਹ ਵੀ ਆਪਣੀ ਕਿਸਮ ਦਾ ਹੀ ਖੇਡ ਤਮਾਸ਼ਾ ਹੈ। ਲੈਨਿਨ ਹਿਲ ਤੇ ਰਾਤ ਵੇਲੇ ਜਦੋਂ ਮਾਸਕੋ ਦਾ ਨਜ਼ਾਰਾ ਕੀਤਾ ਤਾਂ ਬਹੁਤ ਹੀ ਸੁੰਦਰ ਲਗਾ। ਇਹ ਸਭ ਕੁਝ ਸੰਭਵ ਹੋਇਆ? ਨਿਸਚੇ ਹੀ ਕਮਿਊਨਿਸਟ ਪਾਰਟੀ ਤੇ ਸਾਥੀ ਲੈਨਿਨ ਵਰਗੇ ਦੂਰ-ਦਰਸ਼ੀ ਲੀਡਰ ਜਿਸ ਨੇ ਬੜੇ ਨਾਜ਼ਕ ਮੌੜਾਂ ਤੇ ਪਾਰਟੀ ਨੂੰ ਸਹੀ ਸਲਾਮਤ ਕਢਿਆ ਅਤੇ ਹਰ ਪਾਰਟੀ ਦੀ ਯੋਗ ਅਗਵਾਈ ਕੀਤੀ। ਕਾਰਨ ਹੀ ਇਹ ਸਭ ਕੁਝ ਹੋ ਸਕਿਆ।

**ਮੀਟਰੋ** ਮਾਸਕੋ ਵੇਖੋ, ਮਾਸਕੋ ਵਾਲੇ ਵੇਖੋ, ਪਰ ਮੀਟਰੋ ਵੇਖਣਾ ਕਦੇ ਨਾ ਭੁਲੋ। ਸਟੇਸ਼ਨ ਦੇ ਅੰਦਰ ਜਾਣ ਤੋਂ ਪਹਿਲਾਂ ਪੰਜ ਕੋਪਿਕ ਦੀ ਟਿਕਟ ਲੈਣਾ ਨਾ ਭੁਲੋ ਜਾਂ ਪੰਜ ਕੋਪਕ ਮਸ਼ੀਨ ਵਿਚ ਪਾ ਦਿਓ। ਇਸ ਤਰ੍ਹਾਂ ਨਾ ਹੋਣ ਤੇ ਤੁਸੀਂ ਅੰਦਰ ਨਹੀਂ ਜਾ ਸਕਦੇ। ਖੁਲ੍ਹਾ ਫਾਟਕ ਬੰਦ ਹੋ ਜਾਵੇਗਾ। ਤੁਸੀਂ ਬਾਹਰ ਹੀ ਰਹਿ ਜਾਵੋਗੇ ਅਤੇ ਫਿਰ ਪਲੇਟਫਾਰਮ ਤੇ ਵੀ ਨਾ ਉਤਰ ਸਕੋਗੇ। ਪੰਜ ਕੋਪਕ ਪਾ ਕੇ ਅੰਦਰ ਜਾਉ। ਜਿਹੜਾ ਪਟਾ ਚਲ ਰਿਹਾ ਹੋਵੇ ਉਸ ਤੇ ਖਲੋ ਜਾਓ। ਤੁਸੀਂ ਹੇਠਾਂ ਪਲੇਟ ਫਾਰਮ ਤੇ ਪਹੁੰਚ ਜਾਵੋਗੇ। ਇਹ ਅੰਡਰ ਗਰਾਊਂਡ ਰੇਲਵੇ ਹੈ ਜੋ ਮੀਟਰੋ ਅਖਵਾਂਦੀ ਹੈ। ਤੁਸੀਂ ਪਲੇਟ ਫਾਰਮ ਤੇ ਪੁਜ ਜਾਓ। ਗਡੀ ਆਉਣ ਵਾਲੀ ਹੋਵੇਗੀ ਜਾਂ ਚਲ ਜਾਵੇਗੀ। ਤੁਹਾਡੇ ਖਲੋਤੇ ਖਲੋਤੇ ਗਡੀ ਫਿਰ ਆ ਜਾਵੇਗੀ। ਫਾਟਕ ਖੁਲ ਜਾਣਗੇ। ਸੁਆਰੀਆਂ ਉਤਰਨਗੀਆਂ, ਸੁਆਰ ਹੋਣਗੀਆਂ। ਤੁਸੀਂ ਵੀ ਸੁਆਰ ਹੋ ਜਾਓ। ਫਾਟਕ ਬੰਦ ਹੋ ਜਾਵੇਗਾ। ਸੱਠ ਸਟੇਸ਼ਨਾਂ ਵਿਚੋਂ ਜਿਥੇ ਤੁਹਾਡਾ ਜੀ ਕਰੇ ਉਤਰ ਜਾਓ। ਕੇਵਲ ਪੰਜ ਕੋਪਕਾਂ ਵਿਚ। ਟਰਾਮ, ਟਰਾਲੀ, ਬਸ ਤੇ ਕਾਰ ਦਾ ਕਰਾਇਆ ਵੀ ਬੜਾ ਮਾਮੂਲੀ ਹੈ। ਇਸ ਦੇ ਬਾਵਜੂਦ ਜੇ ਤੁਸੀਂ ਕਾਰ ਖਰੀਦਣ ਲਈ ਬਚਾ ਸਕਦੇ ਹੋ ਤਾਂ ਕਾਰ ਖਰੀਦ ਲਵੋ-ਪਰ ਜ਼ਾਤੀ ਸਹੂਲਤ ਲਈ, ਘੁਮਾਉਣ ਲਈ ਨਹੀਂ।

## ਉਹ ਦੇਸ਼ ਦੇ ਹੀਰੋ ਹਨ!

ਕੌਣ? ਉਹ ਜੋ ਸਰਵੋਤਮ ਕੰਮ ਕਰਨ ਵਾਲੇ ਹਨ। ਫੈਕਟਰੀਆਂ, ਅਦਾਰਿਆਂ, ਸ਼ਾਪਾਂ, ਫਾਰਮਾਂ, ਇਲਾਕਿਆਂ (ਰਿਜਨਾਂ) ਵਿਚ ਉਹਨਾਂ ਦੀਆਂ ਤਸਵੀਰਾਂ ਲਗਦੀਆਂ ਹਨ। ਇਹ ਤਰੀਕਾ ਸਾਰੇ ਸੋਵੀਅਤ ਰੂਸ ਵਿਚ ਹੈ। ਜਿਥੇ ਵੀ ਅਸੀਂ ਗਏ। ਅਸਾਂ ਵੇਖਿਆ ਸਰਵੋਤਮ ਕੰਮ ਕਰਨ ਵਾਲੇ ਨੂੰ ਹੀਰੋ ਸਮਝਿਆ ਜਾਂਦਾ ਹੈ। ਉਹਨਾਂ ਦਾ ਮਾਨ ਵਧਾਉਣ ਲਈ, ਦੂਜਿਆਂ ਨੂੰ ਉਤਸ਼ਾਹ ਦੇਣ ਲਈ ਇਕ ਵਧੀਆ ਤਰੀਕਾ ਹੈ।

**ਅਤੇ** ਮੈਂ ਇਹ ਵੀ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਸਰਵੋਤਮ ਵਰਕਰ ਅਤੇ ਹਰ ਅਦਾਰੇ ਵਿਚਲੇ ਸਰਵੋਤਮ ਲੋਕ ਹੀ ਕਮਿਊਨਿਸਟ ਪਾਰਟੀ ਦੇ ਮੈਂਬਰ ਹਨ, ਅਤੇ ਬਣਾਏ ਜਾਂਦੇ ਹਨ। ਫੈਕਟਰੀਆਂ ਤੇ ਹਰ ਪ੍ਰਕਾਰ ਦੇ ਅਦਾਰਿਆਂ ਵਿਚ ਮਜ਼ਬੂਤ ਟਰੇਡ ਯੂਨੀਅਨ ਤੇ ਕਮਿਊਨਿਸਟ ਜਥੇਬੰਦੀ ਮੌਜੂਦ ਹੈ, ਜੋ ਨਾ ਕੇਵਲ ਦੇਸ਼ ਦੀ ਆਰਥਿਕ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਸਰਗਰਮ ਰਹਿੰਦੀ ਹੈ ਸਗੋਂ ਵਰਕਰਾਂ ਲਈ ਵਧੀਆ ਸਹੂਲਤਾਂ ਹਾਸਲ ਕਰਦੀ ਤੇ ਉਹਨਾਂ ਦੇ ਹਿਤਾਂ ਦੀ ਰਖਿਆ ਕਰਦੀ ਹੈ।

ਸਾਡੇ ਦੇਸ਼ ਵਿਚ, ਬੰਬਈ ਵਿਚ ਪਿਛਲੇ ਦਿਨੀਂ ਸ਼ਿਵ ਸੈਨਾ ਨੇ ਤਬਾਹੀ ਮਚਾਈ। ਇਸ ਵੇਲੇ ਸਾਰੇ ਦੇਸ਼ ਵਿਚ ਇਹ ਚਰਚਾ ਚਲ ਰਹੀ ਹੈ ਕਿ ਇਹੋ ਜਹੀਆਂ ਸਰਗਰਮੀਆਂ ਲਈ ਅਮਰੀਕੀ ਖੁਫੀਆ ਵਿਭਾਗ ਵਲੋਂ ਸ਼ਹਿ ਦਿਤੀ ਜਾਂਦੀ ਹੈ। ਇਹ ਗਲ ਵੀ ਸਭ ਜਾਣਦੇ ਹਨ ਕਿ ਦੇਸ਼ ਵਿਚ ਫਿਰਕੂ ਫਸਾਦ ਕਰਨ ਵਾਲੇ ਅਮਰੀਕੀ ਸਾਮਰਾਜੀਆਂ ਦੇ ਚਹੇਤੇ ਹਨ। ਇਸ ਲਈ ਜੇ ਕੋਈ ਇਹ ਸ਼ਕ ਕਰੇ ਕਿ ਸ਼ਿਵ ਸੈਨਾ ਦਾ ਬੰਬਈ ਕਾਂਡ

(ਬਾਕੀ ਸਫਾ 5 ਤੇ)

ਲਾਗੋਸ ਦੇ ਸਰਕਾਰੀ ਅਖਬਾਰ ਸੰਡੇ ਪੋਸਟ ਨੇ ਲਿਖਿਆ ਹੈ, ਅਮਰੀਕੀ ਨੀਤੀ ਦਾ ਉਦੇਸ਼ ਇਹ ਹੈ ਕਿ ਅਮਰੀਕੀ ਰਾਜ ਪਰਬੰਧ ਤੇ ਅਮਰੀਕੀ ਅਜਾਰੇਦਾਰ ਦੋਵੇਂ ਇਹ ਨਹੀਂ ਚਾਹੁੰਦੇ ਕਿ ਨਾਇਜੇਰੀਆ ਸ਼ਕਤੀਸ਼ਾਲੀ, ਇਕਮੁਠ ਤੇ ਸਹੀ ਅਰਥਾਂ ਵਿਚ ਅਜ਼ਾਦ ਦੇਸ਼ ਬਣੇ। ਉਹਨਾਂ ਨੂੰ ਕਮਜ਼ੋਰ ਆਜ਼ਾਦ ਨਾਇਜੇਰੀਆ ਦੀ ਲੋੜ ਹੈ। ਉਹ ਚਾਹੁੰਦੇ ਹਨ ਕਿ ਅਫ਼ਰੀਕੀ ਦੇਸ਼ਾਂ ਵਿਚ ਅੰਦਰੂਨੀ ਮਤਭੇਦਾਂ ਕਾਰਨ ਫੁਟ ਪਈ ਰਹੇ ਕਿਉਂਜੋ ਇਹੋ ਜਿਹੇ ਨਾਇਜੇਰੀਆ ਤੇ ਇਹੋ ਜਿਹੇ ਅਫਰੀਕੀ ਦੇਸ਼ਾਂ ਉਤੇ ਆਪਣਾ ਹੁਕਮ ਚਲਾਉਣਾ ਅਮਰੀਕਾ ਲਈ ਸੁਖਾਲਾ ਹੋਵੇਗਾ

"ਅਮਰੀਕਾ ਨੇ ਨਾਇਜੇਰੀਆ 'ਚ ਜਿਹੜੀ ਨੀਤੀ ਧਾਰਨ ਕੀਤੀ ਹੋਈ ਹੈ ਉਸ ਵਿਚ ਅਮਰੀਕੀ ਅਜਾਰੇਦਾਰੀ ਦਾ ਹਿੱਸਾ ਕੋਈ ਘਟ ਨਹੀਂ ਨਾਇਜੇਰੀਆ ਦਾ ਤੇਲ ਵਧੀਆ ਕਿਸਮ ਦਾ ਹੈ। ਇਸ ਤੇਲ ਦੀ ਸਨਅਤ ਵਿਚ ਅਮਰੀਕਾ ਦਾ ਹਿੱਸਾ ਕੇਵਲ 10ਫੀ ਸਦੀ ਹੈ। ਇੰਨੇ ਥੋੜ੍ਹੇ ਹਿੱਸੇ ਉਤੇ ਅਮਰੀਕੀ ਅਜਾਰੇਦਾਰਾਂ ਨੂੰ ਸੰਤੁਸ਼ਟਤਾ ਨਹੀਂ ਇਸ ਲਈ ਉਹ ਨਾਇਜੇਰੀਆ ਦੇ ਤੇਲ ਉਤੇ ਕੰਟਰੋਲ ਪਰਾਪਤ ਕਰਨ ਲਈ ਨਾਇਜੇਰੀਆ ਦੇ ਕਿਸੇ ਵੀ ਮੁਹਿੰਮਬਾਜ਼ ਦੀ ਪਰੋੜਤਾ ਕਰਨ ਲਈ ਤਤਪਰ ਰਹਿੰਦੇ ਹਨ, ਇਸੇ ਲਈ ਉਜੂਕਵੂ ਨੂੰ ਇੰਨੇ ਵਧ ਵਧ ਅਸਰਦਾਰ ਪਿਜ ਪੂਰਨ ਵਾਲੇ ਮਿਲ ਗਏ ਹਨ।"

## ਚੈਕੋਸਲੋਵਾਕੀਆ ਲਈ ਅਲਜੇਰੀਅਨ ਲੋਹਾ

ਪਰਾਗ, 17 ਮਾਰਚ——ਇਸ ਸਾਲ ਅਲਜੇਰੀਆ ਤੋਂ ਦੋ ਲਖ ਟਨ ਵਧੀਆ ਕਚਾ ਲੋਹਾ ਚੈਕੋਸਲੋਵਾਕੀਆ ਨੂੰ ਭੇਜਿਆ ਜਾਵੇਗਾ। ਇਸ ਸਬੰਧ ਵਿਚ ਅਲਜਾਇਰਜ਼ ਵਿਚ ਇਕ ਸਮਝੌਤੇ ਉਤੇ ਦਸਖਤ ਕੀਤੇ ਗਏ। ਇਸ ਕਚੀ ਧਾਤ ਵਿਚ 53 ਤੋਂ 57 ਫੀ ਸਦੀ ਤਕ ਲੋਹਾ ਹੋਵੇਗਾ।

## ਕਮਿਊਨਿਸਟ ਕੌਣ ਹਨ

(2 ਸਫ਼ਾ ਦੀ ਬਾਕੀ)

ਤੇ ਥਾਂ ਥਾਂ ਕੀਤੇ ਗਏ ਫਿਰਕੂ ਫਸਾਦ ਉਸੇ ਗਲ ਦੀ [illegible] ਹਨ ਜੋ ਕੁਝ ਸਾਮਰਾਜੀਆਂ ਦੀ ਸ਼ਹਿ ਤੇ ਨਾਇਜੇਰੀਆ ਵਿਚ ਹੋ ਰਿਹਾ ਹੈ।

ਸਾਡੇ ਦੇਸ਼ ਵਿਚ ਬਾਰ ਬਾਰ ਇਹ ਆਵਾਜ਼ ਉਠੀ ਹੈ ਕਿ ਦੇਸ਼ ਵਿਚ ਅਮਰੀਕੀ ਖੁਫੀਆ ਵਿਭਾਗ ਦੀਆਂ ਸਰਗਰਮੀਆਂ ਦੀ ਜਾਂਚ ਕਰਵਾਈ ਜਾਵੇ ਤੇ ਲੋਕਾਂ ਨੂੰ ਸਾਰੀਆਂ ਹਕੀਕਤਾਂ ਤੋਂ ਜਾਣੂ ਕੀਤਾ ਜਾਵੇ, ਪਰ ਅਜੇ ਤਕ ਇਸ ਸਬੰਧ ਵਿਚ ਸਰਕਾਰ ਕੁਝ ਨਹੀਂ ਕਰ ਸਕੀ। ਇਹ ਅਣਗਹਿਲੀ ਬੜੀ ਮੁਜਰਮਾਨਾ ਹੈ ਤੇ ਇਕ ਦਮ ਤੱਜੀ ਜਾਣੀ ਚਾਹੀਦੀ ਹੈ। ਦੇਸ਼ ਦੇ ਹਿਤ ਮੰਗ ਕਰਦੇ ਹਨ ਕਿ ਲੋਕਾਂ ਨੂੰ ਸਾਮਰਾਜੀਆਂ ਵਲੋਂ ਦੇਸ਼ ਦੇ ਅੰਦਰ ਕੀਤੀਆਂ ਜਾ ਰਹੀਆਂ ਸਾਜ਼ਸ਼ਾਂ ਤੋਂ ਪੂਰੀ ਤਰ੍ਹਾਂ ਬਾਖਬਰ ਕੀਤਾ ਜਾਵੇ।

——ਰਮਦਾ

ਸਾਥੀ ਸੁਰਜਣ ਸਿੰਘ ਜ਼ੀਰਵੀ ਪਰਿੰਟਰ ਤੇ ਪਬਲਿਸ਼ਰ ਨੇ
ਜਵਾਮੀ ਪ੍ਰਿੰਟਿੰਗ ਪਰੈਸ, ਜੀ. ਟੀ. ਰੋਡ ਜਲੰਧਰ ਤੋਂ
ਛਪਵਾ ਕੇ ਵਾਸਤੇ ਕਮਿਊਨਿਸਟ ਪਾਰਟੀ ਪੰਜਾਬ ਸਟੇਟ
ਕੌਂਸਲ ਪਰਕਾਸ਼ਤ ਕੀਤਾ


ਮੇਰੀ ਸੋਵੀਅਤ ਯਾਤਰਾ—੧੩

# ਜੋ ਕਦੇ ਨਿੱਕੀ ਜੇਹੀ ਫੈਕਟਰੀ ਸੀ

ਵੀਰ ਭਾਨ ਭੁਲਰ

ਮਾਸਕੋ ਵਿਚ ਲਗ ਭਗ ਪੰਦਰਾਂ ਸੌ ਸਨਅਤੀ ਅਦਾਰਿਆਂ ਵਿਚੋਂ ਇਕ ਸੀ "ਅਰਜਨ ਕੀ ਮੈ ਮਸ਼ੀਨ ਟੂਲਜ਼ ਪਲਾਂਟ"। ਪਹਿਲਾਂ ਇਹ ਸਮਾਲ ਮਸ਼ੀਨ ਟੂਲਜ਼ ਫੈਕਟਰੀ ਸੀ। ਵਰਕਰਾਂ ਨੇ ਪੰਜ ਸਾਲਾਂ ਵਿਚ ਪੰਜ ਗੁਣਾਂ ਪੈਦਾਵਾਰ ਕਰ ਦਿਤੀ। 1939 ਵਿਚ ਇਸ ਦੀ ਬੁਨਿਆਦ ਤੇ ਹੋਰ ਕਾਰਖਾਨੇ ਬਣਾਏ ਗਏ। 1941 ਵਿਚ ਹਿਟਲਰੀ ਹਮਲੇ ਵੇਲੇ ਇਸ ਨੂੰ ਹਟਾ ਦਿਆ ਗਿਆ। 1952 ਵਿਚ ਫਿਰ ਇਸ ਨੂੰ ਬਹਾਲ ਕੀਤਾ ਗਿਆ। ਇਸ ਪਲਾਂਟ ਨੇ ਪੰਜ ਸਾਲਾ ਯੋਜਨਾ ਦੋ ਸਾਲ ਪਹਿਲਾਂ ਪੂਰੀ ਕਰ ਦਿਤੀ। 1939 ਵਿਚ ਇਸ ਨੇ ਲੈਨਿਨ ਇਨਾਮ ਹਾਸਲ ਕੀਤਾ। ਇਸ ਪਲਾਂਟ ਵਿਚ ਟਰੈਕਟਰ, ਜ਼ਰਾਇਤੀ ਮਸ਼ੀਨਾਂ ਤੇ ਦੂਜੀਆਂ ਮਸ਼ੀਨਾਂ ਤਿਆਰ ਕੀਤੀਆਂ ਜਾਂਦੀਆਂ ਹਨ। ਕਾਰਖਾਨੇ ਤਿਆਰ ਕਰਨ ਵਾਲੇ ਮਸ਼ੀਨ ਟੂਲਜ਼ ਬਣਾਏ ਜਾਂਦੇ ਹਨ। ਭਾਰਤ ਸਮੇਤ ਵੀਹ ਦੇਸ਼ਾਂ ਦਾ ਇਹ ਕਾਰਖਾਨਾ ਪਟਨ ਕਦਦਾ ਹੈ। 200 ਟਾਊਨ ਪਲਾਂਟ ਇਸ ਦੀ ਸਹਾਇਤਾ ਨਾਲ ਬਣਾਏ ਗਏ ਹਨ। ਪਲਾਂਟ ਨੂੰ ਹੋਰ ਵਧਾਇਆ ਜਾ ਰਿਹਾ ਹੈ। ਪੁਰਾਣੀ ਮਸ਼ੀਨਰੀ ਦੀ ਥਾਂ ਨਵੀਂ ਮਸ਼ੀਨਰੀ ਲਾਈ ਜਾ ਰਹੀ ਹੈ।

ਕਾਰਖਾਨੇ ਵਿਚ ਟਰੇਡ ਯੂਨੀਅਨ ਮੌਜੂਦ ਹੈ। ਪਾਰਟੀ ਜਥੇਬੰਦੀ ਵੀ ਹੈ। ਕੋਈ ਸ਼ਾਪ ਐਹੋ ਜਿਹੀ ਨਹੀਂ ਜਿਸ ਵਿਚ ਪਾਰਟੀ ਜਥੇਬੰਦੀ ਮੌਜੂਦ ਨਾ ਹੋਵੇ। ਅਸੀਂ ਵਖ ਵਖ ਪਾਰਟੀ ਸ਼ਾਪਾਂ ਦੇ ਸਕੱਤਰਾਂ ਨੂੰ ਵੀ ਮਿਲੇ। 70 ਫੀ ਸਦੀ ਮਾਸਟਰ ਪਾਰਟੀ ਜਥੇਬੰਦੀ ਦੇ ਮੈਂਬਰ ਹਨ। ਡਾਇਰੈਕਟਰ ਵੀ ਪਾਰਟੀ ਮੈਂਬਰ ਹੈ ਅਤੇ ਪਾਰਟੀ ਦੇ ਫੈਸਲਿਆਂ ਦੀ ਪਾਬੰਦੀ ਕਰਦਾ ਹੈ। ਪਲਾਂਟ ਵਿਚ 600 ਪਾਰਟੀ ਮੈਂਬਰ ਤੇ 63 ਉਮੀਦਵਾਰ ਮੈਂਬਰ ਹਨ। ਪਾਰਟੀ ਗਰੁਪ ਵੀ ਮੌਜੂਦ ਹਨ। ਹਰ ਪਧਰ ਤੇ ਪਾਰਟੀ ਰੀਪੋਰਟਾਂ ਸੁਣਦੀ ਹੈ, ਵਿਚਾਰਧਾਰਕ ਸੁਆਲਾਂ ਤੇ ਵੀ ਬਹਿਸ ਕੀਤੀ ਜਾਂਦੀ ਹੈ। ਵਖ ਵਖ ਵਿਸ਼ਿਆਂ ਤੇ ਲੈਕਚਰ ਦਿਤੇ ਜਾਂਦੇ ਹਨ। ਕੌਮਾਂਤਰੀਵਾਦ, ਆਜ਼ਾਦੀ ਲਹਿਰ, ਆਰਥੀ ਮਸਲਿਆਂ, ਲੈਨਿਨਵਾਦ ਕੀ ਹੈ, ਰਾਜਨੀਤਕ ਆਰਥਕਤਾ ਅਤੇ ਫਿਲਾਸਫੀ ਆਦਿ ਵਿਸ਼ਿਆਂ ਤੇ ਸਕੂਲ ਲਾਏ ਹਨ। ਰਾਜਸੀ ਵਿਦਿਆ ਵੀ ਦਿਤੀ ਜਾਂਦੀ ਹੈ। ਪਰਾਇਮਰੀ ਸਕੂਲ ਮਜ਼ਦੂਰਾਂ ਦੀ ਪਧਰ ਦੇ ਵਿਅਕਤੀ ਹੀ ਲਾਉਂਦੇ ਹਨ। 90 ਫੀ ਸਦੀ ਵਰਕਰ ਪਾਰਟੀ ਅਖਬਾਰ ਪੜ੍ਹਦੇ ਹਨ। ਪਲਾਂਟ ਦੀ ਕੌਂਸਲ (ਸਇੰਸ ਸੈਕਸ਼ਨ) ਜਥੇਬੰਦੀ ਵੀ ਹੈ। (ਚਲਦਾ)



## ਮੇਰੀ ਸੋਵੀਅਤ ਯਾਤਰਾ--੧੪

# ਜਿਊਣਾ ਮਜ਼ਦੂਰਾਂ ਦਾ

—ਵੀਰ ਭਾਨ ਭੁਲਰ—

ਮੈਂ "ਅਰਜਨ ਕੀ ਜੇ ਮਸ਼ੀਨ ਟੂਲਜ਼ ਪਲਾਂਟ" ਦੀ ਗਲ ਕਰ ਰਿਹਾ ਸਾਂ। ਇਸ ਵਿਚ ਕਈ ਹੋਰ ਗਲਾਂ ਨੇ ਵੀ ਸਾਨੂੰ ਬੜਾ ਪਰਭਾਵਤ ਕੀਤਾ।

ਪ ਂਟ ਦੇ ਨਾਲ ਹੀ ਇਸ ਦਾ ਆਪਣਾ ਕਲਬ ਹੈ।——ਡਰਾਮਾ ਤੇ ਸਿਨੇਮਾ ਹਾਲ; ਮਿਊਜ਼ੀਕਲ ਹਾਲ, ਆਰਕੇਸਟਰਾ, ਪਾਰਟੀ ਲਾਇਬਰੇਰੀ; ਜੇਨਰਲ ਲਾਇਬਰੇਰੀ, ਟੈਕਨੀਕਲ ਲਾਇਬਰੇਰੀ।

4300 ਵਰਕਰਾਂ ਵਿਚੋਂ ਤਿੰਨ ਹਜ਼ਾਰ ਲਾਇਬਰੇਰੀ ਦੇ ਮੈਂਬਰ ਹਨ। ਲਾਇਬਰੇਰੀ ਦਾ ਇੰਚਾਰਜ 18 ਸਾਲ ਤੋਂ ਕੰਮ ਕਰ ਰਿਹਾ ਹੈ। 250 ਰੂਬਲ ਉਸ ਦੀ ਤਨਖਾਹ ਹੈ। ਵਰਕਰਾਂ ਦੇ ਹਰ ਪਰਵਾਰ ਕੋਲ ਰੇਡੀਉ ਸੈਟ ਤੇ ਟੇਲੀਵੀਜ਼ਨ ਮੌਜੂਦ ਹੈ।

ਘਟੋ ਘਟ ਤਨਖਾਹ ਸੌ ਰੂਬਲ ਹੈ ਪਰੀਮੀਅਮ ਸ਼ਾਮਲ ਕਰਕੇ 300 ਰੂਬਲ ਬਿਨਾ ਪ੍ਰੀਮੀਅਮ ਵਧ ਤੋਂ ਵਧ ਤਨਖਾਹ ਹੈ। ਫੈਕਟਰੀ ਵਰਕਰਾਂ ਦੀ ਔਸਤ ਤਨਖਾਹ 147 ਰੂਬਲ ਹੈ। ਇੰਜੀਨੀਅਰ ਰੂਬਲ ਤਿੰਨ ਸੌ ਰੂਬਲ ਤੋਂ ਵਧ ਤਨਖਾਹ ਲੈਂਦਾ ਹੈ। ਕਈ ਵਰਕਰ ਵੀ ਏਨਾ ਕਮਾ ਲੈਂਦੇ ਹਨ। ਇਹ ਗਲ ਵਰਨਣ ਯੋਗ ਹੈ ਕਿ ਇਕ ਰੂਬਲ ਅਠ ਰੁਪਏ ਦੇ ਬਰਾਬਰ ਹੈ।

ਇਹ ਗਲ ਮੈਂ ਹੁਣੇ ਸਾਫ ਕਰ ਦਿਆਂ ਕਿ ਕੌਮੀ ਪੈਮਾਨੇ ਤੇ ਘਟੋ ਘਟ ਤਨਖਾਹ ਸਠ ਰੂਬਲ ਅਰਥਾਤ 480 ਰੁਪਏ ਮਾਸਕ ਹੈ। ਸਾਲ ਪਿਛੋਂ ਇਕ ਮਹੀਨੇ ਦੀ ਤਨਖਾਹ ਹੋਰ ਮਿਲਦੀ ਹੈ।

ਹਫਤੇ ਵਿਚ ਦੋ ਛੁਟੀਆਂ ਹੁੰਦੀਆਂ ਹਨ। ਪੰਜ ਦਿਨ ਅਰਥਾਤ 41 ਘੰਟੇ ਕੰਮ ਕਰਨਾ ਪੈਂਦਾ ਹੈ। ਜਿਹੜੇ ਵਰਕਰ ਇਹਨਾਂ ਦੋ ਦਿਨਾਂ ਵਿਚ ਰੈਸਟ ਕਰਨ ਲਈ ਜਾਂਦੇ ਹਨ ਉਹਨਾਂ ਨੂੰ ਟਰੇਡ ਯੂਨੀਅਨ ਵਲੋਂ ਮਦਦ ਮਿਲਦੀ ਹੈ। ਤਿਉਹਾਰਾਂ ਤੇ ਸਾਲਾਨਾ ਛੁਟੀਆਂ ਦੀਆਂ ਸਹੂਲਤਾਂ ਵੀ ਮੌਜੂਦ ਹਨ।

ਪਲਾਂਟ ਵਲੋਂ ਹੋਰ ਸਹੂਲਤਾਂ ਵੀ ਮਿਲਦੀਆਂ ਹਨ। ਦੁਪਹਿਰ ਦਾ ਖਾਣਾ 50 ਕੋਪਿਕ ਵਿਚ ਮਿਲ ਜਾਂਦਾ ਹੈ। ਇਸ ਵਿਚ ਮੀਟ ਤੇ ਮਛੀ ਵੀ ਹੁੰਦੀ ਹੈ। ਘਟ ਤਨਖਾਹ ਵਾਲਿਆਂ ਤੇ ਸਖਤ ਕੰਮ ਕਰਨ ਵਾਲਿਆਂ ਨੂੰ ਇਹ ਖਾਣਾ 30 ਕੋਪਿਕ ਵਿਚ ਮਿਲਦਾ ਹੈ।

ਸਾਡੇ ਇਕ ਉਤਰ ਵਿਚ ਦਸਿਆ ਗਿਆ ਕਿ 2000 ਫਲੈਟ ਵੰਡੇ ਜਾ ਚੁਕੇ ਹਨ, 4000 ਹੋਰ ਬਣਾਏ ਜਾ ਰਹੇ ਹਨ।

ਪਲਾਂਟ ਦੇ ਵਰਕਰਾਂ ਦੇ ਬਚਿਆਂ ਲਈ ਗਰਮੀਆਂ ਦੇ ਕੈਂਪਾਂ ਦੀ ਸਹੂਲਤ ਹੈ। ਇਕ ਹਜ਼ਾਰ ਬਚੇ ਸਮਰ ਕੈਂਪਾਂ ਵਿਚ ਜਾਂਦੇ ਹਨ। ਤੀਹ ਫੀਸਦੀ ਖਰਚਾ ਪਲਾਂਟ ਬਰਦਾਸ਼ਤ ਕਰਦਾ ਹੈ।

ਤਿੰਨ ਤੋਂ ਸਤ ਸਾਲ ਤਕ ਦੇ ਬਚੇ ਕਿੰਡਰਗਾਰਟਨਾਂ ਵਿਚ ਸ਼ੋਕ ਫਰਮਾਉਂਦੇ ਹਨ। ਫੈਕਟਰੀ ਦੀਆਂ ਤਿੰਨ ਨਰਸਰੀਆਂ ਹਨ, ਦੋ ਕਿੰਡਰਗਾਰਟਨਾਂ ਵਿਦਿਆ ਤੇ ਡਾਕਟਰੀ ਮੁਫਤ।

ਘਟ ਤਨਖਾਹ ਵਾਲਿਆਂ ਤੋਂ ਕਿੰਡਰ-ਗਾਰਟਨ ਲਈ ਕੁਝ ਨਹੀਂ ਲਿਆ ਜਾਂਦਾ। ਵਧ ਆਮਦਨ ਵਾਲਿਆਂ ਤੋਂ ਕੁਝ ਖਰਚਾ ਲਿਆ ਜਾਂਦਾ ਹੈ। ਦਸ ਤੋਂ ਬਾਰਾਂ ਰੂਬਲ ਹਰ ਮਹੀਨੇ ਮਾਪਿਆਂ ਨੂੰ ਇਸ ਮਤੇ ਵਿਚ ਜਮ੍ਹਾਂ ਕਰਵਾਉਣੇ ਪੈਂਦੇ ਹਨ।

ਓਕਾ ਦਰਿਆ ਤੇ ਇਕ ਹਜ਼ਾਰ ਕਿਲੋਮੀਟਰ ਵਿਚ ਜੰਗਲ ਲਾਇਆ ਜਾ ਰਿਹਾ ਹੈ ਅਤੇ ਰੈਸਟ ਹਾਊਸ ਬਣਾਇਆ ਜਾ ਰਿਹਾ ਹੈ। ਰੈਸਟ ਹਾਊਸਾਂ ਤੇ ਛੁਟੀ ਕਟਣ ਵਾਲੇ ਵਰਕਰਾਂ ਨੂੰ ਟਰੇਡ ਯੂਨੀਅਨ ਵਲੋਂ ਤੀਹ ਫੀਸਦੀ ਖਰਚਾ ਦਿਤਾ ਜਾਂਦਾ ਹੈ

(ਚਲਦਾ)

ਮੇਰੀ ਸੋਵੀਅਤ ਯਾਤਰਾ ੧੫

# ਬਚਿਆਂ ਦਾ ਬਹਿਸ਼ਤ

–ਵੀਰ ਭਾਨ ਭੁਲਰ–

ਸਚ ਮੰਨਿਓ ਸੋਵੀਅਤ ਯੂਨੀਅਨ ਬਚਿਆਂ ਲਈ ਇਕ ਸਵਰਗ ਹੈ। ਫੈਕਟਰੀਆਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਬਚੇ ਦੇ ਜਨਮ ਤੋਂ ਦੋ ਮਹੀਨੇ ਪਹਿਲਾਂ ਤੇ ਦੋ ਮਹੀਨੇ ਪਿਛੋਂ ਬਾ ਤਨਖਾਹ ਛੁਟੀ ਮਿਲਦੀ ਹੈ।

ਫਿਰ ਜਦੋਂ ਔਰਤ ਵਰਕਰ ਡਿਊਟੀ ਤੇ ਜਾਂਦੀ ਹੈ ਤਾਂ ਫੈਕਟਰੀ ਜਾਂ ਅਦਾਰੇ ਨਾਲ ਸਬੰਧਤ ਨਰਸਰੀ ਵਿਚ ਬਚਾ ਛਡ ਜਾਂਦੀ ਹੈ ਜਿਸ ਨੂੰ ਮੁਨਾਸਬ ਸਮੇਂ ਤੇ ਖੁਰਾਕ ਮਿਲਦੀ ਰਹਿੰਦੀ ਹੈ। ਤਿੰਨ ਸਾਲ ਤੋਂ ਸਤ ਸਾਲ ਤਕ ਦੇ ਬਚੇ 'ਕਿੰਡਰਗਾਰਟਨਾਂ ਵਿਚ ਦਾਖਲ ਕਰਵਾਏ ਜਾ ਸਕਦੇ ਹਨ ਅਤੇ ਇਹ ਸੀ "ਅਰਜਨ ਕੀ ਜੈ" ਪਲਾਂਟ ਦਾ ਕਿੰਡਰਗਾਰਟਨ ਜੋ ਅਸੀਂ ਵੇਖਿਆ।

ਖੁਸ਼ ਖੁਰਮ ਬਚੇ ਆਪਣੇ ਕੰਮ ਤੇ ਖੇਡਣ-ਕੁਦਣ ਵਿਚ ਰੁਝੇ ਹੋਏ ਸਨ। ਬਚੇ ਓਨੇ ਹੀ ਰੁਝੇ ਹੋਏ ਨਜ਼ਰ ਆਉਂਦੇ ਸਨ ਜਿੰਨੇ ਮਾਤਾ ਪਿਤਾ ਪਲਾਂਟ ਵਿਚ ਕੰਮ ਕਾਜ ਵਿਚ। ਕੋਈ ਖਿਡੌਣਿਆਂ ਨਾਲ ਖੇਡ ਰਿਹਾ ਸੀ, ਕੋਈ ਗੁਸਲਖਾਨੇ ਵਿਚ ਆਪਣ ਤੌਲੀਏ ਨਾਲ ਹਥ ਸਾਫ ਕਰ ਰਿਹਾ ਸੀ। ਕੋਈ ਬਰਫ ਨਾਲ ਖੇਡ ਰਿਹਾ ਸੀ ਅਤੇ ਚਲ ਰਿਹਾ ਸੀ। ਇਕ ਛੋਟੀ ਜਹੀ ਬਚੀ ਨੂੰ ਜਦੋਂ ਮੈਂ ਦੁਕਿਆ ਤਾਂ ਉਹ ਹਸਦੀ ਹਸਦੀ ਮੇਰੀ ਗੋਦੀ ਵਿਚ ਆ ਗਈ।

ਉਹਨਾਂ ਨੂੰ ਦਿਨ ਵਿਚ ਚਾਰ ਵਾਰ ਖਾਣਾ ਦਿਤਾ ਜਾਂਦਾ ਹੈ। ਸੰਗੀਤ ਦੂਜੀਆਂ ਛੋਟੀਆਂ ਛੋਟੀਆਂ ਗਲਾਂ, ਰਹਿਣਾ ਸਹਿਣਾ, ਖੇਡਣਾ ਕੁਦਣਾ ਸਿਖਾਇਆ ਜਾਂਦਾ ਹੈ। ਰੈਸਟ ਕਰਨ ਲਈ ਛੋਟੇ ਛੋਟੇ ਬਿਸਤਰੇ ਵੀ ਮੌਜੂਦ ਹਨ।

ਕਿੰਡਰ ਗਾਰਟਨ ਵਿਚ 140 ਬਚੇ ਸਨ। ਉਹਨਾਂ ਦੀ ਵੇਖ ਭਾਲ ਲਈ 36 ਟੀਚਰ ਸਨ।

ਅਸੀਂ ਇੰਚਾਰਜ ਨੂੰ ਪੁਛਿਆ ਕਿ ਜੇ ਬਚੇ ਜ਼ਿਦ ਕਰਨ ਤਾਂ ਉਹਨਾਂ ਨੂੰ ਕਿਸ ਤਰ੍ਹਾਂ ਠੀਕ ਕਰਦੇ ਹੋ?

ਉਤਰ ਮਿਲਿਆ : ਵਧੇਰੇ ਕਰਕੇ ਪਰੇਰਨਾ ਤੇ ਪਿਆਰ ਨਾਲ ਦਿਲਾਸੇ ਨਾਲ ਕਦੇ ਘੂਰ ਕੇ।

ਇਥੇ ਬਚੇ ਦਿਨ ਭਰ ਲਈ ਜਾਂ 24 ਘੰਟੇ ਲਈ ਵੀ ਜਾ ਸਕਦੇ ਹਨ। ਕਈ ਵਾਰ ਸ਼ਾਮ ਨੂੰ ਘਰ ਜਾਂਦੇ ਹੋਏ ਮਾਤਾ ਪਿਤਾ ਬਚਿਆਂ ਨੂੰ ਘਰ ਲੈ ਜਾਂਦੇ ਹਨ। ਮਾਤਾ ਪਿਤਾ ਦੀ ਇਕ ਕੌਂਸਲ ਵੀ ਹੈ। ਹਰ ਮਹੀਨੇ ਮਾਤਾ ਪਿਤਾ ਡਾਕਟਰ ਨਰਸ (ਟੀਚਰ) ਮਿਲ ਕੇ ਬਹਿ ਲੈਂਦੇ ਹਨ ਅਤੇ ਬਚਿਆਂ ਦੀ ਦੇਖ ਭਾਲ ਦੇ ਸਬੰਧ ਵਿਚ ਆਪਣੇ ਸੁਝਾਓ ਦੇਂਦੇ ਹਨ। ਇਹ ਟੀਚਰ ਕੇਵਲ 6 ਘੰਟੇ ਡਿਊਟੀ ਦੇਂਦੇ ਹਨ।

ਤੁਸੀਂ ਹੀ ਦਸੋ ਕਿ ਸੋਵੀਅਤ ਯੂਨੀਅਨ ਦੀਆਂ ਇਹ ਨਰਸਰੀਆਂ ਤੇ ਕਿੰਡਰਗਾਰਟਨ ਬਚਿਆਂ ਲਈ ਸਵਰਗ ਨਹੀਂ ਤਾਂ ਕੀ ਹਨ?

ਨਰਸਰੀਆਂ ਤੇ ਬਾਲ ਘਰਾਂ ਵਿਚ ਬਚੇ ਵੇਖੋ ਜਿਦਾਂ ਪਲਦੇ ਸਿਖਦੇ ਨੇ ਉਹ ਰਹਿਣਾ ਸਹਿਣਾ ਆਗੂ ਦਿਸਦੇ ਸਾਨੂੰ ਕਲ ਦੇ ਹਸਣ ਖੇਡਣ ਨਚਣ ਗਾਵਨ ਖਾਵਨ ਪੀਵਨ ਮੌਜ ਉਡਾਵਨ ਬਚਿਆਂ ਲਈ ਬਹਿਸ਼ਤ ਆ ਏਥੇ ਦੌਲਤ ਦੀ ਕੋਈ ਲੋੜ ਨਹੀਂ। ਖਾਣ ਪੀਣ ਨੂੰ ਏਨਾ ਮਿਲਦਾ ਏਸ ਦੀ ਵੀ ਕੋਈ ਥੋੜ ਨਹੀਂ।

ਮੇਰੀ ਸੋਵੀਅਤ ਯਾਤਰਾ :੧੯

# "ਪਾਰਟੀ ਜੀਵਨ"

–ਵੀਰਭਾਨ ਭੁਲਰ–

ਪਾਰਟੀ ਲਾਈਫ਼, ਪਾਰਟੀ ਦੀ ਸੈਂਟਰਲ ਕਮੇਟੀ ਦਾ ਸਪਤਾਹਿਕ ਅਖ਼ਬਾਰ ਹੈ। ਸਾਡਾ ਡੇਲੀਗੇਸ਼ਨ ਪਾਰਟੀ ਲਾਈਫ਼ ਦੇ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਨੂੰ ਵੀ ਮਿਲਿਆ। ਇਹ ਅਖ਼ਬਾਰ ਪਾਰਟੀ ਦੇ ਸੰਗਠਨ, ਪਰਚਾਰ ਤੇ ਐਜੀਟੇਸ਼ਨ ਦਾ ਕੰਮ ਕਰਦਾ ਹੈ। ਇਸ ਰਾਹੀਂ ਪਾਰਟੀ ਤੇ ਭਰਾਤਰੀ ਪਾਰਟੀਆਂ ਦੇ ਕੰਮ ਬਾਰੇ ਵੀ ਪਾਰਟੀ ਅਤੇ ਲੋਕਾਂ ਨੂੰ ਵਾਕਫ਼ ਕਰਵਾਇਆ ਜਾਂਦਾ ਹੈ। ਕਾਮਰੇਡ ਕਰਸੈਨੋਵ ਅਤੇ ਕਾਮਰੇਡ ਲੈਸੋਰੀਨ ਨੇ ਦਸਿਆ ਕਿ ਐਡੀਟੋਰੀਅਲ ਬੋਰਡ ਵਿਚ 36 ਮੈਂਬਰ ਹਨ, ਅਖ਼ਬਾਰ ਦੀ ਕੀਮਤ ਤੇਰਾਂ ਕੋਪਿਕ ਹੈ ਅਤੇ 8632700 ਛਪਦਾ ਹੈ। ਲੈਨਿਨ ਦਿਵਸ ਤਕ ਦਸ ਲਖ ਗਾਹਕ ਬਣਾਏ ਜਾਣਗੇ। ਪਾਰਟੀ ਬਰਾਂਚਾਂ ਤੇ ਪਾਰਟੀ ਮੈਂਬਰ ਇਹ ਕੰਮ ਕਰਨਗੇ।

ਪਰਚੇ ਵਿਚ ਗਣ-ਰਾਜਾਂ ਤੇ ਜ਼ਿਲਿਆਂ ਦੇ ਸਕੱਤਰ ਆਪਣੇ ਤਜਰਬੇ ਲਿਖਦੇ ਹਨ। ਬਰਾਂਚ, ਗਰੁਪ ਤੇ ਸ਼ਾਪ ਦੀ ਜਥੇਬੰਦੀ ਵੀ ਹਿਸਾ ਪਾਉਂਦੀ ਹੈ। ਇਸ ਵਿਚ ਬਰਾਂਚਾਂ, ਸਰਗਰਮਾਂ ਤੇ ਆਮ ਵਰਕਰਾਂ ਨੂੰ ਪਹਿਲ ਕਦਮੀ ਵਿਖਾਉਣ ਦਾ ਹੁਨਰ ਮਿਲਦਾ ਹੈ।

ਇਸ ਅਖ਼ਬਾਰ ਦੁਆਰਾ ਸੁਆਲਾਂ ਦੇ ਉਤਰ ਵੀ ਦਿਤੇ ਜਾਂਦੇ ਹਨ। ਸੁਆਲ ਛਾਪ ਦਿਤੇ ਜਾਂਦੇ ਹਨ। ਕੋਈ ਦੂਜੀ ਬਰਾਂਚ ਦਾ ਸਕੱਤਰ ਜੋ ਉਤਰ ਦੇਂਦਾ ਹੈ ਉਹ ਵੀ ਛਾਪ ਦਿਤਾ ਜਾਂਦਾ ਹੈ। ਸਾਥੀਆਂ ਨੇ ਦਸਿਆ, "ਇਸ ਤਰ੍ਹਾਂ ਅਸੀਂ ਹਜ਼ਾਰਾਂ ਸੁਆਲ-ਜੁਆਬ ਪਰਕਾਸ਼ਤ ਕਰਦੇ ਹਾਂ।" ਪਾਰਟੀ ਦੀ ਜਥੇਬੰਦੀ, ਵਿਧਾਨ ਤੇ ਢਾਂਚੇ ਬਾਰੇ ਲੈਨਿਨੀ ਅਸੂਲ ਵੀ ਪ੍ਰਕਾਸ਼ਤ ਕੀਤੇ ਜਾਂਦੇ ਹਨ।

ਦੁਨੀਆਂ ਭਰ ਵਿਚ ਜਿਹੜੇ ਸੁਆਲ ਉਠਦੇ ਹਨ, ਦੂਜੀਆਂ ਪਾਰਟੀਆਂ ਨਾਲ ਖਿਆਲਾਂ ਦਾ ਜੋ ਵਟਾਂਦਰਾ ਹੁੰਦਾ ਹੈ, ਉਹਨਾਂ ਬਾਰੇ ਵੀ ਸਮਿਗਰੀ ਪ੍ਰਕਾਸ਼ਤ ਕੀਤੀ ਜਾਂਦੀ ਹੈ।

ਗਲ ਕੀ ਪਾਰਟੀ ਮੈਂਬਰਾਂ ਵਿਚ ਹਰਕਤ ਪੈਦਾ ਕਰਨ, ਉਹਨਾਂ ਦੀ ਪਹਿਲ-ਕਦਮੀ ਵਧਾਉਣ, ਪਾਰਟੀ ਡਸਿਪਲਿਨ ਤੇ ਪਾਰਟੀ ਦੀ ਜਮਹੂਰੀਅਤ ਨੂੰ ਅਮਲ ਵਿਚ ਲਿਆਉਣ ਲਈ ਇਹ ਅਖ਼ਬਾਰ ਅਹਿਮ ਰੋਲ ਅਦਾ ਕਰਦਾ ਹੈ। ਇਹ ਗਲ ਚੇਤੇ ਕਰਵਾਈ ਜਾਂਦੀ ਹੈ ਕਿ ਸਾਂਝੇ ਫੈਸਲੇ ਹੀ ਪਾਰਟੀ ਜਥੇਬੰਦੀ ਦਾ ਅਹਿਮ ਖ਼ਾਸਾ ਹਨ। ਸੈਕਸ਼ਿਪ ਕੋਈ ਨਹੀਂ, ਪਾਰਟੀ ਤੋਂ ਉਪਰ ਕੋਈ ਨਹੀਂ।

ਜਦੋਂ ਮੈਂ ਅਰਜ਼ ਕੀਤੀ, ਜੋ ਕੁਝ ਅਸੀਂ ਸੁਣਿਆ ਵੇਖਿਆ ਹੈ, ਇਹ ਮਸਲਾ ਇਵੇਂ ਹੀ ਹੈ ਜਿਵੇਂ ਇੰਜਣ ਵਿਚ ਕੋਲਾ। ਜਦੋਂ ਦੋ ਭਾਸ਼ੀਏ ਨੇ ਉਹਨਾਂ ਨੂੰ ਦਸਿਆ ਕਿ ਮੈਂ ਕੀ ਕਿਹਾ ਹੈ ਤਾਂ ਕਰੈਸਨੋਵ ਨੇ ਕਿਹਾ ਤੁਸੀਂ ਸ਼ੈਕਸਪੀਅਰ ਪੜ੍ਹਿਆ ਹੋਇਆ। ਸਾਥੀ ਕਰੈਸਨੋਵ ਬਹੁਤ ਖ਼ੁਸ਼ ਹੋਏ।

ਮਾਸਕੋ ਦੀਆਂ ਕੁਝ ਗਲਾਂ ਦਾ ਅੰਤ ਵਿਚ ਜ਼ਿਕਰ ਕਰਾਂਗਾ। ਹੁਣ ਰੇਲ ਗਡੀ ਦੁਆਰਾ ਸਾਡਾ ਡੇਲੀਗੇਸ਼ਨ ਲੈਨਿਨਗਰਾਡ ਲਈ ਚਲ ਪਿਆ। (ਚਲਦਾ)

# ਕਰਾਂਤੀ ਦਾ ਕੇਂਦਰ

—ਵੀਰ ਭਾਨ ਭੁਲਰ—

ਅਤੇ ਫਿਰ ਅਸੀਂ ਇਕ ਰੇਲ ਗਡੀ ਵਿਚ ਬਹਿ ਕੇ ਮਾਸਕੋ ਤੋਂ ਲੈਨਿਨ-ਗਰਾਡ ਰਵਾਨਾ ਹੋ ਗਏ। ਨੇਵਾ ਦਰਿਆ ਦੇ ਕੰਢੇ ਵਾਕਿਆ ਲੈਨਿਨ ਗਰਾਡ ਪਹਿਲਾਂ ਸੇਂਟਰਜ਼ ਬਰਗ, ਫਿਰ ਪੀਟਰੋ-ਗਰਾਡ ਦੇ ਨਾਂਅ ਨਾਲ ਪ੍ਰਸਿਧ ਸੀ। ਇਥੇ ਲੈਨਿਨ ਨੇ ਇਨਕਲਾਬੀ ਸਰਗਰ-ਮੀਆਂ ਸ਼ੁਰੂ ਕੀਤੀਆਂ, ਇਥੋਂ ਹੀ ਇਨਕਲਾਬੀਆਂ ਨੂੰ ਇਕਠਾ ਕੀਤਾ, ਮਜ਼ਦੂਰ ਜਮਾਤ ਨੂੰ ਮੁਕਤੀ ਦੁਆਉਣ ਲਈ ਜਦੋ ਜਹਿਦ ਕਰਨ ਵਾਲੀ ਲੀਗ ਬਣਾਈ ਜੋ ਕਿ ਰੂਸ ਵਿਚ ਮਾਰਕਸੀ ਤਹਿਰੀਕ ਦਾ ਸ਼ੁਰੂਅ ਸੀ।

1905 ਨੂੰ ਖੂਨੀ ਐਤਵਾਰ ਦੀ ਜਿਹੜੀ ਘਟਨਾ ਹੋਈ, ਉਹ ਉਸੇ ਥਾਂ ਦੀ ਹੈ ਜਦੋਂ ਕਿ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਉਤੇ ਵਿੰਟਰ ਪੈਲਸ ਤੋਂ ਗੋਲੀਆਂ ਚਲਾ ਕੇ ਅਥਵਾ ਸ਼ਹਿਰ ਦੇ ਦੂਜੇ ਹਿਸਿਆਂ ਵਿਚ ਪਰਦਰਸ਼ਨਕਾਰੀਆਂ ਤੇ ਗੋਲੀਆਂ ਚਲਾ ਕੇ ਉਹਨਾਂ ਦਾ ਖੂਨ ਡੋਲਿਆ ਸੀ। ਉਦੋਂ ਪਰਦਰਸ਼ਨਕਾਰੀ ਜ਼ਾਰ ਨੂੰ ਇਕ ਬੇਨਤੀ ਪਤਰ ਪੇਸ਼ ਕਰਨਾ ਚਾਹੁੰਦੇ ਸਨ। ਜਿਸ ਵਿਚ ਮੰਗ ਕੀਤੀ ਗਈ ਸੀ ਕਿ ਉਹਨਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਨੂੰ ਬਿਹਤਰ ਬਣਾਇਆ ਜਾਵੇ ਅਤੇ ਸ਼ਹਿਰੀ ਹਕ ਦਿਤੇ ਜਾਣ।

ਕੁਝ ਘੰਟਿਆਂ ਦੇ ਅੰਦਰ ਅੰਦਰ ਸ਼ਾਂਤਮਈ ਤੇ ਨਿਹਥੇ ਪਰਦਰਸ਼ਨਕਾਰੀ ਇਕ ਸ਼ਕਤੀਸ਼ਾਲੀ ਇਨਕਲਾਬੀ ਤਾਕਤ ਬਣ ਗਏ। ਇਹ ਅਕਤੂਬਰ ਇਨਕਲਾਬ ਦੀ ਰੀਹਰਸਲ ਸੀ। ਭਾਵੇਂ 1905-1907 ਦਾ ਇਨਕਲਾਬ ਦਬਾ ਦਿਤਾ ਗਿਆ ਅਪਰੈਲ 1917 ਵਿਚ ਕਾਮਰੇਡ ਲੈਨਿਨ ਪੀਟਰੋਗਰਾਡ ਤੋਂ ਬਾਹਰ ਆਏ। ਅਗਸਤ 1914 ਵਿਚ ਸੇਂਟ ਪੀਟਰਜ਼ ਬਰਗ ਦਾ ਨਾਂਅ ਪੀਟਰੋ-ਗਰਾਡ ਰਖਿਆ ਗਿਆ ਸੀ। ਉਦੋਂ ਵਰਕਰਾਂ ਤੇ ਫੌਜੀਆਂ ਦੀ ਸੋਵੀਅਤ ਬਣ ਚੁਕੀ ਸੀ।

1917 ਦੇ ਫਰਵਰੀ ਇਨਕਲਾਬ ਦੇ ਕੁਝ ਦਿਨ ਪਿਛੋਂ ਮਾਸਕੋ ਅਤੇ ਕੁਝ ਦੂਜੇ ਸ਼ਹਿਰਾਂ ਵਿਚ ਸੋਵੀਅਤਾਂ ਬਣ ਚੁਕੀਆਂ ਸਨ। ਪਾਰਟੀ ਦੀ ਇਨਕਲਾਬੀ ਤਹਿਰੀਕ ਦੀ ਅਗਵਾਈ ਕਾਮਰੇਡ ਲੈਨਿਨ ਕਰ ਰਹੇ ਸਨ। 3-4 ਜੁਲਾਈ 1917 ਨੂੰ ਸਰਮਾਏਦਾਰੀ ਦੀ ਸਰਕਾਰ ਨੇ ਮਜ਼ਦੂਰਾਂ, ਸਿਪਾਹੀਆਂ ਅਤੇ ਜਹਾਜ਼ੀ ਪਰਦਰਸ਼ਨਕਾਰੀਆਂ ਜੋ ਕਿ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਅਤੇ ਇਸ ਮੰਗ ਤੇ ਜ਼ੋਰ ਦੇ ਰਹੇ ਸਨ ਕਿ ਸਾਰੀ ਤਾਕਤ ਸੋਵੀਅਤਾਂ ਨੂੰ ਮਿਲੇ—ਹੱਲਾ ਬੋਲ ਦਿਤਾ ਅਤੇ ਉਹਨਾਂ ਤੇ ਫਾਇਰਿੰਗ ਕੀਤੀ। ਇਸ ਤਰ੍ਹਾਂ ਸ਼ਾਂਤਮਈ ਇਨਕਲਾਬ ਦਾ ਦੌਰ ਖਤਮ ਹੋ ਗਿਆ। ਬਾਲਸ਼ਵੀਕ ਪਾਰਟੀ ਨੂੰ ਨਵੇਂ ਹਾਲਾਤ ਵਿਚ ਕੰਮ ਕਰਨਾ ਪਿਆ। ਕਾਮਰੇਡ ਲੈਨਿਨ ਅੰਡਰ ਗਰਾਊਂਡ ਚਲੇ ਗਏ। ਇਸ ਹਾਲਤ ਵਿਚ ਵੀ ਕਾਮਰੇਡ ਲੈਨਿਨ ਨੇ ਛੇਵੀਂ ਪਾਰਟੀ ਕਾਂਗਰਸ ਦੀ ਤਿਆਰੀ ਕੀਤੀ ਅਤੇ ਉਸ ਦੀ ਅਗਵਾਈ ਕੀਤੀ। ਇਸੇ ਸ਼ਹਿਰ ਵਿਚ ਕਾਮਰੇਡ ਲੈਨਿਨ ਦੀ ਹਥਿਆਰਬੰਦ ਜਦੋ-ਜਹਿਦ ਦੀ ਲਾਈਨ ਪਾਸ ਹੋਈ।

ਕਾਮਰੇਡ ਲੈਨਿਨ ਰਜ਼ਲੀਫ ਜੋ ਲੈਨਿਨਗਰਾਡ ਤੋਂ 35 ਮੀਲ ਦੂਰ ਅਤੇ ਫਿਨਲੈਂਡ ਨੂੰ ਜਾਣ ਵਾਲੀ ਸੜਕ ਤੇ ਹੈ ਵਿਚ ਇਕ ਝੁਗੀ ਵਿਚ ਇਕ ਗੂੰਗੇ ਤੇ ਬੋਲੇ ਦੇ ਰੂਪ ਵਿਚ ਠਹਿਰੇ ਅਤੇ ਅੰਡਰ ਗਰਾਊਂਡ ਤਹਿਰੀਕ ਦੀ ਅਗਵਾਈ ਕਰਦੇ ਰਹੇ।

(ਚਲਦਾ)

29 ਮਾਰਚ 1969

## ਮੇਰੀ ਸੋਵੀਅਤ ਫੇਰੀ–੧੯

# ਇਸ ਤਰ੍ਹਾਂ ਵਿਉਂਤੀ ਗਈ ਸੀ ਕਰਾਂਤੀ

–ਵੀਰ ਭਾਨ ਭੁਲਰ–

ਇਨਕਲਾਬੀ ਮਿਲਟਰੀ ਕਮੇਟੀ ਨੇ ਬੜੀ ਸਿਆਣਪ ਨਾਲ ਕਾਮਰੇਡ ਲੈਨਿਨ ਵਲੋਂ ਬਣਾਈ ਗਈ ਸਕੀਮ ਅਨੁਸਾਰ ਅਤੇ ਉਹਨਾਂ ਦੀ ਜ਼ਾਤੀ ਅਗਵਾਈ ਹੇਠ ਕੰਮ ਕੀਤਾ।

25 ਅਕਤੂਬਰ ਦੀ ਰਾਤ ਨੂੰ ਟੈਲੀਗਰਾਫ, ਟੈਲੀਫੋਨ, ਸੈਂਟਰਲ ਪੋਸਟ ਆਫਿਸ, ਰੇਲਵੇ ਸਟੇਸ਼ਨ ਅਤੇ ਸਟੇਟ ਬੈਂਕ ਤੇ ਕਬਜ਼ਾ ਕਰ ਲਿਆ ਗਿਆ। ਅਹਿਮ ਪੁਲਾਂ ਉਤੇ ਇਨਕਲਾਬੀ ਫੌਜੀ ਕਮੇਟੀ ਨੇ ਕੰਟਰੋਲ ਕਰ ਲਿਆ। ਅਤੇ ਵਿੰਟਰ ਪੈਲਸ ਨੂੰ ਘੇਰੇ ਵਿਚ ਲੈ ਲਿਆ, ਜਿਸ ਵਿਚ ਜ਼ਾਰਸ਼ਾਹੀ ਸਰਕਾਰ ਦੇ ਮੰਤਰੀ ਛੁਪੇ ਹੋਏ ਸਨ।

ਇਹ ਗਲ ਵਰਨਣ ਯੋਗ ਹੈ ਕਿ ਸਾਰਾ ਕੰਮ ਅਜਿਹੀ ਤਕਨੀਕ ਤੇ ਹੁਨਰਮੰਦੀ ਨਾਲ ਕੀਤਾ ਗਿਆ ਕਿ ਕੇਵਲ 4-6 ਬੰਦੇ ਹੀ ਮਰੇ, ਦੁਸ਼ਮਨ ਦੀਆਂ ਫੌਜਾਂ ਵੀ ਇਨਕਲਾਬੀਆਂ ਨਾਲ ਮਿਲ ਗਈਆਂ। ਇਸ ਤਰ੍ਹਾਂ ਇਨਕਲਾਬੀਆਂ ਨੇ ਦੁਸ਼ਮਨ ਦਾ ਗੜ੍ਹ ਭੰਨ ਦਿਤਾ।

ਅਤੇ ਸਮੋਲਨਸੀ, ਜੋ ਇਨਕਲਾਬ ਦੀ ਵੇਖਣ ਵਾਲੀ ਥਾਂ ਹੈ। ਇਹ ਇਨਕਲਾਬ ਦਾ ਹੈਡਕੁਆਰਟਰ ਸੀ। ਇਥੋਂ ਹੀ ਮਜ਼ਦੂਰਾਂ ਤੇ ਕਿਸਾਨਾਂ ਦੀ ਪਹਿਲੀ ਸਰਕਾਰ ਦਾ ਐਲਾਨ ਕੀਤਾ ਗਿਆ ਸੀ। ਇਥੋਂ ਜਾਰੀ ਕੀਤੇ ਗਏ ਪਹਿਲੇ ਐਲਾਨ ਵਿਚ ਅਮਨ ਤੇ ਜ਼ਮੀਨ ਦੀ ਵਿਗਿਆਨ ਦਾ ਐਲਾਨ ਵੀ ਕੀਤਾ ਗਿਆ ਸੀ।

ਪੀਟਰੋਗਰਾਡ ਦੇ ਵਰਕਰਾਂ ਦੀ ਦਰਖਾਸਤ ਉਤੇ 1924 ਵਿਚ ਕਾਮਰੇਡ ਲੈਨਿਨ ਦੇ ਦਿਹਾਂਤ ਤੋਂ ਪਿਛੋਂ) ਇਸ ਸ਼ਹਿਰ ਦਾ ਨਾਂਅ ਲੈਨਿਨਗਰਾਡ ਰਖਿਆ ਗਿਆ ਸੀ।

ਇਹ ਲੈਨਿਨ ਗਰਾਡ ਮਾਸਕੋ ਤੋਂ 700 ਕਿਲੋਮੀਟਰ ਹੈ। ਜਿਸ ਗਡੀ ਵਿਚ ਅਸੀਂ ਲੈਨਿਨ ਗਰਾਡ ਪਹੁੰਚੇ ਉਹ ਰਾਤ ਭਰ ਚਲਦੀ ਰਹੀ। ਰਾਹ ਵਿਚ ਕਿਸੇ ਥਾਂ ਨਾ ਠਹਿਰੀ। ਅਸੀਂ ਸਵੇਰੇ ਲੈਨਿਨ ਗਰਾਡ ਜਾ ਕੇ ਹੀ ਉਤਰੇ। ਗਡੀ ਦੇ ਹਰ ਕਮਰੇ ਵਿਚ ਚਾਰ ਬੈੱਡ (ਬਿਸਤਰੇ) ਲਗੇ ਹੋਏ ਸਨ। ਆਮ ਲਾਈਟ ਤੋਂ ਉਪਰੰਤ ਇਕ ਲਾਈਟ ਸਰਹਾਣੇ ਵੀ ਲਗੀ ਹੋਈ ਸੀ। ਲੇਟ ਕੇ ਪੜ੍ਹਨ ਤੇ ਸੌਣ ਵਾਲਿਆਂ ਸਭ ਦਾ ਮਤਲਬ ਹਲ ਹੋ ਜਾਂਦਾ ਸੀ। ਰੇਡੀਓ ਆਪਣੀ ਧੁਨ ਸੁਣਾਉਣ ਵਿਚ ਕੋਈ ਕਸਰ ਨਹੀਂ ਛਡਦਾ। ਬਰਫਬਾਰੀ ਤੇ ਰਾਤ ਹੋਣ ਕਾਰਨ ਬਾਹਰ ਦਾ ਕੋਈ ਨਜ਼ਾਰਾ ਨਸੀਬ ਨਾ ਹੋ ਸਕਿਆ। ਲੈਨਿਨਗਰਾਡ ਗਡੀ ਤੋਂ ਉਤਰੇ ਤਾਂ ਸਾਥੀ ਮੌਜੂਦ ਸਨ--ਸਾਥੀ ਵਿਕਟਰ ਤੇ ਪਿਛੋਂ ਸਾਨੂੰ ਮਿਲ ਗਈ ਸੋਨੀਆ, ਜਿਸ ਨੂੰ ਜ਼ਰਦ ਕੁਕੜ ਵੀ ਕਿਹਾ ਜਾਂਦਾ ਹੈ।

(ਚਲਦਾ)

ਮੇਰੀ ਸੋਵੀਅਤ ਯਾਤਰਾ—੧੯

# ਉਹ ਦਸਦੀ ਜਾ ਰਹੀ ਸੀ

—ਵੀਰ ਭਾਨ ਭੁਲਰ—

ਸਾਡੇ ਡੇਲੀਗੇਸ਼ਨ ਨੂੰ ਇਕ ਬਹੁਤ ਵਡੇ ਖੂਬਸੂਰਤ ਹੋਟਲ ਵਿਚ ਠਹਿਰਾਇਆ ਗਿਆ।ਨਾਸ਼ਤਾ ਕਰਦੇ ਹੀ ਸਾਰਾ ਪਰੋਗ-ਰਾਮ ਚਾਲੂ ਹੋ ਗਿਆ ਕਾਮਰੇਡ ਸੋਨੀਆ ਦੀ ਡਿਊਟੀ ਦੋ ਭਾਸ਼ੀਆ ਵਜੋਂ ਸਾਡੇ ਨਾਲ ਲਗ ਗਈ।

ਉਹ ਦਸਦੀ ਜਾ ਰਹੀ ਸੀ: ਲੈਨਿਨਗਰਾਡ ਨੀਵਾਦਰਿਆ ਤੇ ਵਾਕਿਆ ਹੈ। 101 ਟਾਪੂ ਹਨ, 36 ਨਹਿਰਾਂ ਹਨ ਵੀਹ ਚਰਚ ਹਨ। ਇਕ ਮਸਜਦ ਵੀ ਮੌਜੂਦ ਹੈ। 1942 ਵਿਚ ਹਿਟਲਰੀ ਹਮਲੇ ਦੌਰਾਨ ਹਰ ਤੀਜੀ ਬਿਲਡਿੰਗ ਤਬਾਹ ਹੋ ਗਈ ਸੀ। ਸਾਰੀਆਂ ਦੀਆਂ ਸਾਰੀਆਂ ਨਵੇਂ ਸਿਰਿਉਂ ਬਣਾ ਦਿਤੀਆਂ ਗਈਆਂ ਹਨ। ਹਰ ਰੋਜ਼ 130 ਨਵੇਂ ਮਕਾਨ ਬਣਾਏ ਜਾਂਦੇ ਹਨ। ਇਹ ਜੋ ਏਰੀਆ ਹੈ ਬਿਲਕੁਲ ਨਵੇਂ ਬਣਿਆ ਹੈ ਇਸ ਤਰ੍ਹਾਂ ਲੈਨਿਨ ਗਰਾਡ ਵਿਚ ਇਕ ਨਵੇਂ ਜ਼ਿਲੇ ਦਾ ਵਾਧਾ ਹੋ ਗਿਆ ਹੈ।

ਮਕਾਨਾਂ ਦੇ ਕਰਾਏ ਦੇ ਸਬੰਧ ਵਿਚ ਉਸ ਨੇ ਦਸਿਆ ਕਿ ਇਹ ਬਹੁਤ ਸਸਤਾ ਹੈ। ਇਕ ਵਰਗ ਮੀਟਰ ਲਈ ਤੇਤਾ ਕੋਪਕ। ਰਸੋਈ, ਟੱਟੀ, ਗੁਸਲ-ਖਾਨੇ ਵਾਲੇ ਹਿਸਿਆਂ ਦਾ ਕੋਈ ਕਰਾ-ਇਆ ਨਹੀਂ। ਆਮਦਨ ਦਾ ਤਿੰਨ ਤੋਂ ਪੰਜ ਫੀਸਦੀ ਤਕ ਕਰਾਇਆ ਅਦਾ ਕਰਨਾ ਪੈਂਦਾ ਹੈ। -

ਸ਼ਹਿਰ ਵਿਚ ਕੋਈ ਅਦਾਰਾ ਪਰਾਈਵੇਟ ਨਹੀਂ ਹੈ। ਸਾਰੇ ਹੋਟਲ, ਸਾਰੀਆਂ ਦੁਕਾਨਾਂ, ਇਥੋਂ ਤਕ ਕਿ ਛੋਟੇ ਛੋਟੇ ਸਟਾਲ ਵੀ ਜਨਤਕ ਮਲਕੀਅਤ ਹਨ। ਕੇਵਲ ਫਰੂਟ, ਸਬਜ਼ੀਆਂ ਤੇ ਇਹੋ ਜਿਹੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਕੋਆਪਰੇਟਿਵ ਸਟੋਰ ਹਨ, ਜੋ ਕੋਆਪਰੇਟਿਵ ਪ੍ਰਨਾਲੀ ਅਨੁਸਾਰ ਕੰਮ ਕਰਦੇ ਹਨ।

ਅਤੇ ਇਹ ਹੈ ਸਮਾਲਨਸੀ ਇਨਕਲਾਬ ਦਾ ਹੈਡਕੁਆਰਟਰ। ਹੁਣ ਇਸ ਵਿਚ ਰਿਜਨਲ ਪਾਰਟੀ ਕਮੇਟੀ ਦਾ ਆਫਸ ਤੇ ਦੂਜੇ ਸਰਕਾਰੀ ਦਫਤਰ ਹਨ। ਅਸੀਂ ਉਹ ਵਿੰਟਰ ਪੈਲਸ ਵੀ ਵੇਖਿਆ ਜਿਥੇ ਲੋਕਾਂ ਤੇ ਬਾਰ ਬਾਰ ਗੋਲੀਆਂ ਚਲਾਈਆਂ ਗਈਆਂ ਸਨ ਤੇ ਅੰਤ ਨੂੰ ਲੋਕਾਂ ਨੇ ਉਸ ਤੇ ਕਬਜ਼ਾ ਕਰ ਲਿਆ ਸੀ। ਜ਼ਾਰਸ਼ਾਹੀ ਤੇ ਕਰਿੰਸਕੀ ਦੀ ਸਰਕਾਰ ਦਾ ਖਾਤਮਾ ਕਰ ਦਿਤਾ ਸੀ: ਅਸੀਂ ਉਹ ਆਰਮਡ ਕਾਰ ਵੀ ਵੇਖੀ ਜਿਸ ਤੇ ਲੈਨਿਨ ਨੇ ਖੜੇ ਹੋਕੇ ਇਨ-ਕਲਾਬੀ ਤਕਰੀਰ ਕੀਤੀ।

ਆਖਰ ਅਸੀਂ ਇਕ 6 ਮੰਜ਼ਲੀ ਬਿਲਡਿੰਗ ਸਾਹਮਣੇ ਰੁਕੇ। ਸਾਡੀ ਦੋ ਭਾਸ਼ੀਆ ਸੋਨੀਆ ਨੇ ਦਸਿਆ ਕਿ ਇਹ ਟੈਕਸੀ ਪਲਾਂਟ ਹੈ। ਇਸ ਵਿਚ ਕਾਰਾਂ ਦੀ ਧੁਆਈ, ਸੁਧਾਈ ਕੀਤੀ ਜਾਂਦੀ ਹੈ। ਧੁਆਈ ਚੈਂਬਰ ਵਿਚ ਇਕ ਵਾਰ ਹੀ 45 ਕਾਰਾਂ ਦੀ ਧੁਆਈ ਹੋ ਸਕਦੀ ਹੈ।

9 ਹਜ਼ਾਰ ਕਿਲੋ-ਮੀਟਰ ਸਫਰ ਕਰਨ ਤੋਂ ਪਿਛੋਂ ਵੀਹ ਕਾਰਾਂ ਹਰ ਰੋਜ਼ ਚੈਕ ਕੀਤੀਆਂ ਜਾਂਦੀਆਂ ਹਨ। ਵਿਗਿਆਨਕ ਤਰੀਕੇ ਨਾਲ ਕਾਰਾਂ ਦੀ ਸੁਧਾਈ ਕੀਤੀ ਜਾਂਦੀ ਹੈ ਤਾਂ ਜੋ ਚਲਦੇ ਸਮੇਂ ਸੁਆਰੀਆਂ ਨੂੰ ਕਿਸੇ ਪਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਹ ਵਰਕਸ਼ਾਪ 1962 ਵਿਚ ਬਣਾਈ ਗਈ ਸੀ। 1800 ਮੁਲਾਜ਼ਮ ਇਸ ਵਿਚ ਕੰਮ ਕਰਦੇ ਹਨ। ਪਕਾ ਬੋਰਡ ਮੈਨੇਜਰ, ਇੰਜੀਨੀਅਰ ਅਤੇ ਟੈਕਨੀਕਲ ਡਾਇ-ਰੈਕਟਰ ਤੇ ਸਮਿਲਤ ਹੈ। ਯੂਨੀਅਨ ਤੇ ਪਾਰਟੀ ਆਰਗਨਾਇਜ਼ੇਸ਼ਨ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ।

ਇਸ ਪਲਾਂਟ ਵਿਚ ਵਰਕਰਾਂ ਦੀ ਤਨਖਾਹ ਇਸ ਪਰਕਾਰ ਹੈ।

ਡਰਾਈਵਰ-141 ਰੂਬਲ, ਇੰਜੀਨੀਅਰ ਤੇ ਟੈਕਨੀਸ਼ੀਅਨ-173 ਰੂਬਲ ਮਾਸਕ। ਮਰਦਾਂ ਤੇ ਔਰਤਾਂ ਨੂੰ ਇਕੋ ਜਹੇ ਕੰਮ ਲਈ ਬਰਾਬਰ ਤਨਖਾਹ ਮਿਲਦੀ ਹੈ। ਤੀਹ ਫੀ ਸਦੀ ਔਰਤਾਂ ਡਰਾਈਵਰ ਵਜੋਂ ਕੰਮ ਕਰਦੀਆਂ ਹਨ।

ਸਾਰੇ ਵਰਕਰ ਯੂਨੀਅਨ ਦੇ ਮੈਂਬਰ ਹਨ। ਪਾਰਟੀ ਮੈਂਬਰ ਲੈਣ ਦੇ ਮਾਮਲੇ ਵਿਚ ਸਖਤ ਪੁਛ ਪੜਤਾਲ ਕੀਤੀ ਜਾਂਦੀ ਹੈ। ਤਨਖਾਹ ਦਾ ਇਕ ਫੀਸਦੀ ਫੰਡ ਲਾਜ਼ਮੀ ਹੈ। ਦਸ ਫੀਸਦੀ ਵਰਕਰ ਪਾਰਟੀ ਦੇ ਮੈਂਬਰ ਹਨ। ਪਾਰਟੀ ਮੈਂਬਰ ਲੈਂਦੇ ਸਮੇਂ ਸਖਤ ਪੁਛ ਪੜਤਾਲ ਕੀਤੀ ਜਾਂਦੀ ਹੈ। ਪਾਰਟੀ ਮੈਂਬਰ ਇਹੋ ਜਿਹਾ ਹੋਣਾ ਚਾਹੀਦਾ ਹੈ ਜੋ ਸ਼ੀਸ਼ੇ ਵਾਂਗ ਸਾਫ ਹੋਵੇ, ਇਖਲਾਕੀ ਤੌਰ ਤੇ ਉਚਾ ਹੋਵੇ।

21

ਮੇਰੀ ਸੋਵੀਅਤ ਯਾਤਰਾ—੨੦

# ਕੰਮ ਦਾ ਹਕ, ਪਵਿਤਰ ਹੱਕ

—ਵੀਰ ਭਾਨ ਭੁਲਰ—

ਅਸੀਂ ਸੁਆਲ ਕੀਤਾ ਹਾਦਸਿਆਂ ਦੀ ਸੂਰਤ ਵਿਚ ਤੁਸੀਂ ਡਰਾਈਵਰ ਨਾਲ ਕੀ ਸਲੂਕ ਕਰਦੇ ਹੋ?

ਉਤਰ ਸੀ : ਜੇ ਡਰਾਈਵਰ ਲਾਪਰਵਾਹੀ ਤੋਂ ਕੰਮ ਲਵੇ ਉਸ ਨੂੰ ਡੀਮੋਟ ਕਰ ਦਿਤਾ ਜਾਂਦਾ ਹੈ। ਗਰੇਸ ਮੈਨ ਦਾ ਜਾਂ ਕੋਈ ਹੋਰ ਕੰਮ ਉਸ ਨੂੰ ਦੇ ਦਿਤਾ ਜਾਂਦਾ ਹੈ। ਉਹ ਅਪੀਲ ਕਰ ਸਕਦਾ ਹੈ, ਟਰੇਡ ਯੂਨੀਅਨ ਦਾ ਫੈਸਲਾ ਅੰਤਮ ਫੈਸਲਾ ਹੋਵੇਗਾ।

ਕਸੂਰ ਸਾਬਤ ਹੋਣ ਤੇ ਜੇ ਕਿਸੇ ਨੂੰ ਅਦਾਲਤ ਵਿਚ ਸਜ਼ਾ ਹੋ ਜਾਵੇ ਅਤੇ ਉਹ ਜੇਲ੍ਹ ਚਲਾ ਜਾਵੇ ਤਾਂ ਵੀ ਉਸ ਦਾ ਕੰਮ ਕਰਨ ਦਾ ਹਕ ਨਹੀਂ ਖੁਸਦਾ। ਜੇਲ੍ਹ ਤੋਂ ਵਾਪਸ ਆਉਣ ਤੇ ਵੀ ਅਦਾਰਾ ਉਸ ਨੂੰ ਕੰਮ ਮੁਹਈਆ ਕਰਦਾ ਹੈ।

ਹਾਦਸਾ ਹੋਣ ਤੇ ਰੋਡ ਪਲਸ ਤੋਂ ਉਪਰੰਤ ਸੇਂਟਰਲ ਇੰਟੈਲੀਜੈਂਸ ਵੀ ਜਾਂਚ ਕਰਦਾ ਹੈ।

ਕੇਸ ਜੇ ਸਾਫ ਨਾ ਹੋਵੇਗਾ ਕਿ ਵਰਕਰ ਦਾ ਹੀ ਕਸੂਰ ਹੋ ਸਕਦਾ ਹੈ ਉਸ ਸੂਰਤ ਵਿਚ ਉਸ ਨੂੰ ਔਸਤ ਆਮਦਨ ਮੁਤਾਬਕ ਤਨਖਾਹ ਮਿਲਦੀ ਰਹੇਗੀ। ਲਸੰਸ ਜੇ ਪੁਲਸ ਕੋਲ ਹੋਵੇਗਾ ਤਾਂ ਉਸ ਡਰਾਈਵਰ ਨੂੰ ਡਰਾਈਵਰ ਦਾ ਕੰਮ ਨਹੀਂ ਮਿਲੇਗਾ। ਦੂਜਾ ਕੰਮ ਮਿਲੇਗਾ ਤੇ ਉਸ ਅਨੁਸਾਰ ਤਨਖਾਹ ਮਿਲੇਗੀ।

ਪਲਾਂਟ ਦਾ ਆਪਣਾ ਮੈਡੀਕਲ ਚੈਕ-ਅਪ ਸੈਂਟਰ ਹੈ, ਮੀਟਿੰਗ ਹਾਲ ਹੈ, ਕਲੱਬ ਹੈ, ਟਰੇਡ ਯੂਨੀਅਨ ਦਫਤਰ ਹੈ। ਗਲ ਕੀ ਵਰਕਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਨਸੀਬ ਹਨ ਜਿਨ੍ਹਾਂ ਦਾ ਕਿ ਮੈਂ ਪਹਿਲਾਂ ਵੀ ਜ਼ਿਕਰ ਕਰ ਚੁਕਿਆ ਹਾਂ।

ਇਲੈਕਟਰੋਸੇਲਾ ਪਲਾਂਟ ਵਿਚ ਵੀ ਸਾਨੂੰ ਦਸਿਆ ਗਿਆ ਕਿ ਵਰਕਰਾਂ ਨੂੰ ਬੀਮਾਰੀ ਦੇ ਦਿਨਾਂ ਦੀ ਅਤੇ ਹਾਦਸਾ ਹੋਣ ਤੇ ਪੂਰੀ ਤਨਖਾਹ ਦਿਤੀ ਜਾਂਦੀ ਹੈ। ਇਸ ਫੈਕਟਰੀ ਦੇ ਹਸਪਤਾਲ ਵਿਚ 22 ਡਾਕਟਰ ਮੌਜੂਦ ਹਨ, ਜੋ ਵਰਕਰਾਂ ਦੀ ਸਿਹਤ ਦਾ ਖਿਆਲ ਰਖਦੇ ਹਨ।

ਬੁਢੇਪੇ ਦੀ ਪੈਨਸ਼ਨ ਵੀ ਮਿਲਦੀ ਹੈ। ਔਰਤਾਂ 55 ਸਾਲ ਤੇ ਆਦਮੀ ਸਠ ਸਾਲ ਦੀ ਉਮਰ ਵਿਚ ਪੈਨਸ਼ਨ ਲੈ ਸਕਦੇ ਹਨ। ਖਤਰਨਾਕ ਕੰਮਾਂ ਵਿਚ ਔਰਤਾਂ 45 ਸਾਲ ਤੇ ਮਰਦ 50 ਸਾਲ ਦੀ ਉਮਰ ਵਿਚ ਰੀਟਾਇਰ ਹੋ ਕੇ ਪੈਨਸ਼ਨਾਂ ਲੈ ਸਕਦੇ ਹਨ।

ਇਲੈਕਟਰੋਸੈਲਾ ਪਲਾਂਟ ਵਿਚ ਵਰਕਰਾਂ ਦੀ ਔਸਤ ਮਾਸਕ ਆਮਦਨ 120 ਰੂਬਲ, 200 ਰੂਬਲ ਤੇ 250 ਰੂਬਲ ਹੈ। ਪਲਾਂਟ ਵਿਚ ਦਸ ਹਜ਼ਾਰ ਵਰਕਰ ਕੰਮ ਕਰਦੇ ਹਨ। ਇਸ ਪਲਾਂਟ ਨਾਲ ਸੰਬੰਧਤ ਤਿੰਨ ਹੋਰ ਪਲਾਂਟ ਹਨ। ਕੁਲ 25 ਹਜ਼ਾਰ ਵਰਕਰ ਕੰਮ ਕਰਦੇ ਹਨ।

ਫੈਕਟਰੀਆਂ ਵਿਚ ਕੋਮੋਸੋਲ ਵਾਲੰਟੀਅਰ ਕੋਰਾਂ ਵੀ ਮੌਜੂਦ ਹਨ, ਜੋ ਆਪਣੀ ਡਿਊਟੀ ਤੋਂ ਪਿਛੋਂ ਵਖ ਵਖ ਜਨਤਕ ਕਰਤਵ ਅਦਾ ਕਰਦੀਆਂ ਹਨ।

ਸਮਰਪੈਲਸ ਜੋ ਕਿ ਸ਼ਾਹੀ ਠਾਠ ਵਾਲੀ ਇਮਾਰਤ ਹੈ, ਹੁਣ ਹਰਮੀਟੇਜ ਅਖਵਾਂਦੀ ਹੈ।

ਸਾਡੀ ਦੋ ਭਾਸ਼ੀਆ ਨੇ ਦਸਿਆ ਕਿ ਜੇ ਇਸ ਇਮਾਰਤ ਵਿਚ ਰਖੀਆਂ ਸਾਰੀਆਂ ਚੀਜ਼ਾਂ ਨੂੰ ਵੇਖਣਾ ਹੋਵੇ ਤਾਂ ਗਿਆਰਾਂ ਸਾਲ ਲਗਣਗੇ। ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਅਸੀਂ ਦੋ ਘੰਟਿਆਂ ਵਿਚ ਕੀ ਕੁਝ ਵੇਖ ਸਕਦੇ ਸਾਂ। ਥਕ ਕੇ ਚੂਰ ਹੋ ਗਏ। ਸਚਮੁਚ ਇਕ ਇਕ ਤਸਵੀਰ ਨੂੰ ਵੇਖਣ ਤੇ ਸਮਝਣ ਲਈ ਕਾਫੀ ਸਮਾਂ ਚਾਹੀਦਾ ਹੈ।

2 ਅਪਰੈਲ 1960

ਮੇਰੀ ਸੋਵੀਅਤ ਯਾਤਰਾ—੨੧

# ਇਹੋ ਜਿਹਾ ਹੈ ਘਰ ਦਾ ਬਜਟ

—ਵੀਰ ਭਾਨ ਭੁਲਰ—

ਪੰਜ ਮੰਜ਼ਲਾ ਇਮਾਰਤ ਵਿਚ ਅਸੀਂ ਕਾਰਪੋਜੇਕਾ ਅਨਤੋਨੀ ਦੇ ਮਕਾਨ ਤੇ ਗਏ ਜੋ ਕਿ ਇਕ ਮਸ਼ੀਨ ਟੂਲਜ਼ ਫੈਕਟਰੀ ਵਿਚ ਗਰਾਈਂਡਰ ਵਜੋਂ ਕੰਮ ਕਰਦਾ ਸੀ। ਉਸਦੀ ਤਨਖਾਹ 200 ਰੂਬਲ ਮਾਸਕ ਸੀ। ਉਸਦੀ ਪਤਨੀ ਲੋਡੀਆ 90 ਰੂਬਲ ਮਾਸਕ ਲੈਂਦੀ ਸੀ। ਅਨਤੋਨੀ ਦੀ ਸੱਸ ਜੋ ਉਹਨਾਂ ਨੇ ਨਾਲ ਰਹਿੰਦੀ ਸੀ 70 ਰੂਬਲ ਮਾਸਕ ਲੈਂਦੀ ਸੀ। ਉਸ ਦਾ ਲੜਕਾ ਸੋਰ ਤੋਲੋ ਅਠ ਸਾਲਾਂ ਦੀ ਸੀ ਤੇ ਸਕੂਲ ਵਿਚ ਪੜ੍ਹਦਾ ਸੀ। ਇਹ ਪਰਵਾਰ 360 ਰੂਬਲ ਮਾਸਕ ਕਮਾਂਦਾ ਸੀ। ਉਹਨਾਂ ਦਾ ਕਹਿਣਾ ਸੀ ਕਿ ਖਾਣੇ ਤੇ ਲਗ ਭਗ 160 ਰੂਬਲ ਮਹੀਨਾ ਖਰਚ ਹੁੰਦੇ ਹਨ। 40 ਰੂਬਲ ਪ੍ਰਤੀ ਜੀ ਖਾਣੇ ਦਾ ਖਰਚ ਗਿਣਿਆ ਜਾ ਸਕਦਾ ਹੈ। ਉਹ ਹਰ ਰੋਜ਼ ਮੀਟ, ਆਂਡੇ, ਮਖਣ ਡਬਲ ਰੋਟੀ ਤੇ ਮਛੀ ਤੋਂ ਉਪਰੰਤ ਚਾਹ ਜਾਂ ਕਾਫੀ ਵਰਤਦੇ ਸਨ। ਨਾਸ਼ਤੇ ਵਿਚ ਮਛੀ, ਆਂਡਾ, ਮਖਣ ਰੋਟੀ ਹਾਸਲ ਕਰਦੇ ਸਨ।

ਉਹਨਾਂ ਕੋਲ ਦੋ ਕਮਰੇ ਸਨ। ਕਰਾਇਆ ਕੇਵਲ 9 ਰੂਬਲ ਵੀਹ ਕੋਪਕ। ਬਿਜਲੀ ਤੇ ਗੈਸ-ਪਾਣੀ ਆਦਿ ਦਾ ਖਰਚਾ 3-4 ਰੂਬਲ ਪੈਂਦਾ ਹੈ। ਔਸਤਨ ਕੁਲ ਖਰਚ ਗਿਆਰਾਂ ਤੋਂ ਤੇਰਾਂ ਰੂਬਲ ਤਕ ਪੈਂਦਾ ਹੈ। ਬਚੇ ਦੀ ਪੜ੍ਹਾਈ ਮੁਫਤ ਹੈ। ਘਰ ਤੇ ਰੇਡੀਓ ਤੋਂ ਉਪਰੰਤ ਟੈਲੀਵੀਜ਼ਨ ਵੀ ਮੌਜੂਦ ਸੀ।

ਇਸੇ ਤਰ੍ਹਾਂ ਦੋਬੀਨਾ ਤਰੇਸ ਜੋ ਟਿੰਬਰ ਸਟਿਕ ਇੰਜੀਨੀਅਰ ਸੀ। ਉਸ ਨੇ ਦਸਿਆ ਕਿ ਉਹ 150 ਰੂਬਲ ਲੈਂਦਾ ਹੈ। ਉਸ ਦੀ ਪਤਨੀ ਇਕਨਾਮਿਕਸ ਇੰਜੀਨੀਅਰ ਹੈ। ਉਹ ਵੀ 150 ਰੂਬਲ ਲੈਂਦੀ ਹੈ। ਲੜਕੀ ਨੇ ਪੜ੍ਹਾਈ ਵਿਚ ਦਿਲਚਸਪੀ ਨਾ ਲਈ ਉਹ ਅਜੇ 70 ਰੂਬਲ ਮਾਸਕ ਲੈਂਦੀ ਹੈ।

ਅਨਤੋਨੀ ਨੇ ਸਾਨੂੰ ਇਹ ਵੀ ਦਸਿਆ ਕਿ ਫਰਨੀਚਰ ਹੁਦਾਰ ਵੀ ਮਿਲ ਸਕਦਾ ਹੈ। ਇਸ ਤੇ ਕੋਈ ਸੂਦ ਨਹੀਂ ਲਿਆ ਜਾਂਦਾ।

ਸਾਡੇ ਇਕ ਸਾਥੀ ਦੇ ਉਤਰ ਵਿਚ ਉਸ ਨੇ ਦਸਿਆ ਕਿ ਉਹ ਸ਼ਰਾਬ ਕੇਵਲ ਛੁਟੀ ਦੇ ਦਿਨ ਪੀਂਦੇ ਹਨ, ਜਾਂ ਫਿਰ ਉਦੋਂ ਜਦੋਂ ਕੋਈ ਮਿਤਰ ਜਾਂ ਪ੍ਰਾਹੁਣਾ ਆਉਂਦਾ ਹੈ। ਉਹ ਹਰ ਐਤਵਾਰ ਸਿਨੇਮਾ ਵੇਖਦੇ ਹਨ। ਮਹੀਨੇ ਵਿਚ ਇਕ ਵਾਰ ਥੀਏਟਰ (ਬੈਲੇ ਜਾਂ ਸਰਕਸ) ਵਿਚ ਵੀ ਜਾਂਦੇ ਹਨ।

ਉਸ ਨੇ ਇਹ ਵੀ ਦਸਿਆ ਕਿ ਸਾਨੂੰ ਘਰ ਦਾ ਬਜਟ ਤਿਆਰ ਕਰਨ ਦੀ ਕੋਈ ਖਾਸ ਲੋੜ ਨਹੀਂ ਪੈਂਦੀ। ਚੰਗਾ ਖਾਂਦੇ ਹਨ, ਚੰਗਾ ਪੀਂਦੇ ਹਨ। ਕੁਝ ਬਚਾਣ ਦੀ ਲੋੜ ਨਹੀਂ। ਲੜਕੀ ਪੰਦਰਾਂ ਸਾਲਾਂ ਦੀ ਹੋ ਜਾਵੇਗੀ। ਉਸ ਵੇਲੇ ਥੋੜ੍ਹਾ ਜਿਹਾ ਬਚਾਵਾਂਗੇ, ਉਸ ਦੀ ਸ਼ਾਦੀ ਹੋ ਜਾਵੇਗੀ ਤਾਂ ਹੋਟਲ ਵਿਚ ਫੀਸਟ ਉਡਾਵਾਂਗੇ।

ਸਾਡੀ ਉਹਨਾਂ ਨੇ ਖੜ੍ਹੀ ਖਾਤਰ ਕੀਤੀ ਅਤੇ ਅਸੀਂ ਆਪਣੇ ਆਪ ਨੂੰ ਆਪਣੇ ਘਰ ਵਿਚ ਹੀ ਮਹਿਸੂਸ ਕੀਤਾ।

ਉਸ ਨੇ ਆਪਣੀ ਫੈਕਟਰੀ ਦੇ ਸਬੰਧ ਵਿਚ ਦਸਿਆ ਕਿ ਉਸ ਫੈਕਟਰੀ ਵਿਚ ਪੰਜ ਹਜ਼ਾਰ ਤੋਂ ਵਧ ਵਰਕਰ ਕੰਮ ਕਰਦੇ ਹਨ। 850 ਪਾਰਟੀ ਦੇ ਮੈਂਬਰ ਹਨ। ਪਾਰਟੀ ਦੇ ਗਰੁਪ ਵੀ ਹਨ। ਕਾਰਖਾਨੇ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ ਹਨ। ਘਟੋ ਘਟ ਤਨਖਾਹ ਇਕ ਸੌ ਰੂਬਲ ਹੈ ਅਤੇ ਵਧ ਤੋਂ ਵਧ 400 ਰੂਬਲ। ਸਮੂਹੇ ਕਾਰਖਾਨੇ ਵਿਚ ਔਸਤ ਉਜਰਤ 140 ਰੂਬਲ ਮਹੀਨਾ ਹੈ।

ਅਨਤੋਨੀ ਨੇ ਭਾਰਤ ਦੇ ਵਰਕਰਾਂ ਦੀ ਜ਼ਿੰਦਗੀ ਬਾਰੇ ਵੀ ਸਾਡੇ ਤੋਂ ਪੁਛਿਆ। ਇਸ ਤੋਂ ਉਪਰੰਤ ਭਾਰਤ ਦੀ ਪਾਰਟੀ ਤੇ ਲੋਕਾਂ ਬਾਰੇ ਵੀ ਪੁਛਿਆ ਤੇ ਇਹ ਵੀ ਜਾਣਨਾ ਚਾਹਿਆ ਕਿ ਅਸੀਂ ਚੀਨ ਤੇ ਉਥੋਂ ਦੀ ਪਾਰਟੀ ਬਾਰੇ ਕਿਵੇਂ ਸੋਚਦੇ ਹਾਂ।

ਜਿਹੜੇ ਕੁਝ ਘੰਟੇ ਅਸੀਂ ਅਨਤੋਨੀ ਤੇ ਉਸ ਦੇ ਪਰਵਾਰ ਨਾਲ ਗੁਜ਼ਾਰੇ ਉਹ ਅਸੀਂ ਕਦੇ ਨਹੀਂ ਭੁਲ ਸਕਦੇ।

(ਚਲਦਾ)

ਮੇਰੀ ਸੋਵੀਅਤ ਯਾਤਰਾ—੨੨

# ਜਿਥੇ ਗੋਰਕੀ ਨੂੰ ਕੈਦ ਰਖਿਆ ਗਿਆ

ਵੀਰ ਭਾਨ ਭੁਲਰ

ਅਕਤੂਬਰ ਮਿਊਜ਼ੀਅਮ : ਇਸ ਵਿਚ ਰੂਸ ਦੀ ਆਜ਼ਾਦੀ ਦੀ ਤਹਿਰੀਕ, ਇਨਕਲਾਬ ਤੋਂ ਪਿਛੋਂ ਦੇਸ਼ ਦੀ ਹਾਲਤ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਜੰਗ ਤੋਂ ਪਿਛੋਂ ਭੁਖ ਤੇ ਬੀਮਾਰੀ ਆਮ ਹੋ ਗਈ ਸੀ। ਰਾਸ਼ਨ ਕਾਰਡ ਦਾ ਸਿਸਟਮ ਜਾਰੀ ਕਰਨਾ ਪਿਆ ਸੀ। ਇਹ ਸਾਰੇ ਮਸਲੇ ਕਿਵੇਂ ਹਲ ਕੀਤੇ ਗਏ, ਹੁਣ ਪਾਰਟੀ ਦੀ ਤਾਕਤ ਕਿੰਨੀ ਹੈ, ਹੁਣ ਸਥਿਤੀ ਕਿਸ ਤਰ੍ਹਾਂ ਦੀ ਹੈ, ਇਹ ਸਾਰਾ ਕੁਛ ਤਸਵੀਰਾਂ ਤੇ ਅੰਕੜਿਆਂ ਵਿਚ ਦਸਿਆ ਗਿਆ ਹੈ। ਇਸ ਮਿਊਜ਼ੀਅਮ ਵਿਚ ਗਾਂਧੀ ਜੀ ਦੀ ਤਸਵੀਰ ਵੀ ਨਜ਼ਰ ਆਈ ਤੇ ਉਹਨਾਂ ਦਾ ਸੰਦੇਸ਼ ਵੀ। ਇਕ ਭਾਰਤੀ ਡੈਲੀਗੇਸ਼ਨ ਦੀ ਫੋਟੋ ਤੇ ਭਾਰਤ ਵਿਚ ਬਦੇਸ਼ੀ ਤਹਿਰੀਕ ਦੀ ਇਕ ਫੋਟੋ ਵੀ ਮੌਜੂਦ ਸੀ। ਕਾਮਰੇਡ ਸਟਾਲਿਨ ਦੀ ਤਸਵੀਰ ਵੀ ਮੌਜੂਦ ਸੀ—ਉਸ ਵੇਲੇ ਦੀ ਕੇਂਦਰੀ ਕਮੇਟੀ ਦੇ ਮੈਂਬਰਾਂ ਦੇ ਨਾਲ।

ਗਰੇਵ ਯਰਡ ਅਤੇ ਸਮੁੰਦਰੀ ਬੇੜੇ ਦਾ ਜ਼ਿਕਰ ਮੈਂ ਪਹਿਲਾਂ ਕਰ ਚੁਕਾ ਹਾਂ। ਨੀਵਾ ਦਰਿਆ ਬਿਲਕੁਲ ਜਮਿਆ ਹੋਇਆ ਸੀ। ਬਰਫ ਤੋੜ ਕਿਸ਼ਤੀਆਂ ਵੀ ਆਪਣਾ ਕੰਮ ਬਰਾਬਰ ਕਰ ਰਹੀਆਂ ਸਨ।

ਰਜ਼ਲੀਫ ਵਿਚ ਉਹ ਘਰ ਵੀ ਵੇਖਿਆ ਜਿਥੇ ਕਾਮਰੇਡ ਲੈਨਿਨ ਘਾ-ਫੂਸ ਦੀਆਂ ਝੁਗੀਆਂ ਵਿਚ ਰਹਿਣ ਤੋਂ ਪਹਿਲਾਂ ਠਹਿਰੇ ਸਨ। ਪਾਰਟੀ ਨੇ ਇਕ ਅਜਿਹੇ ਮਜ਼ਦੂਰ ਕੋਲ ਕਾਮਰੇਡ ਲੈਨਿਨ ਨੂੰ ਠਹਿਰਾਉਣ ਦਾ ਫੈਸਲਾ ਕੀਤਾ ਸੀ ਜੋ ਬਾਲਸ਼ਵੀਕ ਪਾਰਟੀ ਦਾ ਮੈਂਬਰ ਤਾਂ ਸੀ ਪਰ ਉਸ ਦੇ ਮਾਲਕਾਂ ਨੂੰ ਤਸਲੀ ਸੀ ਕਿ ਉਹ ਇਸ ਤਰ੍ਹਾਂ ਦਾ ਆਦਮੀ ਨਹੀਂ ਹੈ। ਉਸ ਦਾ ਨਾਂਅ ਸੀ ਮਲੀਆਨੋਵਛੋਟਾ ਨਾਂਅ ਰਖੀਆ—ਉਸ ਦੇ ਨਾਂਅ ਤੇ ਅਤਜਨ ਦੀ ਜੋ ਫੈਕਟਰੀ ਮਾਸਕੋ ਵਿਚ ਚਲ ਰਹੀ ਹੈ।

ਜਿਸ ਦਿਨ ਅਸੀਂ ਰਜ਼ਲੀਫ ਵੇਖਣ ਗਏ ਉਸ ਦਿਨ ਭਾਰੀ ਗਿਣਤੀ ਵਿਚ ਸਿਪਾਹੀ ਜਿਨ੍ਹਾਂ ਦੀ ਸੇਵਾ ਦੋ ਸਾਲ ਹੋ ਚੁਕੀ ਸੀ ਉਥੇ ਆਏ-ਦੇਸ਼, ਪਾਰਟੀ ਤੇ ਲੋਕਾਂ ਦੀ ਵਫਾਦਾਰੀ ਦਾ ਹਲਫ ਲੈਣ ਲਈ। ਸੇਨਰ ਤਿੰਨ ਸਾਲ ਦੀ ਸੇਵਾ ਤੋਂ ਪਿਛੋਂ ਹਲਫ ਲੈਂਦੇ ਹਨ।

ਅਤੇ ਇਹ ਸੀ ਲੈਨਿਨਗਰਾਡ ਵਿਚ ਇਕ ਟਾਪੂ ਉਤੇ ਕਿਲਾ। ਇਥੇ ਇਨਕਲਾਬੀਆਂ ਨੂੰ ਕੈਦ ਵਿਚ ਰਖਿਆ ਜਾਂਦਾ ਸੀ। ਕਾਮਰੇਡ ਲੈਨਿਨ ਦੇ ਭਰਾ ਅਲੈਗਜ਼ੈਂਡਰਉਲੀਆਨੋਵ,ਜੋ ਕਿਦਹਿਸ਼ਤ ਪਸੰਦ ਤਹਿਰੀਕ ਦਾ ਲੀਡਰ ਸੀ, ਨੂੰ ਵੀ ਇਸ ਕਿਲੇ ਵਿਚ ਰਖਿਆ ਗਿਆ ਸੀ। ਮੈਕਸਮ ਗੋਰਕੀ ਨੂੰ ਵੀ ਇਸ ਕਿਲੇ ਵਿਚ ਰਖਿਆ ਗਿਆ ਸੀ। ਇਸ ਵਿਚ 69 ਸੈੱਲ ਸਨ। (ਪੰਜਾਬ ਵਿਚ ਅਸੀਂ ਇਹਨਾਂ ਨੂੰ ਕੋਠੜੀਆਂ ਜਾਂ ਚੱਕੀਆਂ ਕਹਿੰਦੇ ਹਾਂ) ਕੋਈ ਕਿਸੇ ਕੈਦੀ ਦਾ ਨਾਂਅ ਨਹੀਂ ਸੀ ਪੁਕਾਰ ਸਕਦਾ ਕੇਵਲ ਸੈੱਲ ਨੰਬਰ ਹੀ ਪੁਕਾਰਿਆ ਜਾਂਦਾ ਸੀ। ਕੈਦੀਆਂ ਨੂੰ ਜਕੜ ਕੇ, ਲੰਬੇ ਚੋਗ ਪੁਆ ਕੇ ਕਈ ਘੰਟੇ ਖੜਾ ਰਖਿਆ ਜਾਂਦਾ ਸੀ। ਕੈਦੀਆਂ ਨੂੰ ਭੁਖਿਆਂ ਵੀ ਰਖਿਆ ਜਾਂਦਾ ਸੀ।

ਪਹਿਰਾ ਏਨਾ ਕਰੜਾ ਸੀ ਕਿ ਇਸ ਕਿਲੇ ਵਿਚੋਂ ਕੋਈ ਭਜ ਨਹੀਂ ਸੀ ਸਕਦਾ। ਪਹਿਰੇਦਾਰ ਪਹਿਰੇਦਾਰਾਂ ਤੇ ਪਹਿਰਾ ਦੇਂਦੇ ਸਨ ਤਾਂ ਜੋ ਕੋਈ ਪਹਿਰੇਦਾਰ ਕਿਸੇ ਕੈਦੀ ਨਾਲ ਹਮਦਰਦੀ ਨਾ ਕਰ ਸਕੇ। ਕੈਦੀ ਨੂੰ ਕੇਵਲ ਉਸ ਦਿਨ ਨੁਹਾਇਆ ਜਾਂਦਾ ਜਿਸ ਦਿਨ ਉਸ ਨੂੰ ਕਤਲ ਗਾਹ ਵਿਚ ਕਤਲ ਕਰਨਾ ਹੁੰਦਾ। ਕੈਦੀਆਂ ਨੂੰ ਭੁਖਿਆਂ ਰਖਿਆ ਜਾਂਦਾ, ਸੌਣ ਨਾ ਦਿਤਾ ਜਾਂਦਾ ਤੇ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿਤੇ ਜਾਂਦੇ। ਪਹਿਰੇਦਾਰਾਂ ਦੇ ਕਾਰਟੂਨ ਇਕ ਦੂਜੇ ਦੀ ਨਿਗਰਾਨੀ ਕਰਦੇ ਨਜ਼ਰ ਆ ਰਹੇ ਸਨ।

ਇਸ ਕਿਲ੍ਹੇ ਵਿਚ ਇਕ ਚਰਚ ਵੀ ਮੌਜੂਦ ਹੈ ਜੋ ਕਿ ਕੇਵਲ ਰਾਇਲ ਫੈਮਿਲੀ ਲਈ ਹੀ ਸੀ। ਇਹ ਸਾਰਾ ਸੋਨੇ ਨਾਲ ਮੜ੍ਹਿਆ ਹੋਇਆ ਸੀ।

---

ਸਰਿਆਂ ਦੀ ਹਾਲਤ ਵਿਚ ਬੀਮਾਰੀ ਦੇ ਦਿਨ ਬਿਤਾਣੇ ਪੈ ਰਹੇ ਹਨ ਤਾਂ ਇਹ ਸਾਡੇ ਰਾਜ-ਸਮਾਜ ਲਈ ਡਾਢੀ ਸ਼ਰਮ ਦੀ ਗਲ ਹੈ। ਮੋਇਆਂ ਗਿਆਂ ਦੇ ਤਾਂ ਅਸੀਂ ਬੜੇ ਨੁਮਾਇਸ਼ੀ ਢੰਗ ਨਾਲ ਸੋਹਲੇ ਗਾਉਂਦੇ ਹਾਂ, ਪਰ ਜਿਉਂਦਿਆਂ ਦੀ ਸਾਰ ਨਹੀਂ ਲੈਂਦੇ। ਸ਼ਰੋਮਣੀ ਕਮੇਟੀ ਦਾ ਵੀ ਤੇ ਅਕਾਲੀ ਪਾਰਟੀ ਦਾ ਵੀ ਫਰਜ਼ ਹੈ ਕਿ ਉਹ ਗਿਆਨੀ ਜੀ ਦੀ ਸਿਹਤ ਤੇ ਸੰਭਾਲ ਲਈ ਫੌਰੀ ਤੇ ਯੋਗ ਉਦਮ ਕਰਨ।

—ਜਗਜੀਤ ਸਿੰਘ ਅਨੰਦ

---

# ਜਾਦੂ ਉਹ ਜੋ ਸਿ

"ਪੁਰੀ ਦੇ ਜਗਤ ਗੁਰੂ ਸ਼ੰਕਰ ਆਚਾਰੀਆ ਨੇ ਐਲਾਨ ਕੀਤਾ ਹੈ ਕਿ ਜੇ ਗਊ-ਹਤਿਆ ਤੇ ਮੁਕੰਮਲ ਪਾਬੰਦੀ ਦਾ ਕਾਨੂੰਨ ਛੇਤੀ ਨਾ ਬਣਾਇਆ ਗਿਆ ਤਾਂ ਇਕ ਵਾਰ ਫਿਰ ਦੇਸ ਵਿਆਪੀ ਅੰਦੋਲਨ ਸ਼ੁਰੂ ਕਰ ਦਿਤਾ ਜਾਵੇਗਾ। ਗਊ ਰਖਸ਼ਾ ਸੰਮਤੀ ਵਲੋਂ ਇਸ ਮੰਤਵ ਲਈ 10-11 ਅਪਰੈਲ ਨੂੰ ਦਿਲੀ ਵਿਚ ਇਕ ਕੌਮੀ ਕਨਵੈਨਸ਼ਨ ਵੀ ਬੁਲਾ ਲਈ ਗਈ ਹੈ। ਇਸ ਵਿਚ ਪ੍ਰਸਤਾਵਿਤ ਅੰਦੋਲਨ ਦੀ ਰੂਪ ਰੇਖਾ ਅਤੇ ਪਕੀ ਤਾਰੀਖ ਤੈਅ ਕੀਤੀ ਜਾਵੇਗੀ....."

(ਪ੍ਰਦੀਪ, ਤਿੰਨ ਅਪਰੈਲ)

"ਪੁਰੀ ਦੇ ਜਗਤ ਗੁਰੂ ਸ਼ੰਕਰ ਆਚਾਰੀਆ ਨੇ ਪਟਨੇ ਵਿਚ ਹੋਏ ਵਿਸ਼ਵ ਧਰਮ ਹਿੰਦੂ ਸਮੇਲਨ ਵਿਚ ਛੂਆ ਛਾਤ ਨੂੰ ਹਿੰਦੂ ਧਰਮ ਦਾ ਬੁਨਿਆਦੀ ਸਿਧਾਂਤ ਦਸਿਆ ਅਤੇ ਇਹ ਕਿਹਾ ਦਸਦੇ ਹਨ ਕਿ ਕੋਈ ਵੀ ਕਾਨੂੰਨ ਹਿੰਦੂਆਂ ਨੂੰ ਇਸ ਅਸੂਲ ਤੇ ਅਮਲ ਕਰਨੋ ਨਹੀਂ ਰੋਕ ਸਕਦਾ। ਉਹਨਾਂ ਨੇ ਛੂਆ-ਛਾਤ ਨਾਸ਼ਕ

# ਇਹ ਸੀ ਪਿਆਰ ਦੀ ਥਾਂ

—ਵੀਰ ਭਾਨ ਭੁਲਰ—

ਸਤਾਲਿਨ ਗਰਾਦ ਹੁਣ ਜਿਸਨੂੰ ਵਾਲਗੋਗਰਾਦ ਕਿਹਾ ਜਾਂਦਾ ਹੈ ਸਾਡਾ ਡੇਲੀਗੇਸ਼ਨ ਟੂਰਿਸਟ ਹੋਟਲ ਵਿਚ ਠਹਿਰਿਆ, ਜੋ ਕਿ ਸ਼ਹਿਰ ਦੇ ਕੇਂਦਰ ਵਿਚ ਵਾਕਿਆ ਹੈ। ਇਹ ਬਹੁਤ ਅਹਿਮ ਥਾਂ ਹੈ। ਇਸ ਦੇ ਨੇੜੇ ਬਹੁਤ ਵਡਾ ਤਾਰ ਘਰ ਤੇ ਟੈਲੀਫੋਨ ਆਫਿਸ ਹੈ। ਸਾਹਮਣੇ ਰੇਲਵੇ ਸਟੇਸ਼ਨ ਹੈ। ਹੋਟਲ ਦੇ ਨਾਲ ਹੀ ਫਾਲਨ ਫਾਈਟਰਜ਼ (ਸ਼ਹੀਦਾਂ ਦੀ) ਜੋਤ ਜਗਦੀ ਹੈ। ਉਥੇ ਇਕ ਬਹੁਤ ਪੁਰਾਣਾ ਦਰਖਤਯ ਯਾਦਗਾਰ ਵਜੋਂ ਕਾਇਮ ਰਖਿਆ ਗਿਆ ਹੈ ਜਿਸ ਨੂੰ ਨਾਜ਼ੀਆਂ ਦੀ ਬੰਬਾਰੀ ਵੀ ਨਾ ਸਾੜ ਸਕੀ। ਨਾਜ਼ੀਆਂ ਦੇ ਹਮਲੇ ਤੋਂ ਪਹਿਲਾਂ ਇਹ ਚੌਕ——ਸ਼ਹਿਰ ਦਾ ਕੇਂਦਰ——ਦੋ ਲੜਾਈਆਂ ਵੇਖ ਚੁਕਿਆ ਹੈ। ਇਸੇ ਕੇਂਦਰ ਵਿਚ ਵਾਈਟ ਗਾਰਡਾਂ ਨੇ ਹਕ ਤੇ ਨਿਆਂ ਲਈ ਲੜਨ ਵਾਲੇ ਪੰਜ ਸੌ ਸੰਗਰਾਮੀਆਂ ਨੂੰ ਫਾਂਸੀ ਦਿਤੀ। ਕੌਮਸਲ ਅਤੇ ਨੌਜੁਆਨਾਂ ਦੀਆਂ ਜਥੇਬੰਦੀਆਂ ਦੇ ਵਾਲੰਟੀਅਰ ਬਰਫਬਾਰੀ ਦੇ ਬਾਵਜੂਦ ਵਾਰੀ ਵਾਰੀ ਸਵੇਰ ਤੋਂ ਸ਼ਾਮ ਤਕ ਪਹਿਰਾ ਦੇਂਦੇ ਹਨ। ਗੋਰਕੀ ਮਿਊਜ਼ੀਅਮ ਵੀ ਨੇੜੇ ਹੀ ਹੈ। ਉਸ ਦੇ ਨੇੜੇ ਹੀ ਵੀਹ ਮੰਜ਼ਲਾਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ।

ਸਤਾਲਿਨ ਗਰਾਦ ਦੀ ਲੜਾਈ ਤੇ ਤਬਾਹੀ ਨੂੰ ਕੌਣ ਭੁਲ ਸਕਦਾ ਹੈ। 200 ਦਿਨ ਦੀ ਜੰਗ ਵਿਚ ਨਾਜ਼ੀਆਂ ਨੇ ਦਸ ਲਖ ਬੰਬ ਡੇਗੇ। 46 ਹਜ਼ਾਰ ਰੂਸੀਆਂ ਦੀਆਂ ਜਾਨਾਂ ਗਈਆਂ। ਕੁਲ ਮਰਨ ਵਾਲਿਆਂ ਦੀ ਗਿਣਤੀ 145000 ਸੀ। ਸਾਰੀਆਂ ਇਮਾਰਤਾਂ ਤੇ ਦਰਖਤ ਭੁੰਨ ਕੇ ਸੁਆਹ ਕਰ ਦਿਤੇ ਗਏ। ਦਖਣੀ ਹਿਸੇ ਵਿਚ ਕੁਝ ਇਮਾਰਤਾਂ ਨਾਜ਼ੀਆਂ ਨੇ ਰਖ ਲਈਆਂ। ਨਾਜ਼ੀਆਂ ਦੀਆਂ ਨਜ਼ਰਾਂ ਵੋਲਗਾ ਦਰਿਆ ਉਤੇ ਲਗੀਆਂ ਹੋਈਆਂ ਸਨ। ਉਸ ਵੇਲੇ ਨਾਅਰਾ ਉਠਿਆ-ਮਰੋ ਜਾਂ ਬਚਾਓ। ਆਖਰ ਦਸ ਹਜ਼ਾਰ ਦੀ ਗਿਣਤੀ ਵਿਚ ਫੌਜ ਦੂਜੇ ਇਲਾਕਿਆਂ ਤੋਂ ਪਹੁੰਚ ਗਈ।

ਕਮਿਊਨਿਸਟ ਪਾਰਟੀ ਨੇ ਕੀ ਲੜਾਈ ਦੇ ਦਿਨਾਂ ਵਿਚ ਤੇ ਕੀ ਪਿਛੋਂ ਸ਼ਹਿਰ ਨੂੰ ਨਵੇਂ ਸਿਰਿਓਂ ਵਸਾਉਣ ਵਿਚ ਅਹਿਮ ਰੋਲ ਅਦਾ ਕੀਤਾ। ਦੇਸ਼ ਭਰ ਵਿਚ ਕੌਮਸੋਲ ਲੋਕਾਂ ਦੀ ਮਦਦ ਲਈ, ਮਲਬਾ ਸਾਫ ਕਰਨ ਲਈ, ਘਰ ਬਣਾਉਣ ਤੇ ਫਿਰ ਤੋਂ ਲੋਕਾਂ ਨੂੰ ਵਸਾਉਣ ਲਈ ਆਏ। ਸਰਕਾਰ ਨੇ ਮੁਫਤ ਜ਼ਮੀਨ ਦਿਤੀ। ਲੇਡੀ ਚਰਕਾਸੋਵਾ ਨੇ ਇਸ ਸਬੰਧ ਵਿਚ ਤਹਿਰੀਕ ਚਲਾਈ, ਜੋ ਕਿ ਚਰਕਾਸੋਵਾ ਤਹਿਰੀਕ ਦੇ ਨਾਲ ਪ੍ਰਸਿਧ ਹੈ। ਸਟਾਲਿਨ ਗਰਾਡ ਦੀ ਤਬਾਹੀ ਬਾਰੇ ਫਿਲਮ ਵੇਖਣ ਤੇ ਪਤਾ ਲਗਦਾ ਹੈ ਕਿ ਕਿੰਨੀ ਭਿਆਨਕ ਲੜਾਈ ਹੋਈ। ਆਮ ਲੋਕਾਂ ਤੇ ਫੌਜੀਆਂ ਕਿਸ ਬਹਾਦਰੀ ਨਾਲ ਨਾਜ਼ੀਆਂ ਦਾ ਮੁਕਾਬਲਾ ਕੀਤਾ ਅਤੇ ਅੰਤ ਵਿਚ ਨਾਜ਼ੀਆਂ ਨੂੰ ਮਾਰ ਭਜਾਇਆ।

ਵੋਲਗਾ ਦਰਿਆ ਪਾਰ ਨਹੀਂ ਕਰਨ ਦਿਤਾ।

ਹੁਣ ਸ਼ਹਿਰ ਦੀ ਨਵ-ਉਸਾਰੀ ਹਰ ਇਕ ਨੂੰ ਬੜਾ ਪ੍ਰਭਾਵਤ ਕਰਦੀ ਹੈ। ਕੇਵਲ ਇਕ ਸਾੜੀ ਹੋਈ ਬਿਲਡਿੰਗ ਇਸ ਲੜਾਈ ਦੀ ਨਿਸ਼ਾਨੀ ਵਜੋਂ ਰਖੀ ਗਈ ਹੈ।"

ਸਰਜਨ ਪਾਵਲੋਵ ਨੇ ਇਸ ਲੜਾਈ ਵਿਚ ਅਹਿਮ ਰੋਲ ਅਦਾ ਕੀਤਾ ਜਿਸਦਾ 25,20 ਦਾ ਗਰੁਪ ਦੁਸ਼ਮਨਾਂ ਨਾਲ ਲੜਦਾ ਰਿਹਾ। ਅੰਤ ਵਿਚ ਤਿੰਨ ਆਦਮੀਆਂ ਦਾ ਗਰੁਪ 58 ਦਿਨਾਂ ਤਕ ਲੜਦਾ ਰਿਹਾ। ਸਰਜਨ ਪਾਵਲੋਵ ਅਜੇ ਜਿਊਂਦਾ ਹੈ।

ਉਸ ਦੇ ਨਾਂਅ ਤੇ ਪਾਵਲੋਵ ਹਾਊਸ ਬਣਾਇਆ ਗਿਆ ਹੈ। ਆਦਾ ਨਾਸੀਆ, ਜਿਸ ਦੀ ਅੱਖ ਨਿਕਲ ਗਈ ਸੀ, ਦਾ ਵੀਹ ਸਾਲ ਪਿਛੋਂ ਅਪਰੇਸ਼ਨ ਕਰ ਦਿਤਾ ਗਿਆ ਹੈ।

★ ★ ★

## ਪਿਆਰ ਦੀ ਥਾਂ

ਨਾਂਅ ਸੁਣਕੇ ਹੀ ਤੁਸੀਂ ਇਹ ਸਮਝਦੇ ਹੋਵੋਗੇ ਕਿ ਇਹ ਕੋਈ ਇਸ ਤਰ੍ਹਾਂ ਦੀ ਥਾਂ ਹੈ ਜਿਥੇ ਪਿਆਰ ਕਰਨ ਦੀ ਟਰੇਨਿੰਗ ਦਿਤੀ ਜਾਂਦੀ ਹੈ। ਨਹੀਂ ਇਹੋ ਜਹੀ ਕੋਈ ਗਲ ਨਹੀਂ। ਗਲ ਕੇਵਲ ਏਨੀ ਹੈ ਕਿ ਸੜਕ ਦੇ ਇਕ ਪਾਸੇ ਹੈ ਟੈਕਨੀਕਲ ਕਾਲਜ ਜਿਥੇ ਲੜਕੇ ਵਿਦਿਆ ਪਰਾਪਤ ਕਰਦੇ ਹਨ ਅਤੇ ਉਸ ਦੇ ਐਨ ਸਾਹਮਣੇ ਦੂਜੇ ਪਾਸੇ ਹੈ ਟੀਚਰਜ਼ ਕਾਲਜ ਜਿਥੇ ਔਰਤਾਂ ਵਿਦਿਆ ਹਾਸਲ ਕਰਦੀਆਂ ਹਨ। ਇਸੇ ਲਈ ਇਸ ਥਾਂ ਦਾ ਨਾਂਅ ਮੁਹਬਤ ਦੀ ਥਾਂ ਰਖਿਆ ਗਿਆ ਹੈ। ਸਾਡੇ ਦੇਸ਼ ਵਾਂਗ ਚੋਰ ਅਖਾਂ ਨਾਲ ਇਕ ਦੂਜੇ ਨੂੰ ਵੇਖਣ ਦੀ ਲੋੜ ਨਹੀਂ ਰਹਿੰਦੀ।

★ ★ ★

ਅਤੇ ਇਥੇ ਮਰਗਾਜ਼ੀ ਹਿਮਤ ਦੀ ਬਣਾਈਆਂ ਗਈਆਂ ਹਨ। ਇਸ ਨੂੰ ਮੈਮੋਰੀਅਲ ਆਫ ਹੀਰੋਜ਼ ਕਿਹਾ ਜਾਂਦਾ ਹੈ। ਇਹਨਾਂ ਸ਼ਹੀਦਾਂ ਦੀ ਜੋਤ ਵਲ ਇਸ ਵੇਲੇ ਵੀ ਲੋਕਾਂ ਦੇ ਜਥਿਆਂ ਦੇ ਜਥੇ

(ਬਾਕੀ ਦੇਖੋ ਸਫਾ 5)

---

ਪੱਤਝੜੀ ਰੁੱਖਾਂ ਦੇ ਪੌਦਿਆਂ ਦੇ ਪਤਿਆਂ ਦੇ ਪਤਿਆਂ ਦੇ ਟਿਸ਼ੂ ਮਰਨੇ ਸ਼ੁਰੂ ਹੋ ਜਾਂਦੇ ਹਨ। ਮਰੇ ਹੋਏ ਹਿਸੇ ਛੋਟੇ ਛੋਟੇ ਦਾਗਾਂ ਦੇ ਆਕਾਰ ਤੋਂ ਲੈ ਕੇ ਬਹੁਤ ਵਡੇ ਆਕਾਰ ਦਾ ਵੀ ਹੋ ਸਕਦਾ ਹੈ। ਆੜੂ ਦੇ ਪਤਿਆਂ ਤੇ ਵਣ ਪੈਣ ਲਗ ਪੈਂਦੇ ਹਨ। ਕਰੂਮਲਾਂ ਪਤਲੀਆਂ ਰਹਿੰਦੀਆਂ ਹਨ।

ਸਬਜ਼ੀਆਂ ਦੀਆਂ ਫਸਲਾਂ ਵਿਚ ਪੁਰਾਣੇ ਪਤੇ ਕਿਨਾਰਿਆਂ ਤੋਂ ਤਾਂਬੇ ਦੇ ਜਾਂ ਪੀਲੇ ਭੂਰੇ ਰੰਗ ਦੇ ਹੋ ਜਾਂਦੇ ਹਨ। ਪਤਿਆਂ ਦੀਆਂ ਨਾੜਾਂ ਦੇ ਨਾਲ ਨਾਲ ਧਬੇ ਪੈਣ ਲਗ ਪੈਂਦੇ ਹਨ। ਅਖੀਰ ਟਿਸ਼ੂ ਵਿਗੜ ਕੇ ਮਰ ਜਾਂਦਾ ਹੈ।

# ਉਸਾਰੀ

ਜੈਤੋ, 11 ਅਪਰੈਲ—(ਸਾਡੇ ਪਰਤੀ ਨਿਧ ਰਾਹੀਂ) ਡਾਕ ਤੇ ਤਾਰ ਵਿਭਾਗ ਵਲੋਂ ਹੁਣੇ ਕੀਤੇ ਗਏ ਸਰਵੇਖਣ ਤੋਂ ਪਤਾ ਲਗਾ ਹੈ ਕਿ ਬਠਿੰਡਾ ਜ਼ਿਲੇ ਵਿਚ ਪਿਛਲੇ ਤਿੰਨ ਸਾਲਾ ਵਿਚ 300 ਕਿਸਾਨਾਂ ਨੇ ਆਪਣੇ ਫਾਰਮਾਂ ਵਿਚ ਨਵੇਂ ਘਰ ਉਸਾਰ ਲਏ ਹਨ। ਅਗੇ ਕੋਈ ਅਮੀਰ ਅਜਿਹਾ ਕਰਦਾ ਸੀ, ਪਰ ਹੁਣ ਛੋਟੇ ਕਿਸਾਨ ਵੀ ਆਪਣੇ ਖੇਤਾਂ ਵਿਚ ਤੇਜ਼ੀ ਨਾਲ ਘਰ ਉਸਾਰ ਰਹੇ ਹਨ, ਤਾਂ ਜੋ ਖੇਤੀ ਬਾੜੀ ਨੂੰ ਵਧ ਤੋਂ ਵਧ ਧਿਆਨ ਤੇ ਸਮਾ ਦਿਤਾ ਜਾ ਸਕੇ।

ਡਾਕ ਤੇ ਤਾਰ ਵਿਭਾਗ ਦਾ ਕਹਿਣਾ ਹੈ ਕਿ ਅਜਿਹਾ ਹੋਣ ਨਾਲ ਮਹਿਕਮੇ ਨੂੰ ਘਰੀਂ ਡਾਕ ਪਹੁੰਚਉਣ ਵਿਚ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਕਈ ਥਾਂ ਜ਼ਿਮੀਦਾਰ ਆਪ ਜਾ ਕੇ ਡਾਕਖਾਨਿਆਂ ਤੋਂ ਆਪਣੀ ਡਾਕ ਲੈਂਦੇ ਹਨ।

[illegible]
ਵਜ਼ੀਰੇ ਦੀ ਪੁਰਜ਼ੋਰ ਸ਼ਬਦਾਂ ਵਿਚ ਸਖਤ ਨਖੇਧੀ ਕੀਤੀ ਅਤੇ ਜੁਡੀਸ਼ਲ ਜਾਂਚ ਦੀ ਮੰਗ ਕੀਤੀ। ਪਰੀਤਮ ਸਿੰਘ ਉਦਿਆਨ ਜਨਰਲ ਸਕਤਰ ਪੰਜਾਬ ਐਨੀਮਲ ਹਸਬੈਂਡਰੀ ਫੋਰਥ ਕਲਾਸ ਯੂਨੀਅਨ ਨੇ ਵੀ ਆਪਣੇ ਬਿਆਨ ਵਿਚ ਚਿਲੋਂ ਵਿਰੁਧ ਡਿਸਪਲਿਨਰੀ ਐਕਸ਼ਨ ਲੈਣ ਦੀ ਗੌਰਮਿੰਟ ਪਾਸੋਂ ਮੰਗ ਕੀਤੀ ਮੈਂਬਰਾਂ ਨੇ ਲੜੀ ਚਲ ਰਹੀ ਭੁਖ ਹੜਤਾਲ ਜਾਣ ਲਈ ਵਧ ਤੋਂ ਵਧ ਉਤਸ਼ਾਹ ਦਿਖਾਇਆ।

(ਸਫ਼ਾ 2 ਦੀ ਬਾਕੀ)

ਚਲੇ ਆ ਰਹੇ ਸਨ ਜਦੋਂ ਕਿ ਸਰਦੀ ਜ਼ੀਰੋ ਪੁਆਇੰਟ ਤੋਂ ਵੀ ਬਹੁਤ ਘਟ ਸੀ ਤੇ ਬਰਫ ਪੈ ਰਹੀ ਸੀ। ਸ਼ਹਿਰ ਦਾ ਨਕਸ਼ਾ ਲੜਨ ਵਾਲਿਆਂ ਦੀ ਯਾਦ ਤਾਜ਼ਾ ਕਰਦਾ ਹੈ। ਸਿਪਾਹੀਆਂ ਤੇ ਲੋਕਾਂ ਨੇ ਉਸ ਵੇਲੇ ਜੋ ਕੁਝ ਕੰਧਾਂ ਤੇ ਲਿਖਿਆ ਉਸ ਨੂੰ ਸੰਭਾਲ ਕੇ ਰਖਿਆ ਗਿਆ ਹੈ ਤੇ ਫਿਰੋ ਲਿਆ ਕੇ ਜੜ ਦਿਤਾ ਗਿਆ ਹੈ।

(ਚਲਦਾ)

ਮੇਰੀ ਸੋਵੀਅਤ ਯਾਤਰਾ–24

# ਅਜੇ ਤਾਂ ਅਸੀਂ ਸ਼ੁਰੂ ਹੀ ਕੀਤਾ ਹੈ

–ਵੀਰਭਾਨ ਭੁਲਰ–

ਹੋਟਲਾਂ ਵਿਚ ਕੰਮ ਕਰਨ ਵਾਲੇ ਵੇਟਰਾਂ, ਭਾਵੇਂ ਮਰਦ ਹੋਣ ਜਾਂ ਔਰਤਾਂ, ਨੇ ਏਨੇ ਚੰਗੇ ਕਪੜੇ ਪਾਏ ਹੁੰਦੇ ਹਨ ਕਿ ਸਾਡੇ ਚੰਗੇ ਖਾਂਦੇ ਪੀਂਦੇ ਘਰਾਣਿਆਂ ਵਿਚ ਵੀ ਮੁਸ਼ਕਲ ਨਾਲ ਇੰਨਾ ਚੰਗਾ ਲਿਬਾਸ ਨਜ਼ਰੀ ਪੈਂਦਾ ਹੈ। ਜੇ ਕੋਈ ਖਾਣਾ ਖਾਣ ਵਾਲਾ ਖਾਣਾ ਖੁਆਣ ਲਗ ਜਾਵੇ ਅਤੇ ਵੇਟਰ ਖਾਣੇ ਦੇ ਮੇਜ਼ ਤੇ ਬਹਿ ਜਾਵੇ ਤਾਂ ਤੁਸੀਂ ਅਨੁਮਾਨ ਨਹੀਂ ਲਾ ਸਕਦੇ ਕਿ ਕੌਣ ਵੇਟਰ ਹੈ ਅਤੇ ਕੌਣ ਖਾਣਾ ਖਾਣ ਵਾਲਾ ਹੈ।

ਇਸ ਤਰ੍ਹਾਂ ਹੀ ਤੁਸੀਂ ਕਿਸੇ ਬਾਜ਼ਾਰ ਵਿਚੋਂ ਲੰਘਦੇ ਹੋਏ ਇਸ ਗਲ ਦੀ ਪਛਾਣ ਨਹੀਂ ਕਰ ਸਕਦੇ ਕਿ ਕੌਣ ਇੰਜੀਨੀਅਰ ਹੈ, ਕੌਣ ਡਾਕਟਰ ਹੈ ਤੇ ਕੌਣ ਵਰਕਰ।

ਟੂਰਿਸਟ ਹੋਟਲ ਦੀ ਚੀਫ ਵੇਟਰ ਸੀ ਮੈਰੀਨਾ। ਵੇਟਰਾਂ, ਜੋ ਕਿ ਸਭ ਦੀਆਂ ਸਭ ਔਰਤਾਂ ਸਨ, ਦਾ ਸਲੂਕ ਬਹੁਤ ਚੰਗਾ ਸੀ। ਮੈਰੀਨਾ ਤਾਂ ਸਾਡੇ ਡੈਲੀਗੇਸ਼ਨ ਦੀ ਬਹੁਤ ਇਜ਼ਤ ਕਰਦੀ ਸੀ। ਪਰ ਅਫਸੋਸ ਕਿ ਜਿਸ ਦਿਨ ਅਸੀਂ ਟੂਰਿਸਟ ਹੋਟਲ ਛਡਣ ਵਾਲੇ ਸਾਂ ਉਸ ਦਿਨ ਉਹ ਛੁਟੀ ਤੇ ਸੀ।

ਕਿਸੇ ਹੋਟਲ ਵਿਚ ਵੀ ਟਿਪ-ਸਿਸਟਮ, ਬਖਸ਼ੀਸ਼ ਦੇਣ ਜਾਂ ਲੈਣ ਦਾ ਰਵਾਜ ਨਹੀਂ ਹੈ। ਪਗੜੀ ਸਿਸਟਮ ਦੀ ਲਾਅਨਤ ਵੀ ਕਿਧਰੇ ਨਜ਼ਰ ਨਹੀਂ ਆਉਂਦੀ।

ਅਸੀਂ ਹੋਟਲ ਵਿਚ ਕੰਮ ਕਰਨ ਵਾਲੀਆਂ ਕੁੜੀਆਂ ਤੋਂ ਪੁਛਿਆ ਕਿ ਉਹਨਾਂ ਦੀ ਕੀ ਤਨਖਾਹ ਹੈ ਤਾਂ ਉਹਨਾਂ ਨੇ ਦਸਿਆ–120 ਰੂਬਲ ਮਹੀਨਾ। 40–50 ਰੂਬਲ ਸੇਲ ਤੇ ਪ੍ਰੀਮੀਅਮ ਵੀ ਬਣ ਜਾਂਦਾ ਹੈ। ਇਸ ਤਰ੍ਹਾਂ ਕੁਲ ਉਜਰਤ 160–170 ਰੂਬਲ ਮਹੀਨਾ ਬਣ ਜਾਂਦੀ ਹੈ।

ਇਸ ਤਰ੍ਹਾਂ ਇਕ ਸਿਨੇਮਾ ਹਾਲ ਵਿਚ ਮੈਂ ਆਪਣੇ ਨੇੜੇ ਬੈਠੇ ਰੂਸੀ ਨੂੰ ਪੁਛਿਆ ਕਿ ਉਹ ਕੀ ਕੰਮ ਕਰਦਾ ਹੈ। ਉਸ ਨੇ ਦਸਿਆ ਕਿ ਉਹ ਬਿਲਡਿੰਗ ਇੰਜੀਨੀਅਰ ਹੈ। ਉਸ ਨੇ ਆਪਣੀ ਨੌਜੁਆਨ ਪਤਨੀ, ਜੋ ਨਾਲ ਹੀ ਬੈਠੀ ਸੀ, ਵਲ ਇਸ਼ਾਰਾ ਕਰਕੇ ਕਿਹਾ ਕਿ ਉਹ ਵੀ ਬਿਲਡਿੰਗ ਇੰਜੀਨੀਅਰ ਹੈ। ਤਨਖਾਹ ਬਾਰੇ ਪੁਛਣ ਤੇ ਉਸ ਨੇ ਕਿਹਾ ਕਿ, "ਅਸੀਂ ਡੇਢ ਡੇਢ ਸੌ ਰੂਬਲ ਮਹੀਨਾ ਲੈਂਦੇ ਹਾਂ।" ਮੈਂ ਪੁਛਿਆ: "ਕੀ ਤੁਹਾਡੀ ਇਸ ਨਾਲ ਤਸਲੀ ਹੈ?

ਰੂਸੀ ਸਾਥੀ ਨੇ ਜੁਆਬ ਦਿੱਤਾ, ਕਿਉਂ ਨਹੀਂ। ਅਜੇ ਤਾਂ ਅਸੀਂ ਸ਼ੁਰੂ ਹੀ ਕੀਤਾ ਹੈ।

ਸਾਥੀ ਸ਼੍ਰੀ ਰਸਕਨ ਅਤੇ ਸਾਥੀ ਮੈਨਰਪੀਨੋਵ ਵੀ ਸਾਡੇ ਦੋ ਭਾਸ਼ੀਏ, ਜੋ ਕਿ ਬੜੇ ਨਫੀਸ ਸੁਭਾਅ ਦਾ ਮਾਲਕ ਸੀ, ਦੇ ਨਾਲ ਹੋਟਲ ਵਿਚ ਆਏ। ਉਹ ਸਾਨੂੰ ਦਿਤੀ ਜਾ ਰਹੀ ਵਦਾਇਗੀ ਪਾਰਟੀ ਵਿਚ ਹਿਸਾ ਲੈਣ ਲਈ ਆਏ। ਇਹ ਦੋਵੇਂ ਸਜਨ ਬੜੇ ਪਿਆਰ ਨਾਲ ਸਾਨੂੰ ਮਿਲੇ। ਅਤੇ ਗਲਬਾਤ ਕੀਤੀ। ਪਹਿਲਾ ਸਾਥੀ ਪਹਿਲਾਂ ਕੋਆਪਰੇਟਿਵ ਫਾਰਮ ਵਿਚ ਕੰਮ ਕਰਦਾ ਸੀ। ਹੁਣ ਐਡਮਨਿਸਟਰੇਸ਼ਨ ਵਿਚ ਹੈ। 210 ਰੂਬਲ ਮਹੀਨਾ ਕਮਾਂਦਾ ਹੈ। ਟੈਲੀ-ਵੀਜ਼ਨ, ਅਖਬਾਰਾਂ ਤੇ ਰੇਡੀਓ ਦੇ ਪਰੋਗਰਾਮਾਂ ਤੋਂ ਉਹ ਹੋਰ ਕਮਾ ਲੈਂਦਾ ਹੈ। ਦੂਜਾ ਸਾਥੀ ਵੋਲਗਾਗਰਾਡ ਦੀ ਬਾਇਆਲੋਜੀ ਇੰਸਟੀਚੀਊਟ ਵਿਚ ਕੰਮ ਕਰਦਾ ਸੀ। ਹੁਣ ਪਰਚਾਰ ਸਕਤਰ ਹੈ। ਉਸ ਨੇ ਦਸਿਆ ਕਿ ਰਿਜਨਲ ਪਾਰਟੀ ਸਕਤਰ ਦੀ ਤਨਖਾਹ ਵੀ ਲਗ ਭਗ ਏਨੀ ਹੀ ਹੈ।

(ਚਲਦਾ)

27

ਮੇਰੀ ਸੋਵੀਅਤ ਯਾਤਰਾ-੨੫

# ਅਤੇ ਮੈਨੂੰ ਜੇਲ੍ਹ ਭੇਜ ਦਿਤਾ ਗਿਆ

—ਵੀਰ ਭਾਨ ਭੁਲਰ—

ਤੁਸੀਂ ਪੁਛੋਗੇ ਕਿ ਕੀ ਕੋਈ ਚੋਰੀ ਦੀ ਘਟਨਾ ਕਰ ਮਾਰੀ ਸੀ ! ਜੇ ਨਹੀਂ ਤਾਂ ਫਿਰ ਜੇਲ੍ਹ ਵਿਚ ਕਿਵੇਂ ਪਹੁੰਚ ਗਏ ? "ਜੇਲ੍ਹ" ਮੈਂ ਇਸ ਲਈ ਕਹਿੰਦਾ ਹਾਂ ਕਿ ਜਿਸ ਕਮਰੇ ਵਿਚ ਮੈਨੂੰ ਬੰਦ ਕੀਤਾ ਗਿਆ ਅਤੇ ਜਿਵੇਂ ਰਖਿਆ ਗਿਆ ਉਹ "ਜੇਲ੍ਹ" ਵਾਂਗ ਹੀ ਸੀ। ਮੈਂ ਉਸ ਕਮਰੇ ਤੋਂ ਬਾਹਰ ਨਹੀਂ ਸਾਂ ਨਿਕਲ ਸਕਦਾ !

ਗੱਲ ਇਹ ਹੈ ਕਿ ਭੁਖ ਹੜਤਾਲਾਂ ਕਾਰਨ ਸਿਰ ਗੰਜੇ-ਪਣ ਦਾ ਸ਼ਿਕਾਰ ਹੋ ਚੁਕਿਆ ਹੈ । ਇਹ ਤਾਂ ਹੁਣ ਠੀਕ ਨਹੀਂ ਹੋ ਸਕਦਾ ਪਰ ਮੈਨੂੰ ਕੁਝ ਹੋਰ ਨੁਕਸ ਵੀ ਸੀ। ਪੇਟ ਦਾ ਨੁਕਸ। ਮੈਂ ਸੋਚਿਆ ਹੁਣ ਕਿਉਂਕਿ ਸੋਵੀਅਤ ਯੂਨੀਅਨ ਜਾ ਰਹੇ ਹਾਂ। ਇਸ ਲਈ ਪੇਟ ਦੇ ਨੁਕਸ ਦੀ ਤਸ਼ਖੀਸ ਕਰਵਾ ਕੇ ਕੁਝ ਠੀਕ-ਠਾਕ ਹੋਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਦਿਲੀ ਵਿਚ ਮਦਰਾਸੀ ਖਾਣਾ ਖਾਧਾ ਤੇ ਖਾਧਾ ਵੀ ਕੁਝ ਲੋੜ ਨਾਲੋਂ ਵਧ। ਉਧਰੋਂ ਹਵਾਈ ਜਹਾਜ਼ ਤਿਆਰ ਸੀ, ਏਧਰ ਪੇਟ ਵਿਚ ਮਰੋੜ ਸ਼ੁਰੂ ਹੋ ਗਏ । ਝਟਪਟ ਡਾਕਟਰੀ ਇਲਾਜ ਕਰਵਾਇਆ। ਡਾਕਟਰ ਨੇ ਜੋ ਮੰਗਿਆ ਉਸਨੂੰ ਦੇ ਦਿਤਾ । ਗੋਲੀ ਤੇ ਗੋਲੀ ਖਾਧੀ। ਦਵਾਈ ਦੀ ਪੂਰੀ ਸ਼ੀਸ਼ੀ ਰਾਤ ਤਕ ਚੜ੍ਹਾਈ। ਫਿਰ ਜਾ ਕੇ ਪੇਟ ਠੀਕ ਹੋਇਆ। ਆਖਰ ਮਾਸਕੋ ਪਹੁੰਚ ਗਏ ਤਾਂ ਨਵੀਂ ਕਿਸਮ ਦਾ ਖਾਣਾ ਖਾਣ ਕਾਰਨ ਫਿਰ ਪੇਟ ਨੇ ਜੁਆਬ ਦੇ ਦਿਤਾ। ਪੇਟ ਵਿਚ ਦਰਦ ਮਹਿਸੂਸ ਹੋਣ ਲਗ ਪਿਆ। ਸਾਥੀਆਂ ਦੇ ਕਹਿਣ-ਸੁਣਨ ਤੇ ਪਾਰਟੀ ਹੋਟਲ ਵਿਚ ਹੀ ਡਾਕਟਰ ਕੋਲ ਚਲੇ ਗਏ। ਉਸ ਦਿਨ ਤਾਂ ਡਾਕਟਰ ਸਾਹਿਬਾ ਨੇ ਗੋਲੀ ਦੇ ਦਿੱਤੀ। ਆਰਾਮ ਮਹਿਸੂਸ ਹੋਇਆ । ਦੂਜੇ ਦਿਨ ਮੈਂ ਫਿਰ ਡਾਕਟਰ ਸਾਹਿਬਾ ਤੋਂ ਗੋਲੀ ਮੰਗੀ ਤਾਂ ਪਤਾ ਲਗਾ ਕਿ ਮੈਨੂੰ ਹਸਪਤਾਲ ਜਾਣਾ ਪਵੇਗਾ । ਇਹ ਤਾਂ ਡਾਕਟਰ ਸਾਹਿਬਾ ਦੀ ਕਿਰਪਾ ਸੀ ਅਤੇ ਮੈਂ ਵੀ ਮੋੜ ਕਟ ਲਿਆ ਕਿ, "ਮੈਨੂੰ ਕੋਈ ਤਕਲੀਫ ਨਹੀਂ", ਮੈਂ ਕਿਹਾ, ਇਸ ਤਰ੍ਹਾਂ ਹਸਪਤਾਲ ਜਾਣ ਤੋਂ ਬਚ ਗਿਆ। ਨਹੀਂ ਤਾਂ ਉਥੇ ਭੇਜ ਦਿਤਾ ਜਾਂਦਾ।

ਦੋ-ਭਾਸ਼ੀਆ ਸਾਥੀ ਨੂੰ ਜਦੋਂ ਪਤਾ ਲਗਾ ਤਾਂ ਉਸ ਨੇ ਕਿਹਾ ਕਿ ਭੁਲਰ ਮੈਨੂੰ ਕਿਉਂ ਨਹੀਂ ਦਸਿਆ। ਹਸਪਤਾਲ ਵਿਚ ਪਹੁੰਚ ਜਾਂਦੇ ਤਾਂ ਬਸ ਅਗਲਾ ਸਾਰਾ ਪਰੋਗਰਾਮ ਚੌਪਟ ਹੋ ਜਾਂਦਾ। ਬਿਨਾਂ ਠੀਕ ਹੋਏ ਹਸਪਤਾਲ ਤੋਂ ਰਿਹਾਈ ਹਾਸਲ ਕਰਨਾ ਮੁਸ਼ਕਲ ਸੀ। ਇਥੋਂ ਦੀ ਪਾਰਟੀ ਨੇ ਵੀ ਇਸ ਸਬੰਧ ਵਿਚ ਕੁਝ ਨਹੀਂ ਸੀ ਕਰ ਸਕਣਾ। ਸਾਡੇ ਦੇਸ਼ ਦਾ ਕਾਨੂੰਨ ਹੈ ਕਿ ਡਾਕਟਰਾਂ ਦਾ ਹੁਕਮ ਕੋਈ ਨਹੀਂ ਮੋੜ ਸਕਦਾ। ਪਰ ਜਦੋਂ ਅਸੀਂ ਵੋਲਗਾ ਗਤਾਡ ਪੁਜੇ ਤਾਂ ਸਾਥੀਆਂ ਨੇ ਮੈਨੂੰ ਦਸ ਹੀ ਦਿਤਾ। ਕਹਿਣ ਲਗੇ : ਭੁਲਰ ਅਜ ਅਸੀਂ ਡਾਕਟਰ ਕੋਲੋਂ ਗੋਲੀ (ਦਵਾਈ) ਲਈ ਹੈ। ਕਲ ਸਵੇਰੇ ਤੂੰ ਵੀ ਜਾਈਂ।

ਅਗਲੇ ਦਿਨ ਦੋਭਾਸ਼ੀ ਸਾਥੀ ਐਗਰ ਬੜਾਨੋਫ ਮੈਨੂੰ ਡਾਕਟਰ ਕੋਲ ਲੈ ਕੇ ਗਿਆ ਤਾਂ ਮੈਨੂੰ ਪਾਲੀਕਲਿਨਕ ਭੇਜ ਦਿਤਾ ਗਿਆ । ਪਾਲੀਕਲਿਨਕ ਵਿਚ ਮੇਰਾ ਡਾਕਟਰੀ ਮੁਲਾਹਜ਼ਾ ਸ਼ੁਰੂ ਹੋ ਗਿਆ। ਉਹਨਾਂ ਨੇ ਪੁਛਿਆ ਕਿ ਇਹ ਪੇਟ ਦੀ ਦਰਦ ਪਹਿਲਾਂ ਤੋਂ ਹੈ ਜਾਂ ਇਥੇ ਆ ਕੇ ਸ਼ੁਰੂ ਹੋਈ ਹੈ ? ਮੈਂ ਹਿਸਟਰੀ ਬਿਆਨ ਕਰ ਦਿਤੀ। ਮੁਲਾਹਜ਼ਾ ਕਰਨ ਪਿਛੋਂ ਉਹਨਾਂ ਨੇ ਇਕ ਪਰਚਾ ਬਣਵਾਇਆ । ਮੈਨੂੰ ਕੋਈ ਗੋਲੀ ਆਦਿ ਦੇਣ ਦੀ ਥਾਂ ਉਹਨਾਂ ਨੇ ਇਹ ਪਰਚਾ ਦੋ ਭਾਸ਼ੀਆ ਸਾਥੀ ਦੇ ਹਥ ਵਿਚ ਦੇ ਦਿਤਾ।

'ਜੇਲ੍ਹ' ਸ਼ਬਦ ਤਾਂ ਮੈਂ ਐਵੇਂ ਮਜ਼ਾਕ ਵਜੋਂ ਵਰਤਿਆ ਸੀ।

ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਵੀ. ਜੇ. ਹਸਪਤਾਲ ਅੰਮ੍ਰਿਤਸਰ ਵਿਚ ਅਥਵਾ ਆਪਣੇ ਦੂਜੇ ਹਸਪਤਾਲਾਂ ਵਿਚ ਲੋਕਾਂ ਦੀ ਅਤੇ ਮਰੀਜ਼ਾਂ ਦੀ ਕੀ ਹਾਲਤ ਹੁੰਦੀ ਹੈ ? ਮੈਂ ਤੁਸੀ "ਜੇਲ੍ਹ" ਦੀ ਨਹੀਂ ਸਗੋਂ ਸੋਵੀਅਤ ਯੂਨੀਅਨ ਦੇ ਹਸਪਤਾਲ ਦੀ ਕਹਾਣੀ ਬਿਆਨ ਕਰ ਰਿਹਾ ਹਾਂ।

ਹੋਟਲ ਵਲ ਵਾਪਸ ਆਉਂਦੇ ਹੋਏ ਦੋ ਭਾਸ਼ੀਆ ਸਾਥੀ ਨੇ ਮੈਨੂੰ ਦਸਿਆ।

"ਤੁਸੀਂ ਕੁਝ ਸਮਾਂ ਹੋਟਲ ਵਿਚ ਠਹਿਰੋਗੇ। ਉਸ ਵਿਚ ਕਾਰ ਆਵੇਗੀ ਤੇ ਤੁਹਾਨੂੰ ਹਸਪਤਾਲ ਲਿਜਾਇਆ ਜਾਵੇਗਾ।" ਮੈਂ ਚੰਗਾ ਭਲਾ ਸਾਂ ਤੇ ਹਸਪਤਾਲ ਵਿਚ ਦਾਖਲ ਹੋਣ ਵਾਲੀ ਕੋਈ ਗਲ ਨਹੀਂ ਸੀ। ਮੈਂ ਚਿੰਤਾਤਰ ਹੋ ਗਿਆ ਕਿ ਹੁਣ ਕੀ ਹੋਵੇਗਾ। ਦੂਜੇ ਪਰੋਗਰਾਮ ਕਿਵੇਂ ਵੇਖ ਸਕਾਂਗਾ। ਨਾ ਜਾਣੇ ਕਿੰਨੇ ਦਿਨ ਡਾਕਟਰਾਂ ਦੀ ਤਸਲੀ ਲਈ ਹਸਪਤਾਲ ਰਹਿਣਾ ਪਵੇਗਾ । ਬਾਕੀ ਸਾਥੀ ਤਾਂ ਪਰੋਗਰਾਮ ਅਨੁਸਾਰ ਅਗੇ ਵਧ ਜਾਣਗੇ ਅਤੇ ਮੈਂ ਹਸਪਤਾਲ ਵਿਚ ਪਿਆ ਰਹਾਂਗਾ। ਕੁਝ ਗੁਸਾ ਮੈਨੂੰ ਦੋ ਭਾਸ਼ੀ ਸਾਥੀ ਤੇ ਵੀ ਆਇਆ ਅਤੇ ਡੈਲੀਗੇਸ਼ਨ ਦੇ ਮੈਂਬਰਾਂ ਤੇ ਵੀ।

ਫਿਰ ਇਹ ਸੋਚਿਆ ਕਿ ਕੀ ਬੀਮਾਰੀ ਤਾਂ ਖਾਸ ਨਹੀਂ ਹੈ। ਇਸ ਲਈ ਇਥੋਂ ਰਵਾਨਾ ਹੋਣ ਦੀ ਤਾਰੀਖ ਤੋਂ ਪਹਿਲਾਂ ਰਿਹਾਈ ਮਿਲ ਜਾਵੇਗੀ। ਵੋਲਗਾਗਰਾਡ ਦੇ ਬਾਕੀ ਪਰੋਗਰਾਮਾਂ ਦਾ ਫਰਕ ਪਵੇਗਾ। ਪਰ ਹਸਪਤਾਲ ਵਿਚ ਮਰੀਜ਼ਾਂ ਨੂੰ ਕਿਵੇਂ ਰਖਿਆ ਜਾਂਦਾ ਹੈ ਅਤੇ ਉਹਨਾਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ, ਇਸ ਗਲ ਦਾ ਤਜਰਬਾ ਹੋ ਜਾਵੇਗਾ । ਇਸ ਤਰ੍ਹਾਂ ਮੈਂ ਆਪਣੇ ਆਪ ਨੂੰ ਧਰਵਾਸ ਦੇ ਰਿਹਾ ਸਾਂ।

( ਬਾਕੀ ਵੇਖੋ ਸਫਾ 6 )

ਅਸੀਂ ਅਖਬਾਰ ਰਾਹੀਂ ਪੁਲ
ਅਧਿਕਾਰੀਆਂ ਦਾ ਧਿਆਨ ਇਸ ਪਾਸੇ ਦੁਆਉਣਾ ਚਾਹੁੰਦੇ ਹਾਂ ਕਿ ਪੁਲੀਸ ਵਾਲੇ ਰਿਕਸ਼ਿਆਂ ਵ ਲਿਆਂ ਨੂੰ ਨਜਾਇਜ਼ ਤੰਗ ਕਰਦੇ ਹਨ ਤੇ ਇਸ ਗਲ ਲਈ ਮਜ਼ਬੂਰ ਕਰਦੇ ਹਨ ਕਿ ਉਹਨਾਂ ਨੂੰ ਮੁਫਤ ਸਵਾਰੀ ਦਿਤੀ ਜਾਵੇ। ਇਸ ਲਈ ਉਹ ਕਈ ਵਾਰ ਝੂਠੇ ਮੁਕਦਮੇਂ ਆਦਿ ਬਣਾਉਣ ਦੇ ਡਰਾਵੇ ਰਿਕਸ਼ੇ ਵਾਲਿਆਂ ਨੂੰ ਖਿੜਕਾਉਣ ਦਾ ਯਤਨ ਕਰਦੇ ਹਨ।

ਗੁਰਦਿਆਲ ਸਿੰਘ
ਸਕਤਰ, ਰਿਕਸ਼ਾ ਯੂਨੀਅਨ
ਜਲੰਧਰ

# ਸਹਿਕਾਰੀ ਵਿਭਾਗ ਧਿਆਨ ਦੇਵੇ

ਪਿੰਡ ਹਮੀਦੀ ਦੀ, ਸ਼ਡੂਲਡ ਕਾਸਟ ਲੈਂਡ ਸੁਸਾਇਟੀ ਦੇ ਬਹੁਤ ਸਾਰੇ ਕਾਰਨਾਂ ਕਰਕੇ ਸਨਅਤੀ ਦੇ ਹੁਕਮ, ਦਫਤਰ ਜ਼ਿਲਾ ਸੰਗਰੂਰ ਦੇ ਅਸਿਸਟੈਂਟ ਰਜਿਸਟਰ ਨੰ: 9039/42 ਮਿਤੀ 8-8-1968 ਅਨੁਸਾਰ ਇਨਸਪੈਕਟਰ ਕੋਆਪਰੇਟਿਵ ਸੁਸਾਇਟੀਜ਼ ਬਲਾਕ ਅਹਿਮਦਗੜ੍ਹ ਨੂੰ ਹੋ ਚੁਕੇ ਹਨ। ਪਰ ਬੜੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਪਿੰਡ ਹਮੀਦੀ ਦੇ ਹਰੀਜਨਾਂ ਵਲੋਂ ਵਾਰ ਵਾਰ ਕਹਿਣ ਤੇ ਲਿਖਣ ਦੇ ਬਾਵਜੂਦ ਵੀ ਇਹ ਸੁਸਾਇਟੀ ਸਮਾਪਤ ਨਹੀਂ ਹੋਈ। ਜਦੋਂ ਕਿ ਇਨਸਪੈਕਟਰ ਕੋਆਪਰੇਟਿਵ ਸੋਸਾਇਟੀ ਅਹਿਮਦਗੜ੍ਹ ਬਲਾਕ ਨੂੰ ਅਸਿਸਟੈਂਟ ਰਜਿਸਟਰਾਰ ਵਲੋਂ ਕਮੇਟੀ ਸਮਾਪਤ ਕਾਰ ਨਿਯੁਕਤ ਕੀਤਾ ਹੋਇਆ ਹੈ।

ਸੋ ਸਬੰਧਤ ਮਹਿਕਮੇ ਨੂੰ ਅਸੀਂ ਪਿੰਡ ਹਮੀਦੀ ਦੇ ਹਰੀਜਨ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਇਸ ਬਾਰੇ ਤੁਰੰਤ ਧਿਆਨ ਦੇ ਕੇ ਇਸ ਸੁਸਾਇਟੀ ਨੂੰ ਸਮਾਪਤ ਕਰਨ ਦੀ ਕਰਵਾਈ ਕਰਵਾਏ ਅਤੇ ਹਰੀਜਨਾਂ ਵਿਚ ਫੈਲੀ ਬੇਚੈਨੀ ਨੂੰ ਦੂਰ ਕੀਤਾ ਜਾਵੇ।

ਆਪ ਜੀ ਦੇ ਹਰੀਜਨ
ਨਗਰ ਨਿਵਾਸ ਹਮੀਦੀ ਤਹਿਸੀਲ
ਮਲੇਰ ਕੋਟਲਾ, ਜਿਲਾ ਸੰਗਰੂਰ

# ਮੇਰੀ ਸੋਵੀਅਤ ਯਾਤਰਾ

( ਸਫਾ 2 ਦੀ ਬਾਕੀ )

ਏਨੇ ਵਿਚ ਹੋਟਲ ਦੀ ਡਾਕਟਰ ਦੇ ਨਾਲ ਦੋ ਲੇਡੀ ਡਾਕਟਰ ਅਤੇ ਇਕ ਨਰਸ ਮੇਰੇ ਕਮਰੇ ਵਿਚ ਆ ਗਏ। ਮੈਨੂੰ ਹੇਠਾਂ ਪਹੁੰਚਣ ਲਈ ਕਿਹਾ ਗਿਆ। ਉਹ ਆਪ ਮੇਰੇ ਕਮਰੇ ਦਾ ਮੁਲਾਹਜ਼ਾ ਕਰਨ ਲਗ ਪਏ, ਹਾਲਾਂ ਕਿ ਉਹ ਬੜਾ ਸਾਫ ਸੁਥਰਾ ਬੰਗਲਾ ਸੀ।

ਕਾਰ ਵਿਚ ਬਹਿਣ ਦੀਆਂ ਸੀਟਾਂ ਤੋਂ ਉਪਰੰਤ ਇਕ ਸਟਰੇਚਰ ਵੀ ਰਖਿਆ ਹੋਇਆ ਸੀ ਅਤੇ ਖੂਬਸੂਰਤ ਬਿਸਤਰਾ ਵਿਛਿਆ ਹੋਇਆ ਸੀ। ਮੈਂ ਸੀਟ ਤੇ ਬਹਿ ਗਿਆ। ਡਾਕਟਰ ਜ਼ੋਰ ਦੇ ਰਹੀ ਸੀ ਕਿ ਮੈਂ ਸਟਰੇਚਰ ਤੇ ਲੇਟਾਂ ਪਰ ਮੈਂ ਬੈਠਾ ਹੀ ਰਿਹਾ ਤੇ ਫਿਰ ਅਸੀਂ ਹਸਪਤਾਲ ਪਹੁੰਚ ਗਏ।

ਮੇਰੇ ਪਹਿਲੇ ਕਪੜੇ ਲੈ ਲਏ ਗਏ, ਨਵੇਂ ਕਪੜੇ ਪਾਉਣ ਲਈ ਦੇ ਦਿਤੇ ਗਏ ਅਤੇ ਮੈਨੂੰ ਇਕ ਕਮਰੇ ਵਿਚ ਭੇਜ ਦਿਤਾ ਗਿਆ। ਤਸ਼ਖੀਸ ਸ਼ੁਰੂ ਹੋ ਗਈ, ਖੂਨ ਟੈਸਟ, ਟੱਟੀ ਟੈਸਟ ਅਤੇ ਪੇਸ਼ਾਬ ਟੈਸਟ ਹੋਣ ਲਗਾ। ਦਵਾਈ ਵੀ ਮਹਈਆ ਕਰ ਦਿਤੀ ਗਈ, ਦਰਵਾਜ਼ਾ ਬੰਦ, ਬਾਹਰ ਨਿਕਲਣਾ ਬੰਦ।

ਡਾਕਟਰ ਸਾਹਿਬਾ ਨੇ ਮੇਰੇ ਲਈ ਸਿਗਰਟ ਦੀ ਡੱਬੀ, ਮੁਰੱਬੇ ਦੇ ਛੋਟੇ ਛੋਟੇ ਮਰਤਬਾਨ ਭੇਜ ਦਿਤੇ। ਇਕ ਮਰਤਬਾਨ ਗੁਲਕੰਦ ਵਰਗੀ ਸ਼ੈ ਦਾ ਸੀ। ਭਾਂਤ ਭਾਂਤ ਦੇ ਖਾਣੇ ਵੀ ਪ੍ਰਦਾਨ ਕੀਤੇ ਗਏ।

ਅਗਲੀ ਸ਼ਾਮ ਦੋ ਭਾਸ਼ੀ ਸਾਥੀ ਹਾਲ ਪੁਛਣ ਆਇਆ ਤਾਂ ਉਸ ਨੂੰ ਡਾਕਟਰਾਂ ਵਰਗਾ ਹੀ ਪੁਸ਼ਾਕ ਪੁਆ ਕੇ ਮੇਰੇ ਕਮਰੇ ਵਿਚ ਦਾਖਲ ਕੀਤਾ ਗਿਆ।

ਸਾਥੀ ਨੇ ਦਸਿਆ ਭੁਲਰ ਜਿਸ ਤਰ੍ਹਾਂ ਜਾਪਦਾ ਹੈ ਕਿ ਤੂੰ ਛੇਤੀ ਹੀ ਇਥੋਂ ਫੇਹਲ੍ਹਾ ਹੋ ਜਾਵੇਂਗਾ। ਪਰ ਸਾਡੇ ਵਿਚੋਂ ਕੋਈ ਆਉਣ ਵਾਲਾ ਹੈ ਭਾਵੇਂ ਮੈਂ ਆ ਜਾਵਾਂ ਤੇ ਭਾਵੇਂ ਕੋਈ ਹੋਰ।

ਪਹਿਲਾਂ ਤਾਂ ਮੈਂ ਸੋਚਿਆ ਕਿ ਇਹ ਮੈਨੂੰ ਪਰਚਾਉਣ ਲਈ ਇਸ ਤਰ੍ਹਾਂ ਕਹਿ ਰਿਹਾ ਹੈ ਪਰ ਇਹ ਹਕੀਕਤ ਸੀ ਕਿ ਮੇਰੇ ਹਸਪਤਾਲ ਤੋਂ ਚਲੇ ਆਉਣ ਤੋਂ ਪਿਛੋਂ ਡਾਕਟਰਾਂ ਦਾ ਇਕ ਗਰੁਪ ਹੋਟਲ ਤੇ ਚੜ੍ਹ ਆਇਆ ਤੇ ਸਾਰੇ ਡੈਲੀਗੇਸ਼ਨ ਦਾ ਡਾਕਟਰੀ ਮੁਆਇਨਾ ਕੀਤਾ। ਇਥੇ ਹੀ ਬਸ ਨਹੀਂ। ਹਵਾਈ ਜਹਾਜ਼ ਲਈ ਲਈਆਂ ਟਿਕਟਾਂ ਵੀ ਡਾਕਟਰ ਨੇ ਆਪਣੇ ਕੋਲ ਰਖ ਲਈਆਂ ਅਤੇ ਕਹਿ ਦਿਤਾ ਕਿ ਡੈਲੀਗੇਸ਼ਨ ਦੇ ਮੁਆਇਨੇ ਦੀ ਰੀਪੋਰਟ ਮਿਲਣ ਤੇ ਕਿ ਡੈਲੀਗੇਸ਼ਨ ਦੇ ਮੈਂਬਰ ਕਿਸੇ ਬੀਮਾਰੀ ਦਾ ਸ਼ਿਕਾਰ ਨਾ ਹੋਏ ਤਾਂ ਹੀ ਅਗੇ ਸਫਰ ਕਰਨ ਦਿਤਾ ਜਾਵੇਗਾ।

ਦੋ ਦਿਨ ਦੇ ਇਲਾਜ ਪਿਛੋਂ ਮੈਨੂੰ ਵੀ ਠੀਕ ਠਾਕ ਹੋਣ ਦਾ ਸਰਟੀਫਿਕੇਟ ਮਿਲ ਗਿਆ ਅਤੇ ਦੂਜੇ ਮੈਂਬਰ ਵੀ ਠੀਕ ਠਾਕ ਪਾਏ ਗਏ। ਖਲਾਸੀ ਹੋਈ ਤਾਸ਼ਕੰਦ ਜਾਣ ਲਈ ਟਿਕਟਾਂ ਵੀ ਵਾਪਸ ਮਿਲ ਗਈਆਂ। (ਚਲਦਾ)

ਸਾਥੀ ਸੁਰਜਨ ਸਿੰਘ ਜ਼ੀਰਵੀ ਪਬ੍ਰਿ
ਅਵਾਮੀ ਪਰਿੰਟਿੰਗ ਪਰੈਸ, ਈ. ਜ
ਛਪਵਾ ਕੇ ਵਾਸਤੇ ਕਮਿਊਨਿਸਟ
ਕੌਂਸਲ ਪਰਕਾਸ਼ਤ

18 ਅਪਰੈਲ 1969

# ਇਸ਼ਾਰਿਆਂ ਇਸ਼ਾਰਿਆਂ ਵਿਚ

—ਵੀਰ ਭਾਨ ਭੁਲਰ—

ਇਸ ਹਸਪਤਾਲ ਵਿਚ ਪੰਜਾਹ ਬੈੱਡ ਸਨ ਅਤੇ ਇਸ ਦਾ ਸਟਾਫ ਤੀਹ ਡਾਕਟਰਾਂ, ਨਰਸਾਂ ਤੇ ਹੋਰ ਅਮਲੇ ਤੇ ਸ਼ਮਿਲਤ ਸੀ।

ਲੇਡਾ ਨਾਂਅ ਦੀ ਨਰਸ ਦੀ ਉਸ ਵੇਲੇ ਡਿਊਟੀ ਸੀ। ਉਸ ਨੇ ਇੰਦਰਾ ਗਾਂਧੀ ਦਾ ਨਾਂਅ ਲੈ ਕੇ ਮੈਨੂੰ ਦਸਣ ਦੀ ਕੋਸ਼ਿਸ਼ ਕੀਤੀ ਕਿ ਉਸ ਨੂੰ ਪਤਾ ਹੈ ਕਿ ਮੈਂ ਭਾਰਤੀ ਹਾਂ।

ਹਸਪਤਾਲ ਵਿਚ ਕਿਉਂਕਿ ਦੋ ਭਾਸ਼ੀ ਸਾਥੀ ਮੇਰੇ ਨਾਲ ਨਹੀਂ ਸੀ, ਇਸ ਲਈ ਸਾਰਾ ਕੰਮ ਇਸ਼ਾਰਿਆਂ ਨਾਲ ਹੀ ਚਲਾਣਾ ਪੈ ਰਿਹਾ ਹੈ।

ਨਰਸ ਨੇ ਇਕ ਪਾਸੇ ਇਸ਼ਾਰਾ ਕਰ ਕੇ ਦਸਿਆ ਕਿ ਇਹ ਡਾਕਟਰ ਹੈ। ਇਕ ਹੋਰ ਵਲ ਇਸ਼ਾਰਾ ਕਰਕੇ ਉਸ ਨੇ ਦਸਿਆ ਕਿ ਉਹ ਵੀ ਉਸ ਵਾਂਗ ਨਰਸ ਹੈ। ਇਕ ਹੋਰ ਬਾਰੇ ਉਸ ਨੇ ਦਸਿਆ ਕਿ ਉਹ ਸਫਾਈ ਕਰਨ ਵਾਲੀ ਹੈ।

ਇਸ਼ਾਰਿਆਂ ਇਸ਼ਾਰਿਆਂ ਵਿਚ ਕਈ ਸੁਆਲ ਉਹਨਾਂ ਨੇ ਕੀਤੇ। ਮੈਂ ਵੀ ਇਸ਼ਾਰਿਆਂ ਇਸ਼ਾਰਿਆਂ ਵਿਚ ਉਤਰ ਦਿਤੇ ਅਤੇ ਆਪ ਵੀ ਕਈ ਸੁਆਲ ਪੁਛੇ।

ਨੀਨਾ ਨਾਂਅ ਦੀਆਂ ਦੋ ਨਰਸਾਂ ਸਨ। ਇਕ ਸਫਾਈ ਕਰਨ ਵਾਲੀ ਸੀ।

ਇਸੇ ਤਰ੍ਹਾਂ ਦੂਸੀਏ ਨਾਂਅ ਦੀ ਨਰਸ ਸੀ।

ਸਾਰੀਆਂ ਹੀ ਬੜੀਆਂ ਖੁਸ਼ ਦਿਲ ਸਨ।

ਦੂਸੀਏ ਨੇ ਦਸਿਆ ਕਿ ਉਸ ਨੂੰ ਅਸੀਂ ਰੂਬਲ ਤਨਖਾਹ ਮਿਲਦੀ ਹੈ। ਉਸ ਨੇ ਪਤੀ ਨੂੰ 120 ਰੂਬਲ ਤਨਖਾਹ ਮਿਲਦੀ ਹੈ।

ਸਫਾਈ ਕਰਨ ਵਾਲੀ ਨੀਨਾ ਨੂੰ 70 ਰੂਬਲ ਮਹੀਨਾ ਤਨਖਾਹ ਮਿਲਦੀ ਸੀ। ਉਹਨਾਂ ਨੇ ਦਸਿਆ ਕਿ ਡਾਕਟਰਾਂ ਨੂੰ 90 ਰੂਬਲ, 110 ਰੂਬਲ, 150 ਰੂਬਲ ਅਤੇ 170 ਰੂਬਲ ਮਹੀਨਾ ਤਕ ਵੀ ਤਨਖਾਹ ਮਿਲਦੀ ਹੈ।

ਡਾਕਟਰਾਂ ਤੇ ਨਰਸਾਂ ਦੇ ਸਲੂਕ ਅਤੇ ਇਲਾਜ ਕਾਰਨ ਹੁਣ ਮੈਂ ਠੀਕ ਸਾਂ ਅਤੇ ਸ਼ਾਮ ਨੂੰ ਮੈਨੂੰ ਟੂਰਿਸਟ ਹੋਟਲ ਵਿਚ ਭੇਜਿਆ ਜਾਣਾ ਸੀ। ਨਰਸਾਂ ਨੇ ਮੈਨੂੰ ਬਾਅਦ ਦੁਪਹਿਰ ਹੀ ਦਸ ਦਿਤਾ ਸੀ ਕਿ ਉਹਨਾਂ ਨੇ ਟੂਰਿਸਟ ਦਲ ਵਿਚ ਸੰਦੇਸ਼ ਭੇਜ ਦਿਤਾ ਹੈ। ਉਹ ਸ਼ਾਮ ਨੂੰ ਤੁਹਾਨੂੰ ਲੈਣ ਲਈ ਆਉਣਗੇ। ਡਾਕਟਰ ਵਲੋਂ ਆਪ ਨੂੰ ਦਸਵਦਾਨੀਆ (ਅਲ-ਵਿਦਾਅ) ਕਹੀ ਗਈ ਹੈ।

ਰਾਤ ਨੂੰ ਮੈਂ ਟੂਰਿਸਟ ਹੋਟਲ ਵਿਚ ਪਹੁੰਚ ਗਿਆ। ਸਾਥੀਆਂ ਨੇ ਸਾਰਾ ਕਿਸਾ ਸੁਣਾਇਆ ਜੋ ਕਿ ਮੈਂ ਪਹਿਲਾਂ ਹੀ ਬਿਆਨ ਕਰ ਚੁਕਿਆ ਹਾਂ।

ਮੇਰੇ ਹਸਪਤਾਲ ਵਿਚ ਹੋਣ ਕਾਰਨ ਵੋਲਗੋਗਰਾਡ ਬਾਰੇ ਮੈਂ ਸੰਖੇਪ ਤੌਰ ਤੇ ਉਹ ਕੁਝ ਦਸਾਂਗਾ ਜੋ ਕੁਝ ਮੇਰੇ ਸਾਥੀਆਂ ਨੇ ਵੇਖਿਆ।

## ਮੇਰੀ ਸੋਵੀਅਤ ਯਾਤਰਾ-੨੬

ਇਹ ਬਿਲਡਿੰਗ ਟਰਸਟ ਸੀ। ਇਸ ਇਮਾਰਤਾਂ ਦੀ ਉਸਾਰੀ ਦਾ ਜ਼ਿਮੇਵਾਰ ਹੈ। ਸਾਰੇ ਮਕਾਨਾਂ ਦੀ ਮੁਰੰਮਤ ਦਾ ਜ਼ਿਮੇਵਾਰ ਵੀ ਇਹੋ ਹੈ। 1400 ਵਰਕਰ ਕੰਮ ਕਰਦੇ ਹਨ। ਹਰ ਪੰਦਰਵਾਂ ਵਰਕਰ ਪਾਰਟੀ ਦਾ ਮੈਂਬਰ ਹੈ। ਅਦਾਰੇ ਦੀ ਨੌਜੁਆਨ ਕਮਿਊਨਿਸਟ ਲੀਗ ਵੀ ਹੈ। ਘਟੋ ਘਟ ਤਨਖਾਹ 85 ਰੂਬਲ ਮਹੀਨਾ ਹੈ।

ਹੁਣ ਆਇਆ ਵੋਲਗੋਗਰਾਡ ਦਾ ਹਾਈਡਰੋ ਬਿਜਲੀ ਘਰ। ਇਹ ਬਿਜਲੀ ਘਰ ਸੰਸਾਰ ਭਰ ਦੇ ਬਿਜਲੀ ਘਰਾਂ ਵਿਚ ਪਹਿਲੀ ਥਾਂ ਰਖਦਾ ਸੀ। ਫਿਰ ਸਾਇਬੇਰੀਆ ਨੇੜੇ ਇਕ ਹਾਈ-ਡਰੋ ਪਾਵਰ ਸਟੇਸ਼ਨ ਬਣਾਇਆ ਗਿਆ। ਹੁਣ ਇਹ ਸੰਸਾਰ ਭਰ ਵਿਚ ਪਹਿਲੀ ਥਾਂ ਰਖਦਾ ਹੈ। ਇਥੋਂ ਬੰਦ ਸੀਮਿੰਟ ਦਾ ਨਹੀਂ। ਇਹ ਬਾਲੋ, ਮਭ, ਕੋਲਾ ਰਲਾ ਕੇ ਬਣਾਇਆ ਗਿਆ ਹੈ। ਨਵਾਂ ਸ਼ਹਿਰ ਵਸ ਗਿਆ ਹੈ ਵਾਲਾਗਸਕੀ। ਇਕ ਲਖ ਪੰਜਾਹ ਹਜ਼ਾਰ ਦੀ ਵਸੋਂ।

ਇਥੇ 22 ਟਰਬਾਈਨਾਂ ਹਨ। ਇਕ ਟਰਬਾਈਨ ਇਕ ਲਖ 15 ਹਜ਼ਾਰ ਕਿਲੋਵਾਟ ਬਿਜਲੀ ਵਦਦੀ ਹੈ। ਇਥੇ 1961 ਵਿਚ ਕੰਮ ਸ਼ੁਰੂ ਹੋਇਆ ਸੀ। ਕੇਵਲ 42 ਵਰਕਰ ਕੰਮ ਕਰਦੇ ਹਨ। ਤਿੰਨ ਸ਼ਿਫਟਾਂ ਵਿਚ। ਲੰਬਾਈ

(ਬਾਕੀ ਦੇਖੋ ਸਫਾ 5)

ਬਾਦ ਇਸ ਸਬੰਧੀ ਹੋਰ ਮੰਗਾਂ ਅਜੇ ਖੜੀਆਂ ਹਨ। ਕਿਸਾਨ ਤੇ ਖੇਤ ਮਜ਼ਦੂਰ ਆਪਸੀ ਸਹਾਇਤਾ ਤੇ ਸਹਿਯੋਗ ਨਾਲ ਆਪਣੀਆਂ ਜਥੇਬੰਦੀਆਂ ਨੂੰ ਮਜ਼ਬੂਤ ਕਰਨ ਲਈ ਨਾਲ ਦੇ ਪਿੰਡਾਂ ਵਿਚ ਪਸਾਰ ਰਹੇ ਹਨ ਤਾਂ ਜੋ ਉਪਰੋਕਤ ਮਸਲਿਆਂ ਉਪਰ ਇਕ ਵਿਸ਼ਾਲ ਏਕਾ ਸਥਾਪਤ ਕਰਕੇ ਇਹਨਾਂ ਮੰਗਾਂ ਦੀ ਪਰਾਪਤੀ ਵਲ ਵਧਿਆ ਜਾਵੇ। ਕਿਸਾਨ ਸਭਾ ਨੇ ਇਸ ਘੋਲ ਵਿਚੋਂ ਭਾਵੇਂ ਕਈ ਛੋਟੇ ਮੋਟੇ ਸਬਕ ਕਢੇ ਹਨ ਪਰ ਇਕ ਵਡਾ ਸਬਕ ਇਹ ਹੈ ਕਿ ਜੇ ਤਿਖੇ ਭਖਦੇ ਚੁਭਦੇ ਇਕ ਮਸਲੇ ਨੂੰ ਚੁਣ ਕੇ ਐਜੀਟੇਸ਼ਨ ਕੀਤੀ ਤੇ ਘੋਲ ਅਰੰਭਿਆ ਜਾਏ ਤਾਂ ਜੇਤਾ ਛੇਤੀ ਸੌਖੀ ਤੇ ਵਧੇਰੇ ਲਾਮਬੰਦ ਹੁੰਦੀ ਤੇ ਘੋਲ ਵਿਚੋਂ ਖਟਦੀ ਹੈ "ਲਹਿਰ ਦੀ ਭਰਤੀ ਸ਼ਕਤੀ ਵਧਦੀ ਤੇ ਉਹ ਨਵੀਆਂ ਪ੍ਰਾਪਤੀਆਂ ਵਲ ਵਧਦੀ ਹੈ।"

## ਇਸ਼ਾਰਿਆਂ ਇਸ਼ਾਰਿਆਂ ਵਿਚ

(ਸਫਾ 2 ਦੀ ਬਾਕੀ)

700 ਮੀਟਰ ਹੈ। ਇਸ ਡੈਮ ਦੇ ਉਪਰੋਂ ਰੇਲਵੇ, ਮੋਟਰ, ਟਰਾਮਵੇ ਆਦਿ ਹਰ ਤਰ੍ਹਾਂ ਦਾ ਟਰੈਫਿਕ ਹੈ।

ਹੁਣ ਲਵੋ ਕਾਲਗੋਗਰਾਡ ਦੀ ਟਰਾਂਸਪੋਰਟ ਸਨਅਤ ਦੀ ਗਲ ਇਸ ਦੀਆਂ ਨੌਂ ਹਜ਼ਾਰ ਲਾਰੀਆਂ, ਮੋਟਰ-ਕਾਰਾਂ ਤੇ ਟਰਕ ਹਨ। 17,000 ਵਰਕਰ ਕੰਮ ਕਰਦੇ ਹਨ। ਇਸ ਦੇ 33 ਡੀਪੋ ਹਨ। ਇਹ ਇੰਡਸਟਰੀ ਜ਼ਰਾਇਤੀ ਉਪਜਾਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਦਾ ਪਰਬੰਧ ਕਰਦੀ ਹੈ। ਮੁਸਾਫਰ ਬਸਾਂ ਵੀ ਚਲਾਂਦੀ ਹੈ। ਮਾਲ ਉਠਾਉਣਾ ਅਤੇ ਦੂਜੀ ਥਾਂ ਪਹੁੰਚਾਉਣਾ ਇੰਡਸਟਰੀ ਦੇ ਜ਼ਿੰਮੇ ਹੈ। ਡਰਾਈਵਰਾਂ ਦੀ ਤਨਖਾਹ 145 ਰੂਬਲ ਮਹੀਨਾ ਹੈ।

## ਉਜ਼ਬੇਕ ਪ੍ਰਧਾਨ ਮੰਤ੍ਰੀ ਭਾਰਤ ਦੇ ਦੌਰੇ ਤੇ

ਨਵੀਂ ਦਿਲੀ, 17 ਅਪਰੈਲ— ਉਜ਼ਬੇਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਦੀ ਮੰਤਰੀ ਪਰੀਸ਼ਦ ਦੇ ਪ੍ਰਧਾਨ ਰਹਿਮਾਨਕੁਲ ਕੁਰਬਾਨੋਵ ਭਾਰਤ ਦੇ ਸਰਕਾਰੀ ਦੌਰੇ ਤੇ ਪੁਜ ਗਏ ਹਨ।

ਸੋਵੀਅਤ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ, ਉਜ਼ਬੇਕਿਸਤਾਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ, ਸੋਵੀਅਤ ਯੂਨੀਅਨ ਦੀ ਸੁਪਰੀਮ ਸੋਵੀਅਤ ਦੇ ਡਿਪਟੀ ਕੁਰਬਾਨੋਵ ਦਾ ਜਨਮ 1912 ਵਿਚ ਉਜ਼ਬੇਕ ਪਿੰਡ ਦੇ ਇਕ ਗਰੀਬ ਕਿਸਾਨ ਘਰਾਣੇ ਵਿਚ ਹੋਇਆ।

1942 ਤੋਂ ਲੈਕੇ ਆਰ. ਕੁਰਬਾਨੋਵ ਪਾਰਟੀ ਅਤੇ ਸਰਕਾਰੀ ਕੰਮ ਵਿਚ ਰੁਝੇ ਰਹੇ ਹਨ। ਉਜ਼ਬੇਕ ਰੀਪਬਲਿਕ ਦੀ ਕੌਮੀ ਆਰਥਕਤਾ ਦੇ ਵਿਕਾਸ ਵਿਚ ਮਹਾਨ ਸੇਵਾਵਾਂ ਕਰਕੇ ਰਹਿਮਾਨਕੁਲ ਕੁਰਬਾਨੋਵ ਨੂੰ ਤਿੰਨ ਆਰਡਰ ਆਫ ਲੈਨਿਨ ਅਤੇ ਦੂਜੇ ਸਰਕਾਰੀ ਪੁਰਸਕਾਰ ਮਿਲ ਚੁਕੇ ਹਨ। ਉਹ ਅਰਥ-ਵਿਗਿਆਨ ਦੀ ਐਮ. ਐਸ. ਸੀ. ਹਨ।

ਭਾਰਤ ਵਿਚ ਠਹਿਰਣ ਸਮੇਂ ਉਹ ਭਾਖੜਾ ਦੇ ਸਜੇ ਕੰਢੇ ਦੇ ਬਿਜਲੀ ਘਰ ਦੇ ਸਰਕਾਰੀ ਤੌਰ ਤੇ ਕੀਤੇ ਜਾਣ ਵਾਲੇ ਉਦਘਾਟਨੀ ਸਮਾਰੋਹ ਵਿਚ ਵੀ ਭਾਗ ਲੈਣਗੇ।

---

ਇਸ ਅਦਾਰੇ ਵਿਚ ਤੀਹ ਫੀ ਸਦੀ ਪਾਰਟੀ ਮੈਂਬਰ ਹਨ।

(ਚਲਦਾ)

ਸਾਥੀ ਸੁਰਜਨ ਸਿੰਘ ਜ਼ੀਰਵੀ ਪਰਿੰਟਰ ਤੇ ਪਬਲਿਸ਼ਰ ਨੇ ਅਵਾਮੀ ਪਰਿੰਟਿੰਗ ਪਰੈਸ, ਬੀ. ਜੀ. ਰੋਡ ਜਲੰਧਰ ਤੋਂ ਛਪਵਾ ਕੇ ਵਾਸਤੇ ਕਮਿਊਨਿਸਟ ਪਾਰਟੀ ਪੰਜਾਬ ਸਟੇਟ ਕੌਂਸਲ ਪਰਕਾਸ਼ਤ ਕੀਤਾ

31

ਮੇਰੀ ਸੋਵੀਅਤ ਯਾਤਰਾ—੨੭

# ਸਰਦੀ ਨਾਲ ਲੁਕਣ-ਮੀਚੀ

—ਵੀਰ ਭਾਨ ਭੁਲਰ—

ਅਸੀਂ ਵੋਲਗਰਾਡ ਤੋਂ ਤਾਸ਼ਕੰਦ ਜਾਂਦਾ ਸੀ। ਮੈਂ ਹਸਪਤਾਲ ਤੋਂ ਰਿਹਾ ਹੋ ਚੁਕਿਆ ਸਾਂ। ਦੂਜੇ ਸਾਥੀ ਡਾਕਟਰੀ ਮੁਆਹੜੇ ਵਿਚ ਠੀਕ ਠਾਕ ਪਾਏ ਗਏ ਅਤੇ ਸਭਨਾਂ ਦੀਆਂ ਟਿਕਟਾਂ ਵੀ ਵਾਪਸ ਮਿਲ ਗਈਆਂ। ਪਰ ਮੌਸਮ ਦੀ ਖਰਾਬੀ ਕਾਰਨ ਹਫਤੇ ਤੋਂ ਜਹਾਜ਼ ਦੀ ਉਡਾਣ ਬੰਦ ਸੀ। ਇਸ ਲਈ ਅਸੀਂ ਪਹਿਲੋਂ ਮਾਸਕੋ ਜਾਣਾ ਸੀ। ਮੌਸਮ ਠੀਕ ਹੋਣ ਤੇ ਹੀ ਅਸੀਂ ਤਾਸ਼ਕੰਦ ਲਈ ਉਡਾਰੀ ਲਾ ਸਕਦੇ ਸਾਂ।

ਐਕਸਪਰੈਸ ਟਰੇਨ ਨਿਕਲ ਚੁਕੀ ਸੀ। ਹੁਣ ਅਸੀਂ ਮੁਸਾਫਰ ਗਡੀ ਰਾਹੀਂ ਮਾਸਕੋ ਪਹੁੰਚਣਾ ਸੀ। ਰਾਹ 24 ਘੰਟੇ ਦਾ ਸੀ।

ਅਸੀਂ ਗਡੀ ਤੇ ਪਹੁੰਚ ਗਏ। ਸਾਥੀਆਂ ਨ ਨਾਸ਼ਤਾ ਤੇ ਖਾਣਾ ਨਾਲ ਬੰਨ੍ਹ ਦਿਤਾ। ਗਡੀ ਵਿਚ ਬਿਸਤਰਾ ਵੀ ਮਿਲ ਗਿਆ। ਰਾਤ ਦਾ ਵੇਲਾ ਸੀ। ਇਸ ਲਈ ਬਾਹਰ ਦਾ ਕੁਝ ਪਤਾ ਨਹੀਂ ਸੀ ਲਗਦਾ। ਸਵੇਰ ਹੋਈ। ਚਾਹ ਮੰਗਵਾਈ ਗਈ। ਮੂੰਹ-ਹਥ ਧੋਣ ਲਈ ਵੀ ਸਾਡੇ ਲਈ ਸਪੈਸ਼ਲ ਪ੍ਰਬੰਧ ਹੋ ਗਿਆ ਸਵੇਰ ਵੇਲੇ 12 ਘੰਟੇ ਦਾ ਸਫਰ ਬਾਕੀ ਸੀ। ਸੋਵੀਅਤ ਰੂਸ ਦਾ ਕਾਫੀ ਹਿਸਾ ਅਸੀਂ ਵੇਖਿਆ—ਥਾਂ ਥਾਂ ਫੈਕਟਰੀਆਂ, ਉਹਨਾਂ ਤੇ ਲਾਲ ਝੰਡੇ। ਬਰਫਬਾਰੀ ਕਾਰਨ ਫਾਰਮਾਂ ਵਿਚ ਅਜੇ ਤਕ ਕੰਮ ਬੰਦ ਸੀ।

ਗਰਸੋਫ ਐਵਾਨੋਵ ਇੰਜੀਨੀਅਰ, ਵਾਰਸ਼ਲੋਫ ਪਰੈਸ ਵਰਕਰ ਗਡੀ ਵਿਚ ਸਾਡੇ ਨੇੜੇ ਵਾਲੇ ਕਮਰੇ ਵਿਚ ਸਫ਼ਰ ਕਰ ਰਹੇ ਸਨ। ਉਹਨਾਂ ਨੇ ਸਾਡਾ ਹਾਲ ਚਾਲ ਪੁਛਿਆ। ਕਦੇ ਤਾਂ ਸਾਡਾ ਦੋ-ਭਾਸ਼ੀ ਸਾਥੀ ਬਤ੍ਰਾਨੋਫ ਮਦਦ ਕਰ ਦੇਂਦਾ, ਕਦੇ ਅਸੀਂ ਇਸ਼ਾਰਿਆਂ ਨਾਲ ਕੰਮ ਚਲਾ ਲੈਂਦੇ। ਉਹਨਾਂ ਨੇ ਸਾਨੂੰ ਖਾਣਾ ਵੀ ਪੇਸ਼ ਕੀਤਾ। ਭਾਰਤ ਦੀ ਪਾਰਟੀ ਤੇ ਮਜ਼ਦੂਰ ਜਮਾਤ ਬਾਰੇ ਪੁਛਿਆ। ਉਹਨਾਂ ਦੀਆਂ ਤਨਖਾਹਾਂ ਲਗ ਭਗ 150 ਰੂਬਲ ਮਹੀਨਾ ਸਨ। ਏਨੀ ਰਕਮ ਹੀ ਉਹਨਾਂ ਦੀਆਂ ਬੀਵੀਆਂ ਕਮਾ ਲੈਂਦੀਆਂ ਸਨ।

ਇਹ ਗਲ ਵਰਨਣ ਜੋਗ ਹੈ ਕਿ ਕਿਸੇ ਨੇ ਵੀ ਸਾਡੇ ਕੋਲ ਇਸ ਗਲ ਦਾ ਗਿਲਾ ਨਹੀਂ ਕੀਤਾ ਕਿ ਤਨਖਾਹਾਂ ਘਟ ਜਾਂ ਵਧ ਹਨ ਜਾਂ ਉਹਨਾਂ ਨੂੰ ਠੀਕ ਤਨਖਾਹ ਨਹੀਂ ਮਿਲ ਰਹੀ ਕਿਉਂਕਿ ਤਨਖਾਹਾਂ ਕੰਮ ਅਨੁਸਾਰ, ਹੁਨਰ ਅਨੁਸਾਰ ਮਿਲ ਰਹੀਆਂ ਹਨ। ਵਿਦਿਆ ਪ੍ਰਾਪਤ ਕਰਨ, ਹੁਨਰ ਸਿਖਣ, ਹੁਨਰ ਵਧਾਉਣ ਦੇ ਸਭ ਨੂੰ ਇਕੋ ਜਿਹੇ ਮੌਕੇ ਪ੍ਰਾਪਤ ਹਨ। ਇਸ ਸਬੰਧ ਵਿਚ ਵੀ ਕਿਸੇ ਨੂੰ ਕੋਈ ਸ਼ਕਾਇਤ ਨਹੀਂ ਹੈ।

ਰੇਲਵੇ ਵਿਚ ਕੰਮ ਕਰਦੀ ਇਕ ਲੇਡੀ ਵਰਕਰ ਨੇ ਸਾਨੂੰ ਦਸਿਆ ਕਿ ਉਹਨਾਂ ਨੂੰ 120 ਰੂਬਲ ਮਹੀਨਾ ਮਿਲਦੇ ਹਨ। ਉਸ ਦੀ ਤਨਖਾਹ 165 ਰੂਬਲ ਤਕ ਪੁਜ ਜਾਂਦੀ ਹੈ। ਉਹ ਭਰ ਮੁਟਿਆਰ ਸੀ ਤੇ ਅਜੇ ਉਸ ਦਾ ਵਿਆਹ ਵੀ ਨਹੀਂ ਸੀ ਹੋਇਆ। ਉਸ ਨੇ ਨਾਈਟ ਅਲਾਊਂਸ, ਮੀਲ ਭਤਾ ਕੰਮ ਦੌਰਾਨ ਕਿੰਨੇ ਮੀਲ ਗਡੀ ਚਲੀ, ਪਾਸਾਂ ਤੇ ਹੋਰ ਸਹੂਲਤਾਂ ਦਾ ਵੀ ਜ਼ਿਕਰ ਕੀਤਾ।

ਉਸ ਨੇ ਦਸਿਆ ਕਿ ਸਾਡੇ ਗਰੁਪ ਨੂੰ ਤਿੰਨ ਦਿਨ ਕੰਮ ਕਰਨਾ ਪਵੇਗਾ ਅਤੇ ਸਾਢੇ ਤਿੰਨ ਦਿਨ ਆਰਾਮ ਮਿਲੇਗਾ। 24 ਘੰਟੇ ਵਿਚ ਟਰੇਨ ਮਾਸਕੋ ਜਾਵੇਗੀ। ਕੁਝ ਸਮਾ ਰੈਸਟ ਤੋਂ ਪਿਛੋਂ ਫਿਰ ਗਡੀ ਨੂੰ ਵੋਲਗੋ-ਗਰਾਡ ਲੈ ਆਉਣਗੇ। ਹਫਤੇ ਦੇ ਬਾਕੀ ਦਿਨ ਰਹੇਗੀ।

ਇਕ ਛੋਟੀ ਜਹੀ ਲੜਕੀ ਤਾਨੀਆਂ ਨੂੰ ਮੈਂ ਅਮਨ ਦਾ ਬੈਜ ਦਿਤਾ। ਉਸ ਨੇ ਇਹ ਬੈਜ ਲੈ ਲਿਆ। ਅਤੇ ਬੜੀ ਖੁਸ਼ ਹੋਈ। ਫਿਰ ਆਪਣੀ ਮਾਂ ਦੇ ਮੂੰਹ ਵਲ ਵੇਖਣ ਲਗ ਪਈ। ਫਿਰ ਉਸ ਨੇ ਇਕ ਬੈਜ ਹਾਸਲ ਕੀਤਾ ਅਤੇ ਮੈਨੂੰ ਦੇ ਦਿਤਾ। ਦੂਸੀ ਸਾਥੀਆਂ ਨੇ ਕਿਹਾ ਇਹ ਬੈਜ ਬਹੁਤ ਪਿਆਰਾ ਹੈ। ਇਸ ਨੂੰ ਸੰਭਾਲ ਕੇ ਰਖਣਾ!

ਗਡੀ ਦੇ ਮਕੈਨੀਕਲ ਇੰਜੀਨੀਅਰ ਨਾਲ ਤਾਂ ਖੂਬ ਗੱਪ-ਸ਼ਪ ਲੜੀ। ਉਸ ਨੇ ਵੀ ਭਾਰਤ ਦੀ ਮਜ਼ਦੂਰ ਜਮਾਤ ਅਤੇ ਪਾਰਟੀ ਬਾਰੇ ਵਾਕਫੀਅਤ ਚਾਹੀ। ਉਸ ਨੇ ਪਾਰਟੀ ਵਿਚ ਫੁਟ ਤੋਂ ਪਿਛੋਂ ਦੇ ਹਾਲਾਤ ਬਾਰੇ ਵੀ ਜਾਣਨਾ ਚਾਹਿਆ।

ਉਹ ਸੁਭਾਵਿਕ ਹੀ ਸੰਸਾਰ ਭਰ ਮਜ਼ਦੂਰਾਂ ਦੇ ਰੌਸ਼ਨ ਭਵਿਖ ਵਿਚ ਦਿਲਚਸਪੀ ਰਖਦਾ ਸੀ। ਉਸ ਨੇ ਮੁਲਾਜ਼ਮ ਦੀ ਘਟੋ ਘਟ ਤਨਖਾਹ ਦੇ ਅਸੂਲ ਦੀਂ ਪਰਵਾਨਗੀ ਦੀ ਰੀਪੋਰਟ ਬੜੇ ਗਹੁ ਨਾਲ ਸੁਣੀ। ਉਹਨਾਂ ਨੂੰ ਮਜ਼ਦੂਰਾਂ ਉਤੇ ਹੋਏ ਤਸ਼ੱਦਦ ਤੇ ਦੁਖ ਸੀ।

22 ਦਸੰਬਰ ਦੀ ਰਾਤ ਨੂੰ ਅਸੀਂ ਫਿਰ ਮਾਸਕੋ ਵਿਚ ਉਸੇ ਹੋਟਲ ਵਿਚ ਸਾਂ ਜਿਥੇ ਅਸੀਂ ਸੋਵੀਅਤ ਯੂਨੀਅਨ ਦੀ ਦੇਸ਼-ਵਿਆਪੀ ਯਾਤਰਾ ਸ਼ੁਰੂ ਕੀਤੀ ਸੀ।

23 ਤਾਰੀਖ ਸਵੇਰੇ ਸਾਡੀਆਂ ਕਾਰਾਂ ਕਿਉ ਰੋਡ ਤੇ ਹਵਾਈ ਅਡੇ ਵਲ ਦੌੜ ਰਹੀਆਂ ਸਨ, ਜਿਥੋਂ ਅਸੀਂ ਤਾਸ਼ਕੰਦ ਲਈ ਚਲਣਾ ਸੀ। ਰਾਹ ਵਿਚ ਜੰਗਲ ਹੀ ਜੰਗਲ, ਬਾਗ ਹੀ ਬਾਗ ਅਤੇ ਬਰਫ ਦਾ ਨਜ਼ਾਰਾ ਸੀ। ਬਾਗਾਂ ਤੇ ਜੰਗਲਾਂ ਨੂੰ ਤਰੱਕੀ ਦਣ ਦੀ ਸਕੀਮ ਅਧੀਨ ਇਹ ਬਾਗ ਤੇ ਜੰਗਲ ਲਾਏ ਗਏ ਸਨ ਤੇ ਲਾਏ ਜਾ ਰਹੇ ਸਨ। ਬਾਗਾਂ ਵਿਚ ਛੋਟੇ ਛੋਟੇ ਘਰ ਸਨ, ਜਿਨ੍ਹਾਂ ਵਿਚ ਲੋਕ ਰਹਿ ਸਕਦੇ ਸਨ। ਹਵਾਈ ਅਡੇ ਦਾ ਰਾਹ ਇਕ ਘੰਟੇ ਦਾ ਸੀ।

ਜਹਾਜ਼ ਦੀ ਉਡਾਰੀ ਮਨਸੂਖ ਹੋ ਗਈ। ਅਸੀਂ ਚਾਹ ਆਦਿ ਪੀਣ ਲਗ ਪਏ। ਅਜੇ ਸੋਚ ਹੀ ਰਹੇ ਸਾਂ ਕਿ ਕਿਉ ਦਾ ਹੋਟਲ ਵਾਪਸ ਚਲਿਆ ਜਾਵੇ ਕਿ ਜਹਾਜ਼ ਦੀ ਉਡਾਰੀ ਦਾ ਸਿਗਨਲ ਹੋ ਗਿਆ। ਰਾਤ ਦੇ ਇਕ ਵਜੇ ਦਾ ਸਮਾਂ ਹੋਵੇਗਾ। ਐਲਾਨ ਹੋ ਗਿਆ ਕਿ ਜਹਾਜ਼ ਹੁਣ ਅਗੇ ਨਹੀਂ ਜਾ ਸਕਦਾ। ਰਸਟੋਫ ਦੇ ਹਵਾਈ ਅਡੇ ਤੇ ਉਤਰਨਾ ਪਵੇਗਾ।

ਰਸਟੋਫ ਹਵਾਈ ਅਡੇ ਤੇ ਉਤਰੇ ਤਾਂ ਬਰਫ ਪੈਣ ਦੀ ਹੱਦ ਹੀ ਹੋ ਗਈ। ਅਡੇ ਤਕ ਪਹੁੰਚਦੇ ਪਹੁੰਚਦੇ ਸਰਦੀ ਦਾ ਮਜ਼ਾ ਆ ਗਿਆ। ਡੈਲੀਗੇਸ਼ਨ ਹੋਣ ਕਾਰਨ ਸਾਨੂੰ ਆਮ ਮੁਸਾਫਰਾਂ ਨਾਲੋਂ ਵਖਰਾ ਕਮਰਾ ਮਿਲ ਗਿਆ ਤਾਂ ਜੋ ਆਰਾਮ ਕਰ ਸਕੀਏ। ਸਾਡੇ ਦੋ ਭਾਸ਼ੀ ਸਾਥੀ ਨੇ ਉਥੇ ਪਾਰਟੀ ਸਕਤਰ ਨੂੰ ਟੈਲੀਫੋਨ ਕੀਤਾ। ਇਹ ਪਤਾ ਨਹੀਂ ਸੀ ਕਿ ਕਿੰਨਾ ਚਿਰ ◆

◆ ਇਥੇ ਠਹਿਰਨਾ ਪਵੇਗਾ। ਉਸ ਵੇਲੇ ਸਾਥੀ ਆ ਗਏ। ਉਹਨਾਂ ਨੇ ਸਾਡੇ ਖਾਣੇ ਦਾ ਪਰਬੰਧ ਕੀਤਾ। ਅਜੇ ਖਾਣਾ ਸ਼ੁਰੂ ਹੀ ਕੀਤਾ ਸੀ ਕਿ ਐਲਾਨ ਹੋ ਗਿਆ ਕਿ ਹਵਾਈ ਜਹਾਜ਼ ਤਿਆਰ ਹੈ। ਭਜੋ ਭਜੀ ਵਿਚ ਜਹਾਜ਼ ਵਿਚ ਸੁਆਰ ਹੋਣਾ ਪਿਆ।

ਸਾਡਾ ਡੈਲੀਗੇਸ਼ਨ ਰਸਟੋਫ ਦੀ ਪਾਰਟੀ ਕਮੇਟੀ ਦੇ ਸਾਥੀਆਂ ਦਾ ਧੰਨਵਾਦੀ ਹੈ ਜਿਹਨਾਂ ਨੇ ਬੇ ਵਕਤ ਸਾਡੇ ਲਈ ਬੜਾ ਤਕਲਫ ਕੀਤਾ। ਆਖਰ ਅਸੀਂ ਤਾਸ਼ਕੰਦ ਜਾ ਉਤਰੇ।—(ਚਲਦਾ)

## .ਗਜ਼ਲ

—ਵੀਅਤਨਾਮੀ ਸੰਘਰਸ਼ ਤੋਂ ਉਤਸ਼ਾਹਤ ਹੋ ਕੇ—

ਇਕ ਦਿਨ ਇਹ ਕੱਖ ਵੀ ਐਸੀ ਕਹਾਣੀ ਕਰਨਗੇ।
ਮਾੜੀਆਂ ਦੇ ਸਾਹਬ ਵੀ ਜਿਸਦਾ ਹੁੰਗਾਰਾ ਭਰਨਗੇ।

ਇਹ ਜੋ ਸੂਰਜ ਜ਼ੁਲਮ ਦੇ ਸੁਲਗਦੇ ਨੇ ਚਮਨ ਤੇ,
ਵੇਖ ਲੈਣਾ ਸਿਸਕਦੇ ਸਾਹਾਂ 'ਚ ਇਕ ਦਿਨ ਠਰਨਗੇ।

ਬਾਗਬਾਂ ਜੋ ਚਮਨ ਦੀ ਖੁਦ ਮਹਿਕ ਵੇਚੀ ਜਾ ਰਹੇ,
ਭਾਲਦੇ ਮਹਿਕਾਂ ਨੂੰ ਇਕ ਦਿਨ ਵੇਖ ਲੈਣਾ ਮਰਨਗੇ।

ਏਸ ਵਾਦੀ ਦੇ ਜੋ ਪਥਰ ਅਜ਼ਲਾਂ ਤੋਂ ਖਾਮੋਸ਼ ਨੇ,
ਇਕ ਦਿਨ ਤਾਰੀਖ ਦੀ ਹਿੱਕੜੀ ਤੇ ਤੋਹਮਤ ਧਰਨਗੇ।

ਉਹਨਾਂ ਦੇ ਹੀ ਕਦਮਾਂ ਨੂੰ ਮੰਜ਼ਲ ਨੇ ਆਖਰ ਚੁਮਣੈ,
ਜੋ ਪੀੜ੍ਹ ਤਿਖੇ ਕੰਡਿਆਂ ਦੀ ਮੁਸਕਰਾ ਕੇ ਜਰਨਗੇ।

ਚਮਨ ਕਾਦਿਆਨੀ

ਗਲਤੀ ਕਿਉਂ ਕਰ ਦਿਤੀ। ਭਾਵੇਂ ਕੁਝ ਵੀ ਹੋਵੇ ਜੋਸ਼ ਦੀ ਹਵਾ ਖਾਧੀ ਅਸੀਂ ਵੀ। ਹੁਣ ਇਹ ਸੁਣੋ ਕਿ ਖਾਧੀ ਕਿਉਂ?

ਅਸੀਂ ਉਦੋਂ ਨਾ ਛੋਟੇ ਸਾਂ, ਨਾ ਵਡੇ, ਵਿਚਲਾ ਮੇਲ ਸਾਂ। ਪਰ ਪਤਾ ਨਹੀਂ ਕਿਸ ਦਾ ਸਾਇਆ ਪਿਆ ਹੋਇਆ ਸੀ ਸਾਡੇ ਉਤੇ। ਅਸੀਂ ਸ਼ਟਲੀ ਜ਼ਰੂਰ ਸਾਂ। 13 ਅਪਰੈਲ ਨੂੰ ਜਦੋਂ ਜਲ੍ਹਿਆਂ ਵਾਲਾ ਬਾਗ ਵਿਚ ਇਕ ਫਰੰਗੀ ਨੇ ਅਧੇ ਹੀ ਘੰਟੇ ਵਿਚ 1600 ਮਾਰ ਦਿਤੇ, ਇਹਨਾਂ ਸ਼ਹੀਦਾਂ ਨੇ ਆਪਣਾ ਖੂਨ ਦੇ ਕੇ ਜਲ੍ਹਿਆਂ ਵਾਲਾ ਨੂੰ ਅਮਰ ਕਰ ਦਿਤਾ ਅਤੇ ਸੁਤੰਤਰਤਾ ਸੰਗਰਾਮ ਦਾ ਬੂਟਾ ਇਕ ਦਮ ਇਕ ਦਰਖਤ ਬਣ ਗਿਆ ਤਾਂ ਸਾਨੂੰ ਇਹ ਪਤਾ ਨਹੀਂ ਸੀ ਕਿ ਦੇਸ਼ ਆਜ਼ਾਦ ਵੀ ਹੋ ਜਾਵੇਗਾ, ਅਤੇ ਅਸੀਂ ਆਜ਼ਾਦ ਦੇਸ਼ ਵਿਚ [illegible] ਚਟਖਾਂਦੇ ਫਿਰਾਂਗੇ। ਕੋਈ ਸਾਨੂੰ ਦੇਸ਼-ਭਗਤ ਵੀ ਨਹੀਂ ਕਹੇਗਾ। ਹਾਂ, ਸਾਡਾ ਲਹੂ ਜ਼ਰੂਰ ਖੋਲਣ ਲਗਾ ਸੀ। ਰੋਸ ਨਾਲ ਰੁਮਾਂਸ ਜਿਹਾ ਹੁੰਦਾ ਜਾ ਰਿਹਾ ਸੀ।

"ਕਿੰਨੇ ਅਫਸੋਸ ਦੀ ਗਲ ਹੈ ਕਿ ਇਕ ਗੋਰਾ ਸੈਲ੍ਹਾਂ [illegible] ਨੂੰ ਮਾਰ ਸੁਟੇ। ਇਸ ਤਰ੍ਹਾਂ ਤਾਂ [illegible] ਭੇਡ ਬਕਰੀਆਂ ਨੂੰ [illegible] ਮਾਰ ਸਕਦਾ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਾਨੂੰ ਇਹ ਗੋਰੇ ਮੂਲੀ-ਗਾਜਰ ਵੀ ਨਹੀਂ ਸਮਝਦੇ।"

ਜਦੋਂ ਹਰ ਗਲੀ ਮੁਹਲੇ ਦੇ ਸ਼ਾਹਮਣੇ ਬੈਂਤ ਮਾਰਨ ਵਾਲੀ ਟਿਕਟਿਕੀ ਲਾ ਦਿਤੀ ਭੁਲ ਕੇ ਆਉਣ ਜਾਣ ਵਾਲਿਆਂ ਨੂੰ ਪੇਟ ਦੇ ਬਲ ਚਲਾਇਆ ਜਾਣ ਲਗਾ, ਇਸਤਰੀਆਂ ਦੇ ਸਤ ਭੰਗ ਕੀਤੇ ਜਾਣ ਲਗ, ਬਚੇ ਸੰਗੀਨਾਂ ਤੇ ਟੰਗੇ ਜਾਣ ਲਗੇ, ਇਸ ਤਰ੍ਹਾਂ ਜਾਪਦਾ ਸੀ ਸਚ ਮੁਚ ਪਰਲੋ ਆ ਗਈ ਹੋਵੇ, ਹਰ ਪਾਸੇ ਸ਼ੈਤਾਨ ਹੀ ਸ਼ੈਤਾਨ ਨਜ਼ਰ ਆਉਣ ਲਗੇ.....ਆਖਰ ਹਿੰਦੁਸਤਾਨੀਆਂ ਦੇ ਮੰਨ ਵਿਚ ਵੀ ਰਣ ਚੰਡੀ ਜਾਗ ਉਠੀ—ਲਗੇ ਜਥਿਆਂ ਦੇ ਜਥੇ ਸ਼ਹਿਰਾਂ ਵਲ ਵਧਣ। ਅਸਾਂ ਵੀ ਇਕ ਜਥੇ ਵਿਚ ਸ਼ਮਲ ਹੋ ਗਏ।

ਇਕ ਨੌਜਵਾਨ ਨੇ ਸਾਡੀ ਬਾਂਹ ਫੜ ਕੇ ਹਿਲਾ ਦਿਤੀ। ਸਾਡੀਆਂ ਅਖਾਂ ਵਿਚ ਅਖਾਂ ਪਾ ਕੇ ਬੋਲਿਆ 'ਚੁਪ ਚਾਪ ਘਰ ਚਲੇ ਜਾਓ। ਤੁਸੀਂ ਅਜੇ ਬਹੁਤ ਛੋਟੇ ਹੋ। ਤੁਹਾਡੇ ਲਈ ਦੁਸ਼ਮਨ ਸ਼ਹਿਣਾ ਕਠਨ ਹੋਵੇਗਾ। ਜਾਓ, ਭਜ ਜਾਓ।

ਉਹ ਵੀ ਸਾਨੂੰ ਦੇਸ਼ ਭਗਤ ਨਹੀਂ ਸਮਝਦਾ ਸੀ।

11 ਮਾਰਚ 1969

## ਮੇਰੀ ਸੋਵੀਅਤ ਯਾਤਰਾ--੭

# ਇਹ ਵੀ ਇਕ ਫਿਲਮ ਸੀ

–ਵੀਰ ਭਾਨ ਭੁਲਰ–

ਸੋਵੀਅਤ ਯੂਨੀਅਨ ਦੀ ਅਮਨ-ਪਸੰਦੀ ਤੇ ਭਾਰਤ ਨਾਲ ਮਿਤਰਤਾ ਦੇ ਸਬੰਧ ਵਿਚ ਮੈਂ ਪਹਿਲਾਂ ਅਰਜ਼ ਕਰ ਚੁਕਿਆ ਹਾਂ। ਹੁਣ ਮੈਂ ਸੋਵੀਅਤ ਯੂਨੀਅਨ ਵਿਚ ਜੋ ਕੁਝ ਵੇਖਿਆ ਹੈ, ਉਸ ਦੇ ਦੂਜੇ ਪਖਾਂ ਤੇ ਰੌਸ਼ਨੀ ਪਾਵਾਂਗਾ।

ਸਭ ਤੋਂ ਪਹਿਲਾਂ ਮੈਂ ਇਹ ਅਰਜ਼ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਸਾਡਾ ਡੈਲੀਗੇਸ਼ਨ ਕਾਰਖਾਨਿਆਂ ਵਿਚ, ਰੇਲ ਗਡੀਆਂ ਵਿਚ, ਹਵਾਈ ਜਹਾਜ਼ਾਂ, ਹੋਟਲਾਂ ਤੇ ਮਜ਼ਦੂਰਾਂ ਦੇ ਕੇਂਦਰਾਂ ਵਿਚ ਮਜ਼ਦੂਰਾਂ ਨੂੰ ਮਿਲਿਆ। ਅਸੀਂ ਫਲੈਟਾਂ ਵਿਚ ਵੀ ਮਜ਼ਦੂਰਾਂ ਤੇ ਉਹਨਾਂ ਦੇ ਟਬਰ ਦੇ ਜੀਆਂ ਨੂੰ ਮਿਲੇ। ਉਹਨਾਂ ਦੀ ਜ਼ਿੰਦਗੀ ਬਾਰੇ ਵਾਕਫੀਅਤ ਹਾਸਲ ਕੀਤੀ। ਅਸੀਂ ਟਰੇਡ ਯੂਨੀਅਨ ਤੇ ਕਮਿਊਨਿਸਟ ਲੀਡਰਾਂ ਨੂੰ ਵੀ ਮਿਲੇ ਤੇ ਵਿਚਾਰ-ਵਟਾਂਦਰਾ ਕੀਤਾ। ਅਸੀਂ ਵਖ ਵਖ ਫੈਕਟਰੀਆਂ ਤੇ ਅਦਾਰਿਆਂ ਦੇ ਡਾਇਰੈਕਟਰਾਂ, ਵਖ ਵਖ ਯੂਨੀਵਰ-ਸਿਟੀਆਂ ਦੇ ਡਾਇਰੈਕਟਰਾਂ ਤੇ ਪਰੋਫੈਸਰਾਂ, ਡਾਕਟਰਾਂ, ਇੰਜੀਨੀਅਰਾਂ ਤੇ ਕਈ ਹੋਰ ਅਹਿਮ ਲੋਕਾਂ ਨਾਲ ਮਿਲਣ ਤੋਂ ਉਪਰੰਤ ਪਾਰਟੀ ਲਾਈਫ ਦੇ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਨੂੰ ਵੀ ਮਿਲੇ।

ਇਹ ਤਾਂ ਮੈਂ ਪਹਿਲਾਂ ਹੀ ਦਸ ਚੁਕਿਆ ਹਾਂ ਕਿ ਮਾਸਕੋ ਕਰਿਮਲਿਨ ਵਿਚ ਸ਼ਹੀਦਾਂ ਦੀਆਂ ਯਾਦਾਂ ਦੀ ਜ਼ਿਆਰਤ ਲਈ ਕਿਵੇਂ ਲੋਕਾਂ ਦੀਆਂ ਕਤਾਰਾਂ ਲਗੀਆਂ ਰਹਿੰਦੀਆਂ ਹਨ। ਲੈਨਿਨ ਮਿਊਜ਼ੀਅਮ ਵਿਚ ਮਿਸ ਤਾਂਤ੍ਰੀਆ ਨੇ, ਜੋ ਸ਼ਕਲ ਸੂਰਤ ਤੋਂ ਬਿਲਕੁਲ ਇਕ ਪੰਜਾਬੀ ਕੁੜੀ ਜਾਪਦੀ ਸੀ, ਤਸਵੀਰਾਂ ਦੁਆਰਾ ਸੋਵੀਅਤ ਯੂਨੀਅਨ ਦੇ ਇਤਿ-ਹਾਸ ਵਿਚ ਕਾਮਰੇਡ ਲੈਨਿਨ ਤੇ ਉਨ੍ਹਾਂ ਦੇ ਖਾਨਦਾਨ ਦੇ ਰੋਲ ਤੇ ਰੋਸ਼ਨੀ ਪਾਈ।

ਨੇੜੇ ਹੀ ਲਾਲ ਚੌਕ ਵਿਚ ਮਈ ਦਿਨ ਦੀ ਪਰੇਡ ਹੁੰਦੀ ਹੈ। ਇਹ ਬੜਾ ਵਿਸ਼ਾਲ ਹੈ। ਇਥੇ ਟਰੈਫਿਕ ਏਨੀ ਜ਼ਿਆਦਾ ਹੁੰਦੀ ਹੈ ਕਿ ਕੋਈ ਵੀ ਸੜਕ ਕਰਾਸ ਨਹੀਂ ਕਰ ਸਕਦਾ। ਉਂਝ ਵੀ ਸਾਰੇ ਦਾ ਸਾਰਾ ਟਰੈਫਿਕ ਇਕ ਤਰਫਾ ਹੈ। ਲੋਕਾਂ ਲਈ ਇਕ ਪਾਸਿਉਂ ਦੂਜੇ ਪਾਸੇ ਜਾਣ ਲਈ ਅੰਡਰ-ਗਰਾਊਂਡ ਰਾਹ ਮੌਜੂਦ ਹਨ।

ਆਰਥਕ ਨੁਮਾਇਸ਼ ਦਾ ਪਕਾ ਪਵਿਲੀਅਨ ਵੀ ਮਾਸਕੋ ਵਿਚ ਮੌਜੂਦ ਹੈ। ਇਹ ਸੋਵੀਅਤ ਯੂਨੀਅਨ ਦੇ ਸੋਲਾਂ ਗਣਰਾਜਾਂ ਦਾ ਸਾਂਝਾ ਪਵਿਲੀਅਨ ਇਲਾਕੇ ਵਿਚ ਫੈਲੀ ਹੋਈ ਇਹ ਨੁਮਾ-ਇਸ਼ ਵਖ ਵਖ ਗਣਰਾਜਾਂ ਵਿਚ ਹੋ ਰਹੀ ਤਰੱਕੀ ਦੇ ਸੰਕੇਤ ਦੇਂਦੀ ਹੈ। ਜੇ ਸਾਰੀ ਦੀ ਸਾਰੀ ਨੁਮਾਇਸ਼ ਵੇਖਣੀ ਹੋਵੇ ਤਾਂ ਉਸ ਉਤੇ ਕਈ ਦਿਨ ਲਗ ਜਾਣ। ਸਨਅਤੀ ਚੀਜ਼ਾਂ ਦੀ ਨੁਮਾਇਸ਼ ਵਿਚ ਵਖ ਵਖ ਕਿਸਮ ਦੇ ਸਾਈਕਲ, ਸਕੂ-ਟਰ, ਕਾਰਾਂ ਤੇ ਉਥੇ ਤਿਆਰ ਕੀਤੀਆਂ ਜਾਂਦੀਆਂ ਹੋਰ ਚੀਜ਼ਾਂ ਪਈਆਂ ਸਨ।

ਰਾਕਟਾਂ ਦੇ ਮਾਡਲ, ਖੋਜ ਕਰਨ ਵਾਲੇ ਰਾਕਟ, ਸ਼ੁਰੂ ਤੋਂ ਲੈ ਕੇ ਅਜ ਤਕ ਜਿਹੜੇ ਰਾਕਟ ਛਡੇ ਗਏ ਹਨ ਉਹਨਾਂ ਸਭਨਾਂ ਦੇ ਮਾਡਲ, ਜਿਹੜੇ ਪੁਲਾੜ ਜਹਾਜ਼ਾਂ ਵਿਚ ਤਰੇਸ਼ਕੋਵਾ, ਗਗਾਰਿਨ ਤੇ ਦੂਜੇ ਪੁਲਾੜ ਯਾਤਰੀ ਉਡ ਚੁਕੇ ਸਨ, ਚੰਨ ਤੇ ਝੰਡਾ ਗਡਣ ਵਾਲੇ, ਚੰਨ ਦੀਆਂ ਤਸਵੀਰਾਂ ਉਤਾਰਨ ਵਾਲੇ ਹਰ ਪਰਕਾਰ ਦੇ ਰਾਕਟਾਂ ਦੇ ਨਮੂਨੇ ਉਥੇ ਪਏ ਸਨ। ਜਿਸ ਤਰ੍ਹਾਂ ਦੀ ਪੁਸ਼ਾਕ ਉਹਨਾਂ ਨੂੰ ਪੁਆਈ ਜਾਂਦੀ, ਕਿਵੇਂ ਉਹ ਸੌਂਦੇ, ਕਿਵੇਂ ਪੈਰਾਸ਼ੂਟ ਵਰਤਦੇ ਸਨ ਆਦਿ ਸਭ ਗਲਾਂ ਦੇ ਮਾਡਲ ਵੀ ਨੁਮਾਇਸ਼ ਵਿਚ ਮੌਜੂਦ ਸਨ। ਅਸੀਂ ਵੇਖਿਆ ਪੁਲਾੜ ਯਾਤਰੀ ਖੋਲ ਵਿਚ ਸੁਤਾ ਹੋਇਆ ਹੈ, ਉਸ ਦੇ ਕੋਲ ਪੈਰਾਸ਼ੂਟ ਹੈ ਅਤੇ ਉਸ ਦੇ ਸਾਹਮਣੇ ਕੈਮਰਾ ਹੈ।

ਨੁਮਾਇਸ਼ ਵਿਚ ਇਕ ਫੈਸ਼ਨ ਸ਼ੋਅ ਵੀ ਹੋ ਰਿਹਾ ਸੀ। ਜਿਸ ਵਿਚ ਅਜੇ ਦੇਰ ਸੀ। ਅਸੀਂ ਦੂਜੀ ਨੁਮਾਇਸ਼ ਵੇਖਣ ਗਏ। ਮੈਂ ਤਾਂ ਇਕ ਬਚੇ ਨਾਲ ਹੀ ਮੋਹਿਤ ਹੋ ਗਿਆ। ਇਹ ਬੱਚਾ ਬਚਿਆਂ ਦੇ ਖਿਡੌਣੇ ਵੇਖ ਰਿਹਾ ਸੀ। ਬਾਕੀ ਸਾਥੀ ਦੂਜੀ ਨੁਮਾਇਸ਼ ਵੇਖਣ ਚਲੇ ਗਏ। ਬੜੀ ਮੁਸ਼ਕਲ ਨਾਲ ਅਸੀਂ ਇਕ ਦੂਜੇ ਨੂੰ ਮਿਲੇ। ਅਤੇ ਇਹ ਸੀ ਸਰਕੂਲਰ ਸਿਨੇਮਾ। ਅਸੀਂ ਗੋਲ ਜਹੇ ਕਮਰੇ ਵਿਚ ਖਲੋ ਗਏ। ਹਨੇਰਾ ਹੋ ਗਿਆ ਤੇ ਫਿਲਮ ਚਲਣੀ ਸ਼ੁਰੂ ਹੋ ਗਈ। ਫਿਲਮ ਵਖ ਵਖ ਗਣਰਾਜਾਂ ਦੇ ਲੋਕਾਂ ਦੇ ਜੀਵਨ ਦੇ ਸਬੰਧ ਵਿਚ ਸੀ, ਜੋ ਹਸ ਰਹੇ ਸਨ, ਖੇਡ ਰਹੇ ਸਨ, ਫਿਲਮ ਵੇਖਣ ਲਈ ਕਦੇ ਅਸੀਂ ਸਾਹਮਣੇ ਵੇਖਦੇ, ਕਦੇ ਸਜੇ, ਕਦੇ ਖਬੇ ਅਤੇ ਕਦੇ ਪਿਛੇ ਹਲ! ਯਕਾ ਯਕ ਸਾਹਮਣੇ ਦੀ ਤਸਵੀਰ ਵਿਚ ਇਕ ਨੌਜੁਆਨ ਨੇ ਗੋਲਾ ਸੁਟਿਆ। ਅਸੀਂ ਮੁੜ ਕੇ ਵੇਖਿਆ ਤਾਂ ਦੂਜੇ ਪਾਸੇ ਦੂਜਾ ਨੌਜੁਆਨ ਉਸ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਕਿਹੋ ਜਿਹਾ [illegible]

ਮੇਰੀ ਸੋਵੀਅਤ ਯਾਤਰਾ–੨

# ਸਰਦੀ ਤਾਂ ਸੀ ਪਰ......

—ਵੀਰ ਭਾਨ ਭੁਲਰ—

ਹਾਂ, ਅਜੇ ਅਸੀਂ ਹਵਾਈ ਜਹਾਜ਼ ਤੋਂ ਉਤਰੇ ਹੀ ਸਾਂ ਕਿ ਸਰਦੀ ਨੇ ਕੁਝ ਆਪਣਾ ਚਮਤਕਾਰ ਵਿਖਾਇਆ। ਬਰਫ ਪੈ ਰਹੀ ਸੀ, ਪਰ ਜਦੋਂ ਅਸੀਂ ਅੱਡੇ ਦੇ ਅੰਦਰ ਗਏ ਤਾਂ ਸਰਦੀ ਨੇ ਮੂੰਹ ਮੋੜ ਲਿਆ ਤੇ ਫਿਰ ਜਦੋਂ ਬਾਹਰ ਨਿਕਲੇ ਤਾਂ ਉਸ ਨੇ ਆਪਣਾ ਜੌਹਰ ਵਿਖਾਇਆ। ਕਾਰ ਵਿਚ ਬੈਠੇ ਤਾਂ ਸਰਦੀ ਪਰ ਲਾ ਕੇ ਭਜ ਗਈ। ਪਰ ਜਿਧਰ ਨਜ਼ਰ ਦੁੜਾਉ ਬਰਫ ਧਰਤੀ ਦੇ ਸੀਨੇ ਤੇ ਇਸ ਤਰ੍ਹਾਂ ਪਈ ਜਾਪਦੀ ਸੀ ਜਿਵੇਂ ਕੁਦਰਤ ਨੇ ਸਫੈਦ ਦੁਧ ਧੋਤੀਆਂ ਮਖਮਲੀ ਚਾਦਰਾਂ ਵਿਛਾ ਰਖੀਆਂ ਹੋਣ, ਹਾਂ, ਜਿਨ੍ਹਾਂ ਸੜਕਾਂ ਤੇ ਸਾਡੀਆਂ ਕਾਰਾਂ ਦੌੜਦੀਆਂ ਚਲੀਆਂ ਜਾ ਰਹੀਆਂ ਸਨ ਉਥੇ ਬਰਫ ਦਾ ਨਾਂਅ ਨਿਸ਼ਾਨ ਨਹੀਂ ਸੀ ਲਭਦਾ। ਬਰਫ ਸਾਫ ਕਰਨ ਵਾਲੀਆਂ ਮਸ਼ੀਨਾਂ ਦੀ ਕਿਰਪਾ ਸੀ, ਗਰਦ ਗੁਬਾਰ ਦਾ ਤਾਂ ਨਾਂਅ ਹੀ ਨਹੀਂ ਸੀ।

ਕਾਰਾਂ ਮਾਸਕੋ ਸ਼ਹਿਰ ਵਲ ਭਜਦੀਆਂ ਜਾ ਰਹੀਆਂ ਸਨ। ਯਕਾ-ਯਕ ਸਾਥੀ ਯਾਕੂਨਿਨ ਨੇ ਸਾਡੇ ਨਾਲ ਹਿੰਦੀ ਵਿਚ ਗਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਸਾਨੂੰ ਬੜੀ ਖੁਸ਼ੀ ਹੋਈ। ਇਸ ਲਈ ਕਿ ਜਦੋਂ ਉਹ ਸੋਵੀਅਤ ਭੂਮੀ ਦੇ ਸਬੰਧ ਵਿਚ ਅਤੇ ਆਪਣੇ ਦੇਸ਼ ਦੇ ਸਬੰਧ ਵਿਚ ਇਹੋ ਜਹੀ ਜ਼ਬਾਨ ਵਿਚ ਜਿਹੜੀ ਅਸੀਂ ਜਾਣਦੇ ਹਾਂ ਦਸਣਗੀ ਤਾਂ ਸਾਨੂੰ ਕਾਫੀ ਲੁਤਫ ਆਵੇਗਾ। ਇਹ ਗਲ ਵਰਨਣ ਯੋਗ ਹੈ ਕਿ ਇਹ ਸਾਥੀ ਭਾਰਤ ਆ ਚੁਕੇ ਸਨ ਅਤੇ ਰਹਿ ਚੁਕੇ ਸਨ। ਉਹ ਹੁਣ ਵਿਦੇਸ਼ ਕੌਮਾਂਤਰੀ ਵਿਭਾਗ ਵਿਚ ਕੰਮ ਕਰਦੇ ਹਨ। ਅਤੇ ਹੋਰ ਦੂਜੇ ਬਾਹਰਲੇ ਦੇਸ਼ਾਂ ਬਾਰੇ ਚੋਖੀ ਵਾਕਫੀਅਤ ਰਖਦੇ ਹਨ।

ਉਹ ਕਾਰ ਵਿਚ ਹੀ ਦਸ ਰਹੇ ਸਨ—ਇਹ ਗੋਰਕੀ ਸਟਰੀਟ ਹੈ, ਬਾਹਰ ਗੋਰਕੀ ਦਾ ਬੁਤ ਆਪਣੀਆਂ ਸ਼ਾਨਾਂ ਵਿਖਾ ਰਹੀ ਸੀ।

ਇਹ ਮਾਸਕੋ ਦਰਿਆ ਹੈ। ਉਹ ਵੇਖੋ ਲੋਕ ਮੱਛੀਆਂ ਫੜ ਰਹੇ ਹਨ। ਸਰਦੀ ਕੋਈ ਬਹੁਤੀ ਨਹੀਂ। ਛੁਟੀ ਦੇ ਦਿਨ ਲੋਕ ਸ਼ੌਕ ਪੂਰਾ ਕਰਦੇ ਹਨ। ਮਾਸਕੋ ਦਰਿਆ ਦਾ ਪਾਣੀ ਅਜੇ ਜੰਮਿਆ ਨਹੀਂ ਸੀ।

ਅਸੀਂ ਪੁਛਿਆ ਮੱਛੀਆਂ ਫੜਨ ਦਾ ਲਸੰਸ ਲੈਣਾ ਪੈਂਦਾ ਹੋਵੇਗਾ। ਜੁਆਬ ਮਿਲਿਆ ਕੋਈ ਲਸੰਸ ਨਹੀਂ ਹੈ। ਲੋਕ ਸ਼ੌਕ ਫਰਮਾਂਦੇ ਹਨ। ਮੱਛੀਆਂ ਫੜਦੇ ਹਨ, ਖਾਂਦੇ ਹਨ, ਮੌਜਾਂ ਉਡਾਂਦੇ ਹਨ। "ਇਹ ਵੀ ਖੂਬ........"

ਸਾਡੀ ਗਲ ਟੋਕਦੇ ਹੋਏ ਸਾਥੀ ਨੇ ਕਿਹਾ—"ਜੇ ਗਰਮੀਆਂ ਵਿਚ ਆਉਂਦੇ ਤਾਂ ਹੋਰ ਵੀ ਲੁਤਫ ਉਠਦੇ ਅਤੇ ਚਾਰੇ ਪਾਸੇ ਹਰਿ-ਆਵਲ ਹੀ ਪਾਉਂਦੇ।"

ਅਸੀਂ ਕਿਹਾ "ਜੋ ਗਰਮੀਆਂ ਵਿਚ ਆਉਂਦੇ ਤਾਂ ਜੋ ਨਜ਼ਾਰੇ ਅੱਜ ਵੇਖ ਰਹੇ ਹਾਂ, ਉਹ ਗਰਮੀਆਂ ਵਿਚ ਥੋੜ੍ਹੀ ਸਨ ਮਿਲਦੇ।" ਨਾਲੇ ਜਦੋਂ ਤੁਸੀਂ ਬੁਲਾਇਆ ਅਸੀਂ ਆ ਗਏ। "ਮਜ਼ਾ ਤੋਂ ਉਸੀ ਮੇਂ ਹੈ ਜੋ ਮਜ਼ਾਜੇ ਯਾਰ ਮੇਂ ਆਏ।"

ਇਹ ਠੀਕ ਹੈ ਕਿ ਬਰਫਬਾਰੀ ਕਾਰਨ ਅੰਦਰ ਗਰੀਨ ਦਰਖਤਾਂ ਤੋਂ ਬਿਨਾ ਸਾਰੇ ਦਰਖਤਾਂ ਦੇ ਪਤੇ ਸੁਕ ਗਏ ਸਨ ਪਰ ਫਿਰ ਵੀ ਇਹ ਅਨੁਮਾਨ ਲਗ ਹੀ ਸਕਦਾ ਸੀ ਕਿ ਬਸੰਤ-ਰੁਤ ਕੀ ਨਜ਼ਾਰੇ ਬਖਸ਼ਦੀ ਹੋਵੇਗੀ।

ਰਾਹ ਵਿਚ ਅਸੀਂ ਕੁਝ ਫਲੈਟਾਂ ਉਤੇ ਲਾਲ ਝੰਡੇ ਵੇਖੇ। ਅਸੀਂ ਪੁਛਿਆ ਕਿ "ਇਹ ਲਾਲ ਝੰਡੇ ਕਿਉਂ ਲਾਏ ਗਏ ਹਨ।"

ਸਾਥੀ ਨੇ ਉਤਰ ਦਿਤਾ: "ਪੰਜ ਦਸੰਬਰ ਨੂੰ ਦੇਸ਼ ਭਰ ਵਿਚ ਵਿਧਾਨ ਦਾ ਦਿਨ (ਜਿਹੜਾ ਵਿਧਾਨ 1936 ਵਿਚ ਪਾਸ ਕੀਤਾ ਗਿਆ ਸੀ) ਮਨਾਇਆ ਜਾਂਦਾ ਹੈ। ਇਸ ਦਿਨ ਸਾਰੇ ਦੇਸ਼ ਵਿਚ ਛੁਟੀ ਹੁੰਦੀ ਹੈ। ਇਸ ਵਾਰ ਤਿੰਨ ਛੁਟੀਆਂ ਇਕੱਠੀਆਂ ਆਈਆਂ ਹਨ। ਖਾਣ-ਪੀਣ ਦੀਆਂ ਚੀਜ਼ਾਂ ਦੇ ਕੇਂਦਰਾਂ ਤੋਂ ਬਿਨਾ ਸਭ ਕਾਰੋਬਾਰ, ਫੈਕਟਰੀਆਂ ਤੇ ਦਫਤਰ ਬੰਦ ਰਹਿਣਗੇ।"

ਉਸ ਤੋਂ ਪਿਛੋਂ ਅਸੀਂ ਵੇਖਿਆ ਮਾਸਕੋ ਲਾਲੋ ਲਾਲ ਹੋ ਗਿਆ, ਰਾਤ ਨੂੰ ਤਾਂ ਮਾਸਕੋ ਸਤਾਰਿਆਂ ਦਾ ਸ਼ਹਿਰ ਨਜ਼ਰ ਆਉਂਦਾ ਹੈ। (ਚਲਦਾ)

---

# ...ਬੋਲਦੇ ਹਨ

ਅੰਕੜੇ ਪਰਕਾਸ਼ਤ ਕੀਤੇ ਜਾਂਦੇ ਹਨ ਉਹ ਕਾਂਗਰਸੀ ਹਾਕਮਾਂ ਨੂੰ ਤਾਂ ਸੰਤੁਸ਼ਟ ਕਰ ਸਕਦੇ ਹਨ ਪਰ ਨੈਸ਼ਨਲ ਸੈਂਪਲ ਸਰਵੇ ਦੀ ਰੀਪੋਰਟ ਜਾਂ ਇਸ ਤਰ੍ਹਾਂ ਦੇ ਹੋਰ ਅੰਕੜੇ ਇਸ ਦਾ ਭਾਂਡਾ ਭੰਨ ਦੇਂਦੇ ਹਨ।

ਕਾਂਗਰਸੀ ਹਾਕਮ ਦੇਸ਼ ਦੀ ਤਰੱਕੀ ਤੇ ਲੋਕਾਂ ਦੀ ਖੁਸ਼ਹਾਲੀ ਦੇ ਜਿਨੇ ਮਰਜ਼ੀ ਦਾਅਵੇ ਕਰਨ ਪਰ ਇਸ ਸਰਵੇ ਦੀ ਰੀਪੋਰਟ ਵਿਚ ਦਸਿਆ ਗਿਆ ਹੈ ਕਿ ਅਜਿਹੇ ਲੋਕਾਂ ਦੀ ਗਿਣਤੀ ਜਿਨਾਂ ਦਾ ਰੋਜ਼ਾਨਾ ਖਰਚ ਇਕ ਰੁਪਏ ਤੋਂ ਵੀ ਘਟ ਹੈ 1952 ਤੋਂ ਪਿਛੋਂ ਕੋਈ ਕਮੀ ਨਹੀਂ ਕੀਤੀ ਗਈ ਅਤੇ ਇਹਨਾਂ ਦਾ ਤਨਾਸਬ ਵਸੋਂ ਵਿਚ ਲਗ ਭਗ ਅਸੀ ਫੀ ਸਦੀ ਹੈ।

ਭਾਰਤ ਵਿਚ ਗਰੀਬੀ ਦੀ ਇਹ ਤਸਵੀਰ 1963-64 ਦੀ ਹੈ ਜਦੋਂ ਕਿ ਕਾਂਗਰਸੀ ਹਾਕਮਾਂ ਦੀ "ਵਿਉਂਤਬੰਦੀ" ਭਾਵੇਂ ਉਹ ਕਿਹੋ ਜਹੀ ਸੀ ਦਾ ਸਿਲ-ਸਲਾ ਜਾਰੀ ਸੀ। ਪਰ ਹੁਣ ਜਦੋਂ ਕਿ ਵਿਉਂਤਬੰਦੀ ਨੂੰ ਪੂਰੀ ਤਰ੍ਹਾਂ ਤਲਾਂਜਲੀ ਦੇ ਦਿਤੀ ਗਈ ਹੈ, ਸਥਤੀ ਕੀ ਹੋਵੇਗੀ, ਇਸ ਦਾ ਅਨੁਮਾਨ ਲਾਉਣਾ ਕਠਨ ਨਹੀਂ ਕੀ ਅਜੇ ਵੀ ਕਾਂਗਰਸੀ ਹਾਕਮ ਲੋਕਾਂ ਦੀ ਤਰਕੀ ਤੇ ਖੁਸ਼ਹਾਲ ਦੇ ਦਾਅਵੇ ਕਰਦੇ ਰਹਿਣਗੇ?

ਆਰਥਕ ਮੰਦਹਾਲੀ ਤੋਂ ਨਿਜਾਤ

—ਜਗਜੀਤ ਸਿੰਘ ਆਨੰਦ

ਮੇਰੀ ਸੋਵੀਅਤ ਯਾਤਰਾ—੩

# ਜਦੋਂ ਅਸੀਂ ਜੁਝਾਰ ਇਨਕਲਾਬੀਆਂ ਨੂੰ ਮਿਲੇ

—ਵੀਰ ਭਾਨ ਭੁਲਰ—

ਆਖਰ ਸਾਡੀਆਂ ਕਾਰਾਂ ਇਕ ਵਡੀ ਇਮਾਰਤ ਦੇ ਅਗੇ ਆ ਕੇ ਰੁਕੀਆਂ ਵਡੇ ਫਾਟਕ ਦੁਆਰਾ ਅਸੀਂ ਅੰਦਰ ਦਾਖਲ ਹੋ ਗਏ। 6 ਮੰਜ਼ਲ ਬਿਲਡਿੰਗ 600 ਕਮਰੇ । ਹਰ ਕਮਰੇ ਵਿਚ ਬਿਸਤਰਾ, ਮੇਜ਼ ਕੁਰਸੀ, ਟੈਲੀਫੋਨ, ਰੇਡੀਉ, ਹਰ ਦਾਲਾਨ ਵਿਚ ਟੈਲੀਵੀਜ਼ਨ ਸੈਟ, ਲਾਇਬਰੇਰੀ, ਖੇਡਣ ਕੁਦਣ ਦਾ ਸਾਮਾਨ ਤੇ ਸਿਨੇਮਾ ਹਾਲ; ਸਟਾਲ; ਸ਼ੇਵਿੰਗ ਸ਼ਾਪ, ਕਪੜੇ ਸਾਫ਼ ਕਰਨ ਦਾ ਪ੍ਰਬੰਧ, ਲੈਟਰ ਬਕਸ ਤੇ ਡਿਸਪੈਂਸਰੀ, ਡਾਕਟਰ । ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਕਿੰਨਾ ਸ਼ਾਨਦਾਰ ਸੀ ਇਹ ਹੋਟਲ ।

ਕਮਰੇ ਅਲਾਟ ਹੋ ਗਏ । ਸਾਡਾ ਸਾਮਾਨ ਵੀ ਪਹੁੰਚ ਗਿਆ । ਅਸੀਂ ਸਾਮਾਨ ਰਖ ਕੇ ਇਕ ਨਿਕੇ ਜਿਹੇ ਕਮਰੇ ਵਿਚ ਖੜੇ ਹੋ ਗਏ, ਬਟਨ ਦਬਾਇਆ ਹੁਣ ਅਸੀਂ ਤੀਜੀ ਮੰਜ਼ਲ ਤੇ ਸੀ; ਇਹ ਸੀ ਲਿਫ਼ਟ, ਜੋ ਕੁਝ ਸੈਕੰਡਾਂ ਵਿਚ ਹੇਠਾਂ ਤੋਂ ਉਤੇ ਅਤੇ ਉਤੇ ਤੋਂ ਹੇਠਾਂ ਪਹੁੰਚਾਂਦੀ ਹੈ।

ਅਸੀਂ ਆਪਣੇ ਆਪਣੇ ਕਮਰੇ ਵਿਚ ਸਾਮਾਨ ਰਖਿਆ । ਮੇਜ਼ ਤੇ ਇਕ ਹਦਾਇਤ ਨਾਮਾ ਮਿਲਿਆ । ਇਸ ਤੇ ਹੋਰ ਗਲਾਂ ਤੋਂ ਉਪਰੰਤ ਸਾਡੇ ਕਮਰੇ ਦਾ ਟੈਲੀਫੋਨ ਨੰਬਰ ਵੀ ਲਿਖਿਆ ਹੋਇਆ ਸੀ। ਕਪੜੇ ਸਾਫ ਕਰਵਾਉਣੇ ਹੋਣ, ਜੁਤੀ ਮੁਰੰਮਤ ਕਰਵਾਉਣੀ ਹੋਵੇ, ਸ਼ੇਵ ਬਣਵਾਉਣੀ ਹੋਵੇ ਜਾਂ ਕਿਸੇ ਹੋਰ ਚੀਜ਼ ਦੀ ਲੋੜ ਹੋਵੇ, ਕੰਧ ਵਿਚ ਲਗੀ ਘੰਟੀ ਵਜਾਓ ਵੇਟਰ ਆ ਜਾਵੇਗੀ—ਉਸ ਦੀ ਸਹਾਇਤਾ ਨਾਲ ਹਰ ਕੰਮ ਕਰਵਾ ਸਕਦੇ ਹੋ।

ਮੇਜ਼ ਦੀ ਦਰਾਜ਼ ਖੋਲ੍ਹੀ ਤਾਂ ਉਸ ਵਿਚ ਕਾਰਡ, ਲਫਾਫੇ, ਸਫੇਦ ਕਾਗਜ਼, ਫਾਈਲ, ਨੋਟ ਬੁਕ, ਪਿੰਸਲ ਆਦਿ ਚੀਜ਼ਾਂ ਪਈਆਂ ਸਨ । ਮੇਜ਼ ਤੇ ਮਿਨਰਲ ਵਾਟਰ, ਲੈਮਨ ਦੀਆਂ ਬੋਤਲਾਂ, ਚਾਬੀ, ਪਾਣੀ ਦਾ ਜਗ, ਦੋ ਗਲਾਸ ਇਕ ਤਸ਼ਤਰੀ ਵਿਚ ਪਏ ਸਨ । ਫਰਸ਼ ਤੇ ਗਲੀਚਾ ਵਿਛਿਆ ਸੀ । ਗਦੇਲੇ ਦਾਰ ਬਿਸਤਰਾ ਮਿਲ ਗਿਆ । ਮਖਮਲੀ ਪਰਦਾ ਚੁਕ ਕੇ ਬਾਹਰ ਵੇਖਿਆ ਤਾਂ ਸਾਹਮਣੇ ਸੜਕ ਦੇ ਕੰਢੇ ਬਰੇ ਬਰਫ ਤੇ ਚਲਦੇ ਖੇਲ-ਕੁਦ ਰਹੇ ਸਨ ।

ਤਿੰਨ ਛੁਟੀਆਂ ਸਨ, ਅਗਲਾ ਪਰੋਗਰਾਮ ਛੁਟੀਆਂ ਤੋਂ ਪਿਛੋਂ ਹੀ ਬਣਨਾ ਸੀ। ਖਾਣਾ ਖਾਣ ਤੋਂ ਪਿਛੋਂ ਅਸੀਂ ਸਾਰੇ ਸਿਵਾਏ ਆਪਣੇ ਭਾਰਤੀ ਰੰਗ ਦੇ ਅਸੀਂ ਸੋਵੀਅਤ ਸ਼ਹਿਰੀਆਂ ਵਰਗੇ ਬਣ ਗਏ। ਬੂਟ ਤੇ ਸੂਟ ਅਤੇ ਗਰਮ ਕੋਟ ਤੇ ਗਰਮ ਟੋਪ ਪਾ ਲਏ । ਸਾਥੀ ਸਿਮਰਨੋਵ ਨੇ ਕਿਹਾ : "ਹੁਣ ਤਾਂ ਤੁਸਾਨੂੰ ਗਰਮ ਕਰ ਦਿਤਾ ਹੈ, ਹੁਣ ਸਰਦੀ ਕਿਥ ਰਹੇਗੀ ।"

ਫਿਰ ਜਿਥੇ ਵਡੇ ਵਡੇ ਜੁਝਾਰ ਇਨਕਲਾਬੀਆਂ ਨਾਲ ਗਲਬਾਤ ਹੁੰਦੀ ਹੈ ਉਥੇ ਸਰਦੀ ਕਿਥੇ ਰਹਿੰਦੀ ਹੈ ?

ਇਸ ਇਕ ਹੀ ਇਮਾਰਤ ਵਿਚ ਵਿਸ਼ਾਲ ਹੋਟਲ ਦੀ ਇਕ ਆਪਣੀ ਹੀ ਦੁਨੀਆਂ ਸੀ । ਅਸੀਂ ਭਾਰਤੀ ਸਾਂ । ਇਥੇ ਵਕਤ-ਬੇਵਕਤ ਸਾਡੀ ਹਰ ਲੋੜ ਪੂਰੀ ਕੀਤੀ ਗਈ। ਕਮਰੇ ਦੀ ਵੇਟਰ ਤੋਂ ਖਾਣਾ ਖੁਆਣ [illegible]ਟਰਾਂ ਤਕ ਅਤੇ ਮੈਨੇਜਰ ਦੀ [illegible]ਤਾਰੀਫ ਕੀਤੀ ਜਾਵੇ ਘੱਟ ਹੈ। [illegible] ਦੇ ਬਾਵਜੂਦ ਬੋਲੀ ਸਮਝਣ ਵਿਚ ਮੁਸ਼ਕਲ ਆਉਂਦੀ ਸੀ। ਪਰ ਇਸ਼[illegible]ਆਂ ਇਸ਼ਾਰਿਆਂ ਵਿਚ ਇਕ ਦੂਜੇ ਦੀ ਗਲ ਸਮਝ ਆ ਜਾਂਦੀ ਸੀ, ਜਾਂ ਇੰਟਰ ਪਰੇਟਰ ਦੀ ਮਦਦ ਨਾਲ ਕੰਮ ਚਲ ਜਾਂਦਾ ।

ਸਾਡੇ ਡੈਲੀਗੇਸ਼ਨ ਨੇ ਮਾਸਕੋ, ਲੈਨਿਨਗਰਾਡ, ਵਾਲਗਾਗਰਾਡ, ਉਸ ਦੇ ਨੇੜੇ ਚਿਰਚਕ ਜੋ ਕਿ ਬਹੁਤ ਵਡਾ ਸਨਅਤੀ ਕੇਂਦਰ ਸੀ, ਤਾਜਿਕਸਤਾਨ ਵਿਚ ਦੋ ਸ਼ੈਹਿ, ਅਤੇ ਇਸ ਤੋਂ ਉਪਰੰਤ ਹਿਸਾਰ ਵੈਲੀ ਤੇ ਪਹਾੜਾਂ ਵਿਚ ਨੋਰਖ ਦਾ ਦੌਰਾ ਕੀਤਾ । ਨੋਰਖ ਵਿਚ ਇਕ ਬਹੁਤ ਵਡਾ ਡੈਮ ਬਣਾਇਆ ਜਾ ਰਿਹਾ ਹੈ ਜੋ ਕੇਂਦਰੀ ਏਸ਼ੀਆ ਤੋਂ ਉਪਰੰਤ ਅਫਗਾਨਿਸਤਾਨ ਨੂੰ ਵੀ ਬਿਜਲੀ ਮੁਹ-ਈਆ ਕਰੇਗਾ ਅਤੇ ਖੇਤਾਂ ਦੀ ਸਿੰਜਾਈ ਲਈ ਪਾਣੀ ਪਰਦਾਨ ਕਰੇਗਾ ।

---

## ਅਮਰੀਕੀ ਇਜਾਰੇਦਾਰਾਂ ਦਾ ਜਾਪਾਨ ਉਤੇ ਦਬਾਅ

# ਬਰਾਮਦਾਂ ਉਤੇ ਪਾਬੰਦੀਆਂ ਖਤਮ ਕਰਨ ਦੀ ਮੰਗ

ਅਮਰੀਕਾ ਨੇ ਨਵੇਂ ਸਾਲ ਦੇ ਆਰੰਭ ਉਤੇ ਅਮਰੀਕੀ ਬਰਾਮਦਾਂ ਲਈ ਜਾਪਾਨੀ ਆਰਥਕਤਾ ਦੇ ਬੂਹਿਆਂ ਨੂੰ ਹੋਰ ਵਧੇਰੇ ਚੌੜਾ ਕਰਨ ਦੀ ਇਕ ਤਾਜ਼ਾ ਕੋਸ਼ਸ਼ ਕੀਤੀ ਹੈ । ਜਾਪਾਨ ਦੀ ਬਾਹਰਲੀ ਤਜਾਰਤ ਦੀਆਂ ਪਾਬੰਦੀਆਂ ਨੂੰ ਨਰਮ ਬਨਾਉਣ ਦੇ ਸੁਆਲ ਬਾਰੇ ਟੋਕੀਉ ਵਿਚ ਦੋ ਦਿਨ ਗਲਬਾਤ ਕੀਤੀ ਗਈ। ਸਚ ਤਾਂ ਇਹ ਹੈ ਕਿ ਅਮਰੀਕਾ ਜਾਪਾਨ ਵਿਚ ਅਮ-ਰੀਕੀ ਸਾਮਾਨ ਤੇ ਪੂੰਜੀ ਦੇ ਰਾਹ ਵਿਚ ਅਖੀਰੀ ਰੁਕਾਵਟਾਂ ਨੂੰ ਉਡਾਉਣਾ ਚਾਹੁੰਦਾ ਹੈ।

ਅਮਰੀਕ ਪ੍ਰਤੀਨਿਧ ਮੰਡਲ ਨੇ ਇਹ ਤਜਵੀਜ਼ ਪੇਸ਼ ਕੀਤੀ ਕਿ ਜਾਪਾਨ ਵਿਚ ਵਖ ਵਖ ਜ਼ਰਾਇਤੀ ਉਪਜਾਂ, ਚਮ[illegible] ਦੇ ਸਾਮਾਨ, ਕੰਪੂਟਿੰਗ ਮਸ਼ੀਨਾਂ ਅਤੇ ਸ[illegible]-ਸਾਮਾਨ, ਵਡੇ ਆਕਾਰ ਵਾਲੇ ਜੈਨਰੇਟਰ, ਹਵਾਈ ਜਹਾਜ਼ ਤੇ ਰਾਡਾਰ ਬਚਾਉਵਾਦੀ ਨੀਤੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

### ਦਬਾਅ

ਜਾਪਾਨ ਵਿਚ ਕੁਝ ਰਿਆਇਤਾਂ ਪਰਾਪਤ ਕਰਨ ਲਈ ਅਮਰੀਕਨਾਂ ਨੇ

**ਅਮਰੀਕਨਾਂ ਨੂੰ ਖਾਲੀ ਹੱਥ ਪਰਤਣਾ ਪਿਆ**

ਕਿਉਂਕਿ ਜੋ ਅਮਰੀਕਾ ਦੀ ਰਾਏ ਵਿਚ ਇਹ ਪ੍ਰਗੀਸ਼ਨ ਅਮਰੀਕੀ ਡਾਲਰ ਅਤੇ ਪਰਮਾਣੂ ਛਤਰੀ ਦੇ ਅਧੀਨ ਇਕ ਵਡੀ ਆਰਥਕ ਤਾਕਤ ਦੀ ਹੈਸੀਅਤ ਵਜੋਂ ਜਾਪਾਨ [illegible] ਰੁਤਬੇ ਨਾਲ ਮੇਲ ਨਹੀਂ ਖਾਂਦੀ।" ਇਹਨਾਂ ਹਲਕਿਆਂ ਅਨੁਸਾਰ "ਪਾਬੰਦੀਆਂ ਦੀ ਕਾਇਮੀ ਅਮਰੀਕਾ ਅਤੇ ਜਾਪਾਨ ਵਿਚਾਲੇ ਵਧੇਰੇ ਆਰਥਕ ਸਬੰਧਾਂ ਲਈ ਲਾਹੇਵੰਦ ਸਿੱਧ ਨਹੀਂ ਹੋਵੇਗੀ ।"

ਜਾਪਾਨੀ ਅਖਬਾਰਾਂ ਨੇ ਬੜੇ ਸਭਿਅਕ ਤੇ ਸਾਊ ਢੰਗ ਨਾਲ ਇਸ ਦਬਾਅ ਦੀ ਨਿਖੇਧੀ ਕੀਤੀ। ਉਦਾਹਰਣ ਵਜੋਂ ਮੈਨੀਚੀ ਨੇ ਇਸ ਗਲਬਾਤ ਵਿਚ ਅਮਰੀਕੀ ਦ੍ਰਿਸ਼ਟੀਕੋਣ ਨੂੰ ਜਾਪਾਨ ਦੀ ਤਜਾਰਤੀ ਨੀਤੀ ਦੇ ਵਿਰੁਧ "ਸੰਪੂਰਨ ਜੰਗ ਦਾ ਐਲਾਨ" ਕਰਾਰ ਦਿਤਾ। [illegible]

ਮੇਰੀ ਸੋਵੀਅਤ ਯਾਤਰਾ—੬

# ਹਾਂ ਕਹਿਣ ਦੀ ਦੇਰ ਸੀ ਕਿ ਉਸ ਨੇ......

—ਵੀਰ ਭਾਨ ਭੁਲਰ—

ਲੜਾਈ ਵਿਰੁਧ ਕਿੰਨੀ ਘ੍ਰਿਣਾ ਹੈ ਅਤੇ ਲੜਾਈਆਂ ਪੈਦਾ ਕਰਨ ਵਾਲੇ ਸਾਮਰਾਜ ਵਿਰੁਧ ਕਿੰਨਾ ਗੁਸਾ ਹੈ, ਉਹ ਬਿਆਨ ਤੋਂ ਬਾਹਰ ਹੈ।

ਅਸੀਂ ਜੋ ਕੁਝ ਨੁਮਾਇਸ਼ਾਂ ਵਿਚ ਤਕਿਆ ਹੈ ਅਤੇ ਸੋਵੀਅਤ ਯੂਨੀਅਨ ਵਿਚ ਤਾਰੀਖੀ ਘਟਨਾਵਾਂ ਬਾਰੇ ਜਿਹੜੀਆਂ ਫਿਲਮਾਂ ਤਕੀਆਂ ਹਨ ਉਹਨਾਂ ਤੋਂ ਆਦਮੀ ਇਹ ਪਰਭਾਵ ਲਏ ਬਿਨਾ ਨਹੀਂ ਰਹਿ ਸਕਦਾ ਕਿ ਸੋਵੀਅਤ ਲੋਕ ਹਮਲੇ ਤੇ ਜੰਗ ਪ੍ਰਤੀ ਡੂੰਘੀ ਘ੍ਰਿਣਾ ਰਖਦੇ ਹਨ——ਰੂਸ ਉਤੇ ਨੀਪੋਲੀਅਨ ਦਾ ਹਮਲਾ, ਜ਼ਾਰਸ਼ਾਹੀ ਤੇ ਜਾਗੀਰੂ ਪਰਬੰਧ ਦੇ ਅਤਿਆਚਾਰ, ਮੁਲਾਣਿਆਂ ਤੇ ਪੋਪਾਂ ਦੀਆਂ ਕਰਤੂਤਾਂ, ਇਨਕਲਾਬ ਤੋਂ ਪਹਿਲਾਂ ਦੇ ਲੋਕਾਂ ਦੀ ਹਾਲਤ, ਆਜ਼ਾਦੀ ਦੀ ਜਦੋ-ਜਹਿਦ ਵਿਚ ਸ਼ਹੀਦ ਹੋਣ ਵਾਲਿਆਂ ਦੀਆਂ ਬਾਤਾਂ, ਨਾਜ਼ੀ ਦਰਿੰਦਿਆਂ ਦੇ ਹਮਲੇ ਤੇ ਉਹਨਾਂ ਦਾ ਡਟਵਾਂ ਵਿਰੋਧ, ਵੋਲਗੋਗਰਾਦ (ਸਤਾਲਿਨ ਗਰਾਡ) ਦੀ ਤਬਾਹੀ ਤੇ ਨਵ-ਨਿਰਮਾਣ ਅਤੇ ਲੋਕਾਂ ਦੀਆਂ ਕੁਰਬਾਨੀਆਂ ਵਿਸ਼ਾ ਹੈ ਇਹਨਾਂ ਨੁਮਾਇਸ਼ਾਂ ਅਤੇ ਫਿਲਮਾਂ ਦਾ।

ਕੁਰਬਾਨ ਹੋਣ ਵਾਲਿਆਂ ਦੇ ਕਬਰਸਤਾਨ ਤੇ ਸ਼ਹੀਦਾਂ ਦੀਆਂ ਜੋਤਾਂ — ਭਾਵੇਂ ਇਹ ਮਾਸਕੋ ਵਿਚ ਹਨ ਜਾਂ ਮਾਸਕੋ ਤੋਂ ਬਾਹਰ——ਤੇ ਯਾਤਰਾ ਕਰਨ ਵਾਲਿਆਂ ਦੀਆਂ ਲਾਈਨਾਂ ਕਦੇ ਨਹੀਂ ਟੁਟਦੀਆਂ। ਭਾਵੇਂ ਕਰੈਮਲਿਨ ਵਿਚ ਕਾਮਰੇਡ ਲੈਨਿਨ ਸਦੀਵੀ ਨੀਂਦਰ ਸੌਂ ਰਹੇ ਹਨ ਪਰ ਉਹ ਸਦਾ ਲੋਕਾਂ ਦੇ ਨਾਲ ਹਨ।

ਲੈਨਿਨਗਰਾਡ ਵਿਚ ਬਹੁਤ ਵਡਾ ਗਰੇਵ ਯਾਰਡ (ਕਬਰਸਤਾਨ) ਜਿਥੇ ... ਲੋਕ ਦਫਨਾਏ ਗਏ ਸਨ, ...ਗਰਾਡ ਦਾ ... ਫਾਈਟਰਜ਼ ... ਦੀ ਜੋਤ)——ਜਿਥੇ ... ਸਬੰਧੀ ਕੋਮਸੋਮਲ ਦੇ ...ਰੇ ਨੌ ਵਜੇ ਤੋਂ ਰਾਤ ਦੇ ਨੌ ਵਜੇ ਤਕ ਪਹਿਰਾ ਦੇਂਦੇ ਹਨ), ਅਰਜਨ ਕੀ ਜੋ ਫੈਕਟਰੀ ਵਿਚ ਫੈਕਟਰੀ ਦੇ ਤਿੰਨ ਸੌ ਮਜ਼ਦੂਰਾਂ ਦੀ ਯਾਦ ਵਿਚ ਉਸਰਿਆ ਮਜ਼ਾਰ (ਇਹ ਨੌਜੁਆਨ ਨਾਜ਼ੀਆਂ ਨਾਲ ਲੜਦੇ ਲੜਦੇ ਸ਼ਹੀਦ ਹੋ ਗਏ ਸਨ) ਆਦਿ ਸਥਾਨ ਵੇਖਕੇ ਹਰ ਆਦਮੀ ਹਤਿਆਰਿਆਂ ਵਿਰੁਧ ਗੁਸੇ ਨਾਲ ਨਾਲ ਲਾਲ ਪੀਲਾ ਹੋ ਜਾਂਦਾ ਹੈ। ਸੋਵੀਅਤ ਯੂਨੀਅਨ ਦੇ ਬਹਾਦਰ ਮਜ਼ਦੂਰ ਅਤੇ ਦੂਜੇ ਲੋਕ, ਕਿਵੇਂ ਭੁਲ ਸਕਦੇ ਹਨ ਆਪਣੇ ਇਹਨਾਂ ਸ਼ਹੀਦਾਂ ਨੂੰ ਜਿਨ੍ਹਾਂ ਦੀ ਕੁਰਬਾਨੀ ਸਦਕਾ ਅੱਜ ਉਹ ਸਿਰ ਉਚਾ ਕਰ ਕੇ ਚਲ ਰਹੇ ਹਨ। ਕੋਈ ਕਿਸੇ ਨੂੰ ਲੁਟਨ ਵਾਲਾ ਨਹੀਂ ਹੈ, ਆਪਣੇ ਕੰਮ ਅਤੇ ਅਕਲ ਅਨੁਸਾਰ ਤਨਖਾਹ ਪਾਉਂਦਾ ਹੈ, ਸਾਡੇ ਪੰਜਾਬੀ ਭਰਾਵਾਂ ਨੇ ਸਾਨੂੰ ਦਸਿਆ ਕਿ ਵਡੇ ਤੋਂ ਵਡਾ ਆਦਮੀ ਵੀ ਡਿਸਪਲਿਨ ਦੀ ਉਲੰਘਣਾ ਨਹੀਂ ਕਰ ਸਕਦਾ।

ਸੋਸ਼ਲ ਸਕਿਉਰਟੀ ਤੇ ਬਰਾਬਰੀ ਦੇ ਕਾਨੂੰਨ ਦਾ ਬੋਲ-ਬਾਲਾ ਹੈ। ਹਰ ਕੋਈ ਦੇਸ਼ ਦਾ ਮਤਵਾਲਾ ਹੈ।

ਇਹ ਗਲ ਵਰਨਣ ਯੋਗ ਹੈ ਕਿ ਸੋਵੀਅਤ ਯੂਨੀਅਨ ਦੇ ਲੋਕਾਂ ਨੇ ਨਾ ਕੇਵਲ ਭਾਰਤ ਨੂੰ ਸਗੋਂ ਸਾਰੀ ਦੁਨੀਆਂ ਨੂੰ ਨਾਜ਼ੀ ਦਰਿੰਦਿਆਂ ਦੇ ਚੁੰਗਲ ਤੋਂ ਬਚਾਇਆ। ਸਤਾਲਿਨ ਗਰਾਡ (ਵਾਲਗੋਗਰਾਦ) ਵਿਚ ਚਪੇ ਚਪੇ ਲਈ ਲੜਾਈ ਹੋਈ। ਮਕਾਨਾਂ ਤੇ ਦੁਕਾਨਾਂ ਦੀਆਂ ਪੌੜੀਆਂ, ਗਲੀਆਂ ਤੇ ਬਾਜ਼ਾਰਾਂ ਤਕ ਵਿਚ ਨਾਜ਼ੀਆਂ ਨਾਲ ਨਿਪਟਿਆ ਗਿਆ ਤੇ ਉਹਨਾਂ ਨੂੰ ਦਰਿਆ ਪਾਰ ਨਾ ਕਰਨ ਦਿਤਾ ਗਿਆ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਅਜ ਤਾਰੀਖ ਦੇ ਵਰਕੇ ਕੁਝ ਹੋਰ ਹੀ ਹੁੰਦੇ। ਅੱਜ ਉਸ ਤਬਾਹੀ ਦੀਆਂ ਫਿਲਮਾਂ ਹੀ ਰਹਿ ਗਈਆਂ ਹਨ। ਕੇਵਲ ਇਕ ਇਮਾਰਤ ਸੜੀ-ਟੁੱਟੀ ਬਤੌਰ ਨਿਸ਼ਾਨੀ ਮੌਜੂਦ ਹੈ।

ਵਾਲਗੋਗਰਾਦ ਫਿਰ ਤੋਂ ਨਾ ਕੇਵਲ ਆਪਣੀ ਪੂਰੀ ਸ਼ਾਨ ਨਾਲ ਜਿਉਂ ਖਲੋਤਾ ਹੈ, ਸਗੋਂ ਵਧ ਰਿਹਾ ਹੈ, ਤਰੱਕੀ ਕਰ ਰਿਹਾ ਹੈ। ਵਾਲਗੋਗਰਾਡ ਨੂੰ ਫਿਰ ਤੋਂ ਕਿਵੇਂ ਵਸਾਇਆ ਗਿਆ, ਇਸ ਦੀ ਫਿਲਮ ਤੁਸੀਂ ਵੇਖ ਸਕਦੇ ਹੋ।

ਇਸ ਤਾਰੀਖੀ ਲੜਾਈ ਤੋਂ ਪਿਛੋਂ ਸਾਮਰਾਜੀ ਤਾਕਤਾਂ ਕਮਜ਼ੋਰ ਹੋਈਆਂ, ਹਰ ਮਹਾਂਦੀਪ ਵਿਚ ਦਰਜਨਾਂ ਦੇਸ਼ ਸਾਮਰਾਜੀ ਚੁੰਗਲ ਤੋਂ ਨਿਕਲ ਗਏ। ਪਰ ਅਜ ਵੀ ਅਮਰੀਕੀ ਸਾਮਰਾਜ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ। ਵੀਅਤਨਾਮ ਵਿਚ ਜੋ ਖੂਨੀ ਖੇਡ ਅਮਰੀਕੀ ਸਾਮਰਾਜ ਖੇਡ ਰਿਹਾ ਹੈ, ਉਸ ਵਿਰੁਧ ਰੂਸੀ ਲੋਕ ਕਿਵੇਂ ਸੋਚਦੇ ਹਨ ਇਹ ਵੀ ਨੋਟ ਕਰਨ ਵਾਲੀ ਗਲ ਹੈ।

ਇਕ ਰੂਸੀ ਨੇ ਕਿਹਾ ਮੈਂ ਦਫਤਰ ਵਿਚ ਕੰਮ ਕਰਦਾ ਹਾਂ ਪਰ ਮੇਰਾ ਦਿਲ ਜੋਸ਼ ਮਾਰਦਾ ਹੈ ਕਿ ਮੈਂ ਬੰਦੂਕ ਲੈ ਕੇ ਵੀਅਤਨਾਮ ਜਾ ਕੇ ਆਪਣੇ ਵੀਅਤਨਾਮੀ ਭਰਾਵਾਂ ਦੀ ਮਦਦ ਕਰਾਂ ਅਤੇ ਅਮਰੀਕੀ ਸਾਮਰਾਜੀਆਂ ਨੂੰ ਉਥੋਂ ਮਾਰ ਭਜਾਵਾਂ। ਇਸ ਤਰ੍ਹਾਂ ਦਾ ਫੈਸਲਾ ਨਾ ਹੋਣ ਦੇ ਬਾਵਜੂਦ ਵੀ ਜੋ ਮਦਦ ਅਸੀਂ ਵੀਅਤ-ਨਾਮੀ ਭਰਾਵਾਂ ਦੀ ਕਰ ਰਹੇ ਹਾਂ, ਉਹ ਚੰਗੀ ਤਰ੍ਹਾਂ ਜਾਣਦੇ ਹਨ।

ਰੂਸੀ ਲੋਕ ਸੰਸਾਰ ਭਰ ਵਿਚ ਅਮਨ ਕਾਇਮ ਕਰਨ ਲਈ ਭਾਰਤ ਦੇ ਰੋਲ ਨੂੰ ਬਹੁਤ ਅਹਿਮ ਸਮਝਦੇ ਹਨ।

ਪਿਛਲੀ ਵਿਸ਼ਵ-ਲੜਾਈ ਵਿਚ ਸੋਵੀਅਤ ਯੂਨੀਅਨ ਨੂੰ ਨਾਜ਼ੀ ਦਰਿੰਦਿਆਂ ਦੇ ਹਮਲਿਆਂ ਵਲੋਂ ਜੋ ਕੀਮਤ ਅਦਾ ਕਰਨੀ ਪਈ ਅਤੇ ਜੋ ਤਬਾਹੀ ਹੋਈ, ਸੋਵੀਅਤ ਯੂਨੀਅਨ ਦੀ ਛਾਤੀ ਤੇ ਥਾਂ ਥਾਂ ਮੌਜੂਦ ਕਬਰਸਤਾਨ, ਅਣਜਾਣੇ ਸ਼ਹੀਦਾਂ ਦੇ ਮਕਬਰੇ ਅਤੇ ਉਹਨਾਂ ਲਖਾਂ ਸ਼ਹੀਦਾਂ ਦੀਆਂ ਜਗਦੀਆਂ ਜੋਤਾਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਬਾਜ਼ੀ ਲਾਕੇ ਹਿਟਲਰੀ ਦਰਿੰਦਿਆਂ ਨੂੰ ਮਾਰ ਭਜਾਇਆ ਤੇ ਬਰਲਿਨ ਤੇ ਜਿੱਤ ਦਾ ਝੰਡਾ ਜਾ ਝੁਲਾਇਆ, ਅੱਜ ਪੁਕਾਰ ਪੁਕਾਰ ਕੇ ਕਹਿ ਰਹੀਆਂ ਹਨ, ਸ਼ਾਲਾ! ਇਹੋ ਜਿਹੀ ਜੰਗ ਫਿਰ ਕਦੇ ਨਾ ਹੋਵੇ, ਕਿਸੇ ਮਾਂ ਦਾ ਲਾਲ, ਕਿਸੇ ਦਾ ਪਤੀ, ਕਿਸੇ ਦਾ ਭਰਾ, ਕਿਸੇ ਦੀ ਲੜਕੀ, ਕਿਸੇ ਦੀ ਭੈਣ, ਕਿਸੇ ਦਾ ਭਰਾ, ਕਿਸੇ ਦਾ ਪਿਤਾ ਮਾਰੂ ਜੰਗ ਦੀ ਨਜ਼ਰ ਨਾ ਹੋਵੇ, ਕਿਸੇ ਬਚੇ ਦੀ ਗੁਡੀ ਨੂੰ ਸਾੜਨ ਵਾਲਾ ਵੀ ਕੋਈ ਨਾ ਰਹੇ।

ਹੀਰੋਸ਼ੀਮਾ ਤੇ ਨਾਗਾਸਾਕੀ ਨੂੰ ਕੌਣ ਭੁਲ ਸਕਦਾ ਹੈ ਜਿਨ੍ਹਾਂ ਉਤੇ ਅਮ-ਰੀਕੀ ਸਾਮਰਾਜੀਆਂ ਨੇ ਜੰਗ ਦੇ ਅੰਤਮ ਦਿਨਾਂ ਵਿਚ ਐਟਮ ਬੰਬ ਡੇਗ ਕੇ ਸਭ ਕੁਝ ਭੁੰਨ ਕੇ ਰਖ ਦਿਤਾ, ਜ਼ਿੰਦਗੀ ਲੰਗੜੀ ਲੂਲੀ ਕਰ ਦਿਤੀ।

ਸ਼ਾਲਾ: ਇਸ ਤਰ੍ਹਾਂ ਫਿਰ ਕਦੇ ਨਾ ਹੋਵੇ ਤੇ ਦੁਨੀਆਂ ਵਿਚ ਅਮਨ ਕਾਇਮ ਰਹੇ।

ਵਾਲਗੋਗਰਾਡ ਵਿਚ ਫ੍ਰੀਡਮ ਫਾਈਟਰਜ਼ ਦੇ ਨਾਲ ਹੀ ਟੂਰਿਸਟ ਹੋਟਲ ਸੀ। ਇਕ ਜੋੜੇ ਦਾ ਵਿਆਹ ਹੋਣ ਤੇ ਉਥੇ ਪਾਰਟੀ ਸੀ। ਇਸ ਤਰ੍ਹਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਡਿਪਲੋਮਾ ਹਾਸਲ ਕੀਤਾ ਤਾਂ ਉਹਨਾਂ ਨੌਜੁਆਨ ਲੜਕੇ ਲੜਕੀਆਂ ਨੇ ਵੀ ਪਾਰਟੀ ਰਖੀ। ਸਾਜ਼ ਵਜ ਰਹੇ ਸਨ।

ਪੁਲਸ ਤਾਂ ਹਿਸਦਾਰ ... ਬਹਾਦਰ ਕੋਲ ਅਜਿਹਾ ਪਸਤੌਲ ਕਿਥੋਂ ਆਇਆ ਜਿਸ ਦਾ ਲਸੰਸ ਹੋਰ ਕਿਸੇ ਨੂੰ ਨਹੀਂ ਦਿਤਾ ਜਾਂਦਾ।

ਇਹ ਮੁਕਦਮਾ ਕੁਝ ਸਾਲਾਂ ਤਕ ਚਲਦਾ ਰਿਹਾ। ਮਕਤੂਲ ਸੁਰਜਭਾਨ ਦੇ ਭਤਾ ਬ੍ਰਿਜ ਕਸ਼ੋਰ ਗੁਪਤਾ ਨੇ ਅਦਾ-ਲਤ ਵਿਚ ਬਿਆਨ ਦਿਤਾ, ਜਿਸ ਨੂੰ ਜਜ ਨੇ ਆਪਣੇ ਖਤ ਵਿਚ ਹੈਰਾਨੀ ਭਰਿਆ ਇਨਕਸ਼ਾਫ ਕਰਾਰ ਦਿਤਾ। ਬ੍ਰਿਜ ਕਸ਼ੋਰ ਗੁਪਤਾ ਨੇ ਆਪਣੇ ਬਿਆਨ ਵਿਚ ਪੁਲਸ ਕਪਤਾਨ ਸ਼ੀਲਾਰਾਮ ਤੇ ਇਲਜ਼ਾਮ ਲਾਇਆ ਸੀ ਕਿ ਇਸ ਕਤਲ ਦੇ ਪਿਛੇ ਉਹਨਾਂ ਦਾ ਹਥ ਹੈ ਅਤੇ ਇਸੇ ਕਾਰਨ ਪੁਲਸ ਨੇ ਅਜੇ ਤਕ ਉਸ ਵਸੀਲੇ ਦੀ ਜਾਂਚ ਨਹੀਂ ਕੀਤੀ, ਜਿਸ ਨੇ

(ਬਾਕੀ ਦੇਖੋ ਸਫਾ 5)

ਉਹ ਖਾਣਾ ਖਾਂਦੇ, ਡਾਨਸ ਵੀ ਕਰਦੇ, ਗਿਧਾ ਵੀ ਪਾਂਦੇ; ਉਹਨਾਂ ਦੀ ਪਾਰਟੀ ਖਤਮ ਹੋਈ। ਸਾਡਾਂ ਵਿਚ ਭੰਗੜੇ ਵਰਗੀ ਟੋਲੂਨ ਨਿਕਲੀ ਅਤੇ ਅਸੀਂ ਵੀ ਮੈਦਾਨ ਵਿਚ ਆ ਕੁਦੇ। ਏਨੇ ਵਿਚੋਂ ਉਹਨਾਂ ਵਿਚੋਂ ਇਕ ਗਰੁਪ ਵੀ ਗਿਆ। ਇਕ ਕੁੜੀ ਨੇ ਮੈਨੂੰ ਫੜ ਕੇ ਆਪਣੇ ਗਰੁਪ ਵਿਚ ਸ਼ਾਮਲ ਕਰ ਲਿਆ। ਪਿਛੋਂ ਸਾਨੂੰ ਪੁਛਿਆ ਕੀ ਅਸੀਂ ਹਿੰਦੁਸਤਾਨੀ ਹਾਂ? ਸਾਡੇ ਹਾਂ ਕਹਿਣ ਦੀ ਦੇਰ ਸੀ ਕਿ ਉਹਨ ਗਲੇ ਨਾਲ ਲਾ ਲਿਆ। ਇਸ ਤੋਂ ਪਿਛੋਂ ਇਕ ਨੌਜੁਆਨ ਮੇਜ਼ ਤੇ ਆ ਗਿਆ ਤੇ ਕਿਹਾ ਅਸੀਂ ਰੂਸੀ ਜ਼ਿੰਦਗੀ ਲਈ ਹਾਂ ਤੇ ਜੰਗ ਦੇ ਵਿਰੁਧ ਹਾਂ, ਅਸੀਂ ਅਮਨ ਚਾਹੁੰਦੇ ਹਾਂ। ਉਸ ਤੋਂ ਪਿਛੋਂ ਮੈਂ ਅਮਨ ਦੀ ਖੁਸ਼ੀ ਦਾ ਇਕ ਬੈਜ ਉਹਨੂੰ ਪੇਸ਼ ਕਰਦੇ ਹੋਏ ਦਸਿਆ ਕਿ ਅਸੀਂ ਹਿੰਦੁਸਤਾਨੀ ਲੜਾਈਆਂ ਦੇ ਸਖਤ ਵਿਰੁਧ ਹਾਂ। ਅਸੀਂ ਅਮਨ ਚਾਹੁੰਦੇ ਹਾਂ। ਅਸੀਂ ਸਾਮਰਾਜ ਦੀਆਂ ਸਾਜ਼ਸ਼ਾਂ ਮਲੀਆਮੇਟ ਕਰਾਂਗੇ ਰੂਸੀ ਲੋਕਾਂ ਨਾਲ ਮਿਲ ਕੇ ਦੁਨੀਆਂ ਵਿਚ ਅਮਨ ਕਾਇਮ ਕਰਾਂਗੇ।

ਮੇਰੀ ਸੋਵੀਅਤ ਯਾਤਰਾ-੧

# ਪਾਲਮ ਤੋਂ ਮਾਸਕੋ ਤਕ

**-ਵੀਰ ਭਾਨ ਭੁਲਰ-**

ਸਾਡਾ ਡੈਲੀਗੇਸ਼ਨ ਪੰਜ ਸਾਥੀਆਂ ਤੇ ਸਮਿਲਤ ਸੀ। ਰਾਮੋਲੋ ਸਾਡੇ ਡੈਲੀਗੇਸ਼ਨ ਦਾ ਲੀਡਰ ਸੀ—ਟਰਾਂਸਪੋਰਟ ਮਜ਼ਦੂਰਾਂ ਦਾ ਲੀਡਰ ਉਹ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਉੜੀਸਾ ਦਾ ਸਾਥੀ ਰਾਮ ਭੁਰੇ ਜੋ ਲੋਹੇ ਦੀਆਂ ਖਾਣਾਂ ਦੇ ਮਜ਼ਦੂਰਾਂ ਦੇ ਲੀਡਰ ਹਨ, ਸਾਥੀ ਗੋਬਿੰਦਾ ਸੁਆਮੀ ਜੋ ਹਾਰਬਰ ਵਰਕਰਜ਼ ਯੂਨੀਅਨ ਅਤੇ ਪਰੈਸ ਵਰਕਰਾਂ ਦਾ ਲੀਡਰ ਹੈ ਅਤੇ ਤਾਮਲਨਾਡ ਦਾ ਰਹਿਣ ਵਾਲਾ ਹੈ, ਕੇਰਲਾ ਦਾ ਸਾਥੀ ਟੀ. ਜੇ. ਵਰਗੀਜ਼ ਜੋ ਫ਼ਰਟੇਲਾਈਜ਼ਰ ਇੰਡਸਟਰੀ ਦੇ ਵਰਕਰਾਂ ਦਾ ਲੀਡਰ ਹੈ, ਅਤੇ ਪੰਜਾਬ ਤੋਂ ਵੀਰ ਭਾਨ ਭੁਲਰ ਅੰਮ੍ਰਿਤਸਰ ਦੇ ਮਜ਼ਦੂਰਾਂ ਦਾ ਸੇਵਕ ਸ਼ਾਮਲ ਸਨ।

ਇਹ ਡੈਲੀਗੇਸ਼ਨ ਮਜ਼ਦੂਰ ਜਮਾਤ ਵਿਚ ਕੰਮ ਕਰਨ ਵਾਲਿਆਂ ਦਾ ਸੀ। ਇਸ ਲਈ ਸਾਡੀ ਸਭ ਤੋਂ ਵਧ ਦਿਲਚਸਪੀ ਇਸ ਗਲ ਵਿਚ ਸੀ ਕਿ ਮਜ਼ਦੂਰਾਂ ਦੀ ਕੀ ਹਾਲਤ ਹੈ। ਉਹ ਕਿਵੇਂ ਕੰਮ ਕਰਦੇ ਹਨ, ਕਿਵੇਂ ਰਹਿੰਦੇ ਹਨ, ਕਿਵੇਂ ਜ਼ਿੰਦਗੀ ਗੁਜ਼ਾਰਦੇ ਹਨ। ਸਮਾਜ ਵਿਚ ਉਹਨਾਂ ਦਾ ਤੇ ਉਹਨਾਂ ਦੇ ਬੀਵੀ ਬਚਿਆਂ ਦਾ ਕੀ ਦਰਜਾ ਹੈ।

ਅਸੀਂ ਵੇਖਣਾ ਚਾਹੁੰਦੇ ਸਾਂ ਕਿ ਕਿਤੇ ਸਾਡੇ ਵਾਂਗ ਉਹਨਾਂ ਨੂੰ ਵੀ ਛਾਂਟੀ ਤੇ ਬੇਕਾਰੀ ਦਾ ਸਾਹਮਣਾ ਤਾਂ ਨਹੀਂ ਕਰਨਾ ਪੈਂਦਾ। ਇਸੇ ਤਰ੍ਹਾਂ ਮਜ਼ਦੂਰਾਂ ਦੇ ਦੂਜੇ ਮਸਲਿਆਂ ਨੂੰ ਉਥੋਂ ਦੀਆਂ ਟਰੇਡ ਯੂਨੀਅਨਾਂ ਕਿਵੇਂ ਹਲ ਕਰਦੀਆਂ ਹਨ?

ਰੂਸ ਹਿੰਦੁਸਤਾਨ ਦਾ ਬਹੁਤ ਵਡਾ ਮਿਤਰ ਹੈ। (ਸਾਡੇ ਦੇਸ਼ ਦੀਆਂ ਪਿਛੇ-ਖਿਚੂ ਤਾਕਤਾਂ ਲੱਖ ਸ਼ੋਰ ਮਚਾਉਣ) ਇਸ ਸੰਬੰਧ ਵਿਚ ਸਾਡੇ ਡੈਲੀਗੇਸ਼ਨ ਵਿਚ ਕੋਈ ਗਲਤ ਫਹਿਮੀ ਨਹੀਂ ਸੀ। ਫਿਰ ਵੀ ਲੋਕਾਂ ਦਾ ਭਾਰਤ ਵਲ ਵਤੀਰਾ ਕੀ ਹੈ? ਉਹ ਕੀ ਸੋਚਦੇ ਹਨ? ਇਸ ਤੋਂ ਉਪਰੰਤ ਜੋ ਕੁਝ ਪੜ੍ਹਿਆ ਸੁਣਿਆ ਹੈ ਉਸ ਨੂੰ ਉਥੋਂ ਦੀ ਸਰਕਾਰ, ਪਾਰਟੀ ਤੇ ਲੋਕ ਕਿਵੇਂ ਅਮਲ ਵਿਚ ਲਿਆ ਰਹੇ ਹਨ ਵੇਖਣਾ ਜ਼ਰੂਰੀ ਸੀ। ਸਾਨੂੰ ਇਸ ਗਲ ਦਾ ਮੌਕਾ ਮਿਲਿਆ। ਇਸ ਗਲ ਦੀ ਸਾਨੂੰ ਖੁਸ਼ੀ ਸੀ। ਅਸੀਂ ਸਾਰੇ ਦਿਲੀ ਵਿਚ ਇਕਠੇ ਹੋ ਗਏ।

ਪਾਸਪੋਰਟ ਆਸਾਨੀ ਨਾਲ ਮਿਲ ਗਿਆ ਅਤੇ ਵੀਜ਼ਾ ਵੀ। ਸਾਥੀ ਮਹਿੰਦਰ ਦੀ ਮਦਦ ਨਾਲ ਛੋਟੀਆਂ ਮੋਟੀਆਂ ਮੁਸ਼ਕਲਾਂ ਦੂਰ ਹੋ ਗਈਆਂ। ਉਸ ਨੂੰ ਗੁਡਬਾਈ ਕਹਿ ਕੇ ਅਸੀਂ ਚਾਰ ਦਸੰਬਰ ਨੂੰ ਪਾਲਮ ਹਵਾਈ ਅਡੇ ਵਿਚ ਦਾਖਲ ਹੋ ਗਏ। ਪੁਲਸ ਵਾਲਿਆਂ ਨੇ ਸਾਡੀਆਂ ਫੋਟੋ ਤੇ ਸ਼ਕਲਾਂ ਵੇਖੀਆਂ। ਨਾਂਅ ਚੈਕ ਕੀਤੇ। ਇਹ ਕੰਮ ਖਤਮ ਹੋਇਆ ਤਾਂ ਇਕ ਸਾਹਿਬ ਨੇ ਆਵਾਜ਼ ਦਿਤੀ—"ਭੁਲਰ ਯੂ ਕਮ ਆਨ"। ਮੇਰਾ ਮਥਾ ਉਥੇ ਹੀ ਠਨਕਿਆ ਕਿਉਂਕਿ ਜਦੋਂ ਮੈਂ ਫੌਜ ਵਿਚ ਸਾਂ ਤਾਂ ਪੂਨਾ ਕੈਂਪ ਵਿਚ ਦੂਜੇ ਫੌਜੀਆਂ ਨਾਲ ਡਾਕਟਰੀ ਮੁਆਇਨੇ ਲਈ ਲਾਈਨ ਵਿਚ ਖੜਾ ਸਾਂ। ਉਦੋਂ ਵੀ ਮੈਨੂੰ ਇਸੇ ਤਰ੍ਹਾਂ ਬੁਲਾਇਆ ਗਿਆ ਸੀ ਅਤੇ ਦੂਜਿਆਂ ਤੋਂ ਵਖ ਕਰ ਕੇ ਰਾਵਲਪਿੰਡੀ ਵਾਪਸ ਭੇਜ ਦਿਤਾ ਸੀ ਅਤੇ ਪਿਛੋਂ ਨੌਕਰੀ ਤੋਂ ਹਟਾ ਦਿਤਾ ਸੀ। ਪਰ ਇਹ ਆਵਾਜ਼ ਹਮਦਰਦੀ ਦੀ ਆਵਾਜ਼ ਸੀ। ਸਾਨੂੰ ਕਿਹਾ ਗਿਆ ਕਿ ਨਾਂਅ ਚੈਕ ਕਰਵਾ ਕੇ ਕਸਟਮ ਵਾਲਿਆਂ ਤੋਂ ਅਗੇ ਲੰਘ ਜਾਉ। ਜਹਾਜ਼ ਦੀ ਉਡਾਣ ਇਕ ਘੰਟਾ ਲੇਟ ਸੀ। ਸਾਡੇ ਇਕ ਸਾਥੀ ਨੂੰ ਮੌਜ ਆ ਗਈ। ਉਸ ਨੇ ਕਿਹਾ ਸਾਥੀਓ, ਮੈਂ ਕਾਫੀ ਪਿਲਾਣੀ ਚਾਹੁੰਦਾ ਹਾਂ। ਅਸੀਂ ਇਕ ਜ਼ਬਾਨ ਕਿਹਾ—ਚੰਗੀ ਗਲ ਹੈ। ਕਾਫੀ ਆ ਗਈ। ਪੀ ਲਈ। ਸਾਥੀ ਤੋਂ ਪੁਛਿਆ ਕੀ ਚਾਰਜ ਹੋਇਆ। ਉਤਰ ਸੀ ਸਵਾ ਪੰਜ ਰੁਪਏ ਅਤੇ 12 ਆਨੇ ਟਿਪ ਦੇ। ਪੂਰੇ ਛੇ ਲਗ ਗਏ। ਇਹ ਵੀ ਚੰਗੀ ਰਹੀ। ਪੰਜ ਕਪ-6 ਰੁਪਏ—ਇਕ ਸਾਥੀ ਨੇ ਹੈਰਾਨੀ ਨਾਲ ਕਿਹਾ। ਮੈਂ ਅਰਜ਼ ਕੀਤੀ। ਇਹ ਪਾਲਮ ਦਾ ਹਵਾਈ ਅਡਾ ਹੈ —— ਪਾਲਮ ਦਾ।

ਏਨੇ ਵਿਚ ਐਲਾਨ ਹੋ ਗਿਆ ਜਹਾਜ਼ ਤਿਆਰ ਹੈ। ਮਾਸਕੋ ਜਾਣ ਵਾਲੇ ਤਿਆਰ ਹੋ ਜਾਣ।

ਅਸੀਂ ਇਕ ਟਰਾਲੀ ਵਿਚ ਬਹਿ ਕੇ ਹਵਾਈ ਜਹਾਜ਼ ਦੇ ਤੇ ਪਹੁੰਚ ਗਏ। ਇਹ ਐਲਿਊਸ਼ਨ 62 ਸੋਵੀਅਤ ਰੂਸ ਦਾ ਹਵਾਈ ਜਹਾਜ਼ ਸੀ। ਅਸੀਂ ਇਸ ਤੇ ਸੁਆਰ ਹੋ ਗਏ। ਜਹਾਜ਼ ਦਾ ਇੰਜਣ ਗੂੰਜਣ ਲਗਾ। ਆਵਾਜ਼ ਸੁਣਾਈ ਦਿਤੀ "ਪੇਟੀ ਬੰਨ੍ਹ ਲਵੋ। ਸਿਗਰਟ ਪੀਣਾ ਮਨ੍ਹਾ ਹੈ, ਦਿਲੀ ਤੋਂ ਮਾਸਕੋ 9000 ਕਿਲੋਮੀਟਰ ਹੈ ਅਤੇ ਸਵਾ 5 ਘੰਟੇ ਲਗਣਗੇ।"

ਜਹਾਜ਼ ਨੇ ਉਡਾਣ ਸ਼ੁਰੂ ਕੀਤੀ ਕਿ ਚੂਸਣ ਵਾਲੀਆਂ ਗੋਲੀਆਂ ਪੇਸ਼ ਕੀਤੀਆਂ ਗਈਆਂ। ਅਖਬਾਰਾਂ ਤੇ ਰਸਾਲੇ ਪੜ੍ਹਨ ਲਈ ਮਿਲ ਗਏ। ਰਾਹ ਵਿਚ ਜੋ ਨਾਸ਼ਤਾ ਸਾਨੂੰ ਦਿਤਾ ਗਿਆ ਉਸ ਨੂੰ ਵੇਖ ਕੇ ਸੋਚਿਆ ਕਿ ਜੇ ਇਹ ਨਾਸ਼ਤਾ ਹੈ ਤਾਂ ਖਾਣਾ ਕੀ ਹੋਵੇਗਾ? ਡਬਲ ਰੋਟੀ, ਕੇਕ, ਮਖਣ, ਮੀਟ, ਜੂਸ, ਚਾਅ, ਕਾਫੀ ਅਸੀਂ ਤਾਂ ਚਕਰ ਵਿਚ ਪੈ ਗਏ ਕਿ ਕੀ ਖਾਈਏ ਤੇ ਕੀ ਛਡੀਏ।

ਕੁਰਸੀ ਵੀ ਮਜ਼ੇਦਾਰ, ਬਟਨ ਦਬਾਉ ਆਰਾਮ ਕੁਰਸੀ ਬਣ ਜਾਂਦੀ ਹੈ। ਇਕ ਹੋਰ ਬਟਨ ਦਬਾਉ ਤਾਂ ਐਸ਼ ਟਰੇ ਨਿਕਲ ਆਉਂਦੀ ਹੈ। ਕੁਰਸੀ ਦੇ ਪਿਛਲੇ ਹਿਸੇ ਤੋਂ ਟਰੇ ਕਢ ਲਓ ਤਾਂ ਖਾਣਾ ਖਾਣ ਦੇ ਮੇਜ਼ ਦਾ ਕੰਮ ਦੇਂਦੀ ਹੈ।

ਪੜ੍ਹਦੇ ਪੜ੍ਹਦੇ ਸਿਗਰਟ ਦਾ ਕਸ਼ ਵੀ ਲਾ ਲੈਂਦੇ ਤੇ ਬਾਹਰ ਦਾ ਨਜ਼ਾਰਾ ਵੀ ਕਰ ਲੈਂਦੇ। ਆਪਣੇ ਹੇਠ ਦੀ ਦੁਨੀਆਂ ਦਾ ਜਾਇਜ਼ਾ ਵੀ ਲੈਂਦੇ। ਹਵਾਈ ਜਹਾਜ਼ ਆਪਣਾ ਸਫਰ ਤੈ ਕਰਦਾ ਹੋਇਆ, ਉਪਰ ਹੀ ਉਪਰ ਉਡਦਾ ਬਦਲਾਂ ਨੂੰ ਚੀਰਦਾ, ਪਹਾੜੀਆਂ ਦੀਆਂ ਚੋਟੀਆਂ ਤੋਂ ਵੀ ਉਪਰ ਉਡਦਾ ਚਲਾ ਜਾ ਰਿਹਾ ਸੀ ਅਤੇ ਅਗੇ ਵਧਦਾ ਜਾ ਰਿਹਾ ਸੀ। ਅਤੇ ਹੇਠਾਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਕੁਦਰਤ ਨੇ ਸਾਫ ਸਫੈਦ ਕਪਾਹ ਦੇ ਢੇਰ ਬਖੇਰ ਰਖੇ ਸਨ। ਪਰ ਇਹ ਬਰਫ ਹੀ ਬਰਫ ਸੀ ਜਿਸ ਨੇ ਸਭ ਕੁਝ ਢਕ ਰਖਿਆ ਸੀ।

ਮੈਂ ਨਾਸ਼ਤਾ ਸਪਲਾਈ ਕਰਨ ਵਾਲੀ ਵੇਟਰ ਤੋਂ ਕਾਫੀ ਦਾ ਕਪ ਮੰਗਿਆ ਅਤੇ ਨਾਲ ਹੀ ਪੁਛਿਆ ਕਿ ਉਸ ਨੂੰ ਤਨਖਾਹ ਕਿੰਨੀ ਮਿਲਦੀ ਹੈ।

ਜੁਆਬ ਮਿਲਿਆ ਪ੍ਰਤੀ ਟਰਿਪ (ਆਉਣ ਜਾਣ ਦੇ) 45 ਰੂਬਲ ਮਹੀਨੇ ਵਿਚ ਚਾਰ ਟਰਿਪ (ਫੇਰੇ) ਲਗਦੇ ਹਨ, ਦੂਜੇ ਸ਼ਬਦਾਂ ਵਿਚ 180 ਰੂਬਲ ਮਹੀਨਾ ਮਿਲਦੇ।

ਸਾਡਾ ਹਵਾਈ ਜਹਾਜ਼ ਮਾਸਕੋ ਦੇ ਕੌਮਾਂਤਰੀ ਅਡੇ ਤੇ ਪਹੁੰਚ ਗਿਆ। ਉਥੇ ਤਿੰਨ ਸਾਥੀ ਸਾਡੀ ਉਡੀਕ ਕਰ ਰਹੇ ਸਨ। ਇਹ ਸਨ ਸਾਥੀ ਯਾਕੂਨਿਨ, ਸਾਥੀ ਸਿਮਰੋਫ ਅਤੇ ਸਾਥੀ ਪੀਰਫ। ਉਹਨਾਂ ਨੇ ਸਾਨੂੰ ਵੇਖਦੇ ਹੀ ਪੁਛਿਆ ਇੰਡੀਅਨ ਡੈਲੀਗੇਸ਼ਨ?

ਅਸੀਂ ਉਤਰ ਦਿਤਾ। ਯੈਸ (ਹਾਂ)

ਉਹ ਸਾਨੂੰ ਹਵਾਈ ਅਡੇ ਤੋਂ ਲੈ ਕੇ ਬਾਹਰ ਨਿਕਲੇ ਤਾਂ ਦੋ ਕਾਰਾਂ ਤਿਆਰ ਖੜੀਆਂ ਸਨ। (ਚਲਦਾ)

---

ਰਖਣਾ ਕਿ ਇਸ ਦਾ ਆਧਾਰ ਮਾਰਕਸੀ ਪਾਰਟੀ ਦੇ ਸਿਰ ਦੋਸ਼ ਨਾ ਦੇਵੇ। ਜੈਸਾ ਹੁਣ ਸਰੋਤ ਹੈ।

ਡਾ: ਹਰਕਿਸ਼ਨ ਸਿੰਘ ਸੁਰਜੀਤ ਨੇ ਕਾਹਲ ਵਿਚ ਆ ਕੇ ਅਕਾਲੀਆਂ ਨਾਲ ਜਿਹੜਾ ਸਮਝੌਤਾ ਕੀਤਾ ਸੀ ਉਸ ਦਾ ਹਸ਼ਰ ਜੋ ਹੋਇਆ ਹੈ ਉਹ ਤੁਹਾਡੇ ਸਾਹਮਣੇ ਹੈ। ਅਕਾਲੀ ਇਸ ਸਿਆਸਤ ਵਿਚ ਸਫਲ ਰਹੇ ਹਨ। ਇਕ ਧਿਰ ਨੂੰ ਨਾਲ ਰਲਾ ਕੇ ਦੂਜੀ ਦੇ ਵਿਰੁਧ ਵਰਤ ਗਏ ਹਨ। ਨੁਕਸਾਨ ਤੁਹਾਡਾ ਦੋਹਾਂ ਪਾਰਟੀਆਂ ਦਾ ਹੋਇਆ ਹੈ।

ਇਨਕਲਾਬ ਕਿਵੇਂ ਆਵੇ? ਇਹ ਝਗੜਾ ਤੁਹਾਡਾ ਆਪਸੀ ਹੈ ਪਰ ਜਨਤਾ ਅਜੇ ਇਸ ਸਟੇਜ ਤੇ ਨਹੀਂ ਆਈ ਜਿਸ ਦਾ ਰਫੜ ਤੁਸਾਂ ਦੋਹਾਂ ਪਾਰਟੀਆਂ ਨੇ ਪਾ ਕੇ ਇਕ ਦੂਜੇ ਦੀ ਮੁਖਾਲਫਤ ਕੀਤੀ। ਇਨਕਲਾਬ ਚਾਹੇ ਕੌਮ ਜਮਹੂਰੀ ਹੋਵੇ ਜਾਂ ਲੋਕ ਜਮਹੂਰੀ ਆਖਰ ਜਨਤਾ ਰਾਹੀਂ ਹੀ ਆਵੇਗਾ ਜਾਂ ਇਕੱਲੀ ਲੀਡਰਸ਼ਿਪ ਹੀ ਲੈ ਆਵੇਗੀ? ਹਰ ਕੋਈ ਇਹੀ ਆਖੇਗਾ ਕਿ ਲੋਕਾਂ ਰਾਹੀਂ ਹੀ ਆਵੇਗਾ।

ਇਨ੍ਹਾਂ ਮਧਕਾਲੀ ਚੋਣਾਂ ਵਿਚ ਦੋਹਾਂ ਪਾਰਟੀਆਂ ਦੇ ਟਕਰਾਉ ਨੇ ਸਮਾਜਵਾਦੀ ਵਿਚਾਰਾਂ ਵਾਲੇ ਸਾਥੀਆਂ ਉਪਰ ਮਾਯੂਸੀ ਬੰਦ ਕਰੋ।

ਤੁਹਾਨੂੰ ਵੀ ਆਪਣੀ ਭੁੱਲ ਸਵੀਕਾਰ ਕਰਨੀ ਹੋਵੇਗੀ। ਲੋਕ ਜਾਣਦੇ ਹਨ। ਹਰਕਿਸ਼ਨ ਸੁਰਜੀਤ ਅਤੇ ਰਾਮ ਕਿਸ਼ਨ ਭੜੋਲੀਆਂ ਤੁਹਾਡੀ ਗਲਤੀ ਕਾਰਨ ਹਾਰ ਹਨ। ਇਹ ਗਲਤੀ ਨੰਗੀ ਦਿਸ ਰਹੀ ਹੈ ਜਦ ਕਿ ਮਾਰਕਸੀਆਂ ਦੀ ਗਲਤੀ ਅਕਾਲੀ ਸਮਝੌਤੇ ਵਿਚ ਲੁਕ ਗਈ ਹੈ।

ਮੈਂ ਕੁਝ ਧਿਆਨ ਗੋਚਰੇ ਲਿਆਉਂਦਾ ਹਾਂ।

1, ਤੁਹਾਨੂੰ ਦੋਹਾਂ ਪਾਰਟੀਆਂ ਨੂੰ ਇਕ ਦੂਜੀ ਪਾਰਟੀ ਦੀ ਠੀਕ ਤਾਕਤ ਦਾ ਚੰਗੀ ਤਰ੍ਹਾਂ ਪਤਾ ਹੈ। ਇਸ ਲਈ ਬਿਨਾਂ ਝਿਜਕ ਇਕ ਦੂਜੇ ਨੂੰ ਸਹੀ ਸਮਝੋ।

2. ਤੁਸੀਂ ਉਪਰ ਭਾਵੇਂ ਕਿਵੇਂ ਲੜਾਈ ਲੜੋ ਪਰ ਜੇਤਾ ਇਕ ਦੂਜੇ ਦਾ ਪੂਰਾ ਸਤਿਕਾਰ ਕਰੋ। ਲੋਕਾਂ ਸਾਹਮਣੇ ਇਕ ਦੂਜੀ ਪਾਰਟੀ ਤੇ ਊਜਾਂ ਲਾਉਣ ਦੀ ਬਜਾਏ ਆਪਣੇ ਮੈਂਬਰਾਂ ਨੂੰ ਆਖੋ ਰਲ ਕੇ ਕੰਮ ਕਰਨ। ਆਮ ਲੋਕ ਅਡ ਅਡ ਪਾਰਟੀਆਂ ਨੂੰ ਅਜੇ ਨਹੀਂ ਜਾਣਦੇ ਇਕ ਪਾਰਟੀ ਦੇ ਵਰਕਰ ਦੇ ਗਲਤ ਕੰਮ ਨਾਲ ਸਮੁੱਚੇ ਕਮਿਊਨਿਸਟ ਬਦਨਾਮ ਹੁੰਦੇ ਹਨ।

3. ਸਨਅਤੀ ਅਦਾਰੇ ਵਾਲੇ ਸ਼ਹਿਰਾਂ ਵਲ ਆਪਣਾ ਸਮਾਂ ਵਧ ਦੇਵੋ। ਹਰ ਸਨਅਤੀ ਸ਼ਹਿਰ ਤੋਂ ਚੋਣ ਲੜੀ ਜਾਵੇ।

4. ਜਿਥੇ ਇਕ ਪਾਰਟੀ ਦਾ ਮੈਂਬਰ ਚੋਣ ਲੜੇ ਤਾਂ ਦੂਜੀ ਪਾਰਟੀ ਉਸਦਾ ਡਟਕੇ ਸਮਰਥਨ ਕਰੇ। ਵਿਰੋਧਤਾ ਕਰਨ ਨਾਲ ਉਹ ਪਾਰਟੀ ਆਪ ਵੀ ਉਥੋਂ ਖਤਮ ਹੋਵੇਗੀ।

5. ਦੋਵੇਂ ਪਾਰਟੀਆਂ ਕਮਿਊਨਿਸਟ ਕਾਜ਼ ਲਈ ਕੰਮ ਕਰਨ ਨਾ ਕਿ ਇਕ ਦੂਜੇ ਨੂੰ ਖਤਮ ਕਰਨ ਲਈ। ਜੇ ਤੁਸੀਂ ਇਕ ਦੂਜੇ ਦੇ ਵਿਰੁਧ ਇਸ ਤਰ੍ਹਾਂ ਚਲਦੇ ਰਹੇ ਤਾਂ ਯਾਦ ਰਖੋ ਪੰਜਾਬ ਵਿਚੋਂ ਦੋਵੇਂ ਪਾਰਟੀਆਂ ਖਤਮ ਹੋ ਜਾਵੇਗੀਆਂ। ਲੋਕ ਤੁਹਾਨੂੰ ਇਕਠੇ ਹੋਏ ਵੇਖਣਾ ਚਾਹੁੰਦੇ ਹਨ।

ਆਸਵੰਦ
ਇਕ ਪਾਠਕ,
ਪਿੰਡ ਨਾਰੋਮਾਜਰਾ।

ਮੇਰੀ ਸੋਵੀਅਤ ਯਾਤਰਾ-੪

# ਕਿੰਨਾ ਪਿਆਰ ਹੈ ਉਹਨਾਂ ਦੇ ਦਿਲਾਂ ਵਿੱਚ

—ਵੀਰ ਭਾਨ ਭੁਲਰ—

ਵਾਲਗੋਗਰਾਡ ਤੋਂ ਸਾਨੂੰ ਰੇਲ ਗਡੀ ਵਿਚ 24 ਘੰਟੇ ਦਾ ਸਫਰ ਕਰਨਾ ਪਿਆ। ਇਸ ਤਰ੍ਹਾਂ ਸਾਨੂੰ ਸੋਵੀਅਤ ਯੂਨੀਅਨ ਦੇ ਹੋਰ ਵੀ ਬਹੁਤ ਸਾਰੇ ਇਲਾਕੇ ਵੇਖਣ ਦਾ ਮੌਕਾ ਮਿਲ ਗਿਆ। ਕਈ ਮਜ਼ਦੂਰ ਕੇਂਦਰ ਰਾਹ ਵਿਚ ਵੀ ਸਨ। ਫੈਕਟਰੀਆਂ ਉਤੇ ਲਾਲ ਝੰਡੇ ਵਿਖਾਈ ਦੇਂਦੇ ਸਨ।

ਵੋਲਗਾਗਰਾਡ ਤੋਂ ਸਾਨੂੰ ਮਾਸਕੋ ਵਾਪਸ ਆਉਣਾ ਪਿਆ। ਉਥੋਂ ਅਸੀਂ ਅਗਲੀ ਸਵੇਰ ਤਾਸ਼ਕੰਦ ਲਈ ਰਵਾਨਾ ਹੋਏ। ਹਵਾਈ ਜਹਾਜ਼ ਨੂੰ ਤਾਸ਼ਕੰਦ ਜਾਂਦੇ ਹੋਏ ਰਾਹ ਵਿਚ ਰਾਸਟੋਫ ਹਵਾਈ ਅਡੇ ਤੇ ਉਤਰਨਾ ਪਿਆ। ਸਾਨੂੰ ਪਹਿਲੀ ਵਾਰ ਸਰਦੀ ਦਾ ਮਜ਼ਾ ਮਹਿਸੂਸ ਹੋਇਆ।

ਇਸ ਦੌਰੇ ਵਿਚ ਸਾਥੀ ਐਗਰਬਤ੍ਰਾਨੋਫ ਸਾਡੇ ਨਾਲ ਸਨ ਜੋ ਕਿ ਬੜੇ ਹੀ ਖੁਸ਼ ਦਿਲ, ਠਰੰਮੇ ਵਾਲੇ, ਅਤੇ ਮਿਲਣਸਾਰ ਸਨ। ਉਹ ਭਾਰਤ ਵਿਚ ਰਹਿ ਕੇ ਪਛੜੀਆਂ ਜਾਤੀਆਂ ਖਾਸ ਕਰ ਹਰੀਜਨਾਂ ਦੇ ਮਸਲੇ ਤੇ ਖੋਜ ਕਰਦੇ ਰਹੇ ਹਨ ਅਤੇ ਹੁਣ ਵੀ ਦਿਲਚਸਪੀ ਰਖਦੇ ਹਨ।

ਜਿਥੇ ਕਿਤੇ ਵੀ ਅਸੀਂ ਗਏ, ਸਥਾਨਕ ਸਾਥੀਆਂ ਨੇ ਸਾਡੀ ਇਜ਼ਤ ਅਫਜ਼ਾਈ ਕੀਤੀ। ਆਮ ਸੋਵੀਅਤ ਲੋਕਾਂ ਨੂੰ ਜਦੋਂ ਪਤਾ ਲਗਦਾ ਕਿ ਅਸੀਂ ਭਾਰਤੀ ਹਾਂ ਤਾਂ ਉਹ ਸਾਡੇ ਲਈ ਹਦੋਂ ਵਧ ਸਨਮਾਨ, ਸਤਿਕਾਰ ਤੇ ਪਿਆਰ ਪ੍ਰਗਟ ਕਰਦੇ।

ਤਾਸ਼ਕੰਦ, ਜੋ ਕਿ ਉਜ਼ਬੇਕਿਸਤਾਨ ਦੀ ਰਾਜਧਾਨੀ ਹੈ, ਵਿਚ ਅਸੀਂ ਇਕ ਕਪੜਾ ਫੈਕਟਰੀ ਵਿਚ ਗਏ। ਉਥੇ ਕੰਮ ਕਰਨ ਵਾਲਿਆਂ ਵਿਚ ਅਸੀਂ ਨਬੇ ਫੀਸਦੀ ਔਰਤਾਂ ਹਨ। ਰੂੰ ਬਨਾਉਣ, ਕਤਨ, ਕਪੜਾ ਬਨਾਉਣ, ਧੁਆਈ, ਸੁਕਾਈ, ਛਪਾਈ ਤੋਂ ਪਿਛੋਂ ਕਪੜਾ ਥਾਨ ਬਣ ਕੇ ਬਾਹਰ ਨਿਕਲਦਾ ਹੈ।

ਅਸੀਂ ਇਕ ਸਕੂਲ ਵੇਖਣ ਚਲੇ ਗਏ ਜਿਸ ਵਿਚ 1800 ਲੜਕੀਆਂ ਵਿਚੋਂ 1200 ਹਿੰਦੀ ਪੜ੍ਹਦੀਆਂ ਸਨ। ਉਹਨਾਂ ਨੇ ਸਾਨੂੰ ਗਾਣੇ ਵੀ ਸੁਣਾਏ ਤੇ ਭਾਰਤੀ ਨ੍ਰਿਤ ਵੀ ਵਿਖਾਇਆ। ਲੜਕੀਆਂ ਤੋਂ ਸੁਆਲ ਪੁਛੇ ਤਾਂ ਹਿੰਦੀ ਵਿਚ ਉਹਨਾਂ ਨੇ ਉਤਰ ਦਿਤੇ। ਇੰਦਰਾ ਗਾਂਧੀ ਭਾਰਤ ਕੀ ਪਰਧਾਨ ਮੰਤਰੀ ਹੈਂ, ਰਾਜਕਪੂਰ ਕੇ ਗਾਣੇ ਅਛੇ ਲਗਤੇ ਹੈਂ, ਭਾਰਤ ਕ ਨਾਚ ਗਾਣੇ ਹਮੇਂ ਪਿਆਰੇ ਲਗਤੇ ਹੈਂ—ਆਦਿ।

ਯੂਨੀਵਰਸਿਟੀ ਵਿਚ ਗਏ ਤਾਂ ਉਥੇ ਸਾਨੂੰ ਇਹ ਪਤਾ ਲਗਾ ਕਿ ਇਕ ਭਾਰਤੀ ਲੜਕੇ ਨੇ ਵੀ ਅਹਿਮ ਥੀਸਸ ਲਿਖ ਕੇ ਸਫਲਤਾ ਹਾਸਲ ਕੀਤੀ ਹੈ।

ਮਾਸਕੋ, ਲੈਨਿਨ ਗਰਾਡ, ਵਾਲਗੋ ਗਰਾਡ ਵਿਚ ਵੀ ਸਾਨੂੰ ਅਜਿਹੇ ਭਾਰਤੀ ਵਿਦਿਆਰਥੀ ਮਿਲੇ ਜੋ ਵਖ ਵਖ ਯੂਨੀਵਰਸਿਟੀਆਂ ਵਿਚ ਅਤੇ ਟੈਕਨੀਕਲ ਸਕੂਲਾਂ ਤੇ ਕਾਲਜਾਂ ਵਿਚ ਵਿਦਿਆ ਹਾਸਲ ਕਰ ਰਹੇ ਸਨ। ਇਸੇ ਤਰ੍ਹਾਂ ਕਈ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੇ ਵੀ ਸਾਨੂੰ ਦਸਿਆ ਕਿ ਅਸੀਂ ਏਧਰ ਚੰਗੀ ਵਿੱਦਿਆ ਪਾ ਰਹੇ ਹਾਂ।

ਉਜ਼ਬੇਕਿਸਤਾਨ ਤੇ ਤਾਜਿਕਸਤਾਨ ਦੀ ਤਾਰੀਖ, ਖਾਣੇ ਦੇ ਕਈ ਸ਼ਬਦ ਸਾਡੇ ਨਾਲ ਮਿਲਦੇ ਜੁਲਦੇ ਹਨ। ਉਹ ਆਪਣੇ ਆਪ ਨੂੰ ਭਾਰਤ ਦਾ ਗੁਆਂਢੀ ਤੇ ਕਰੀਬੀ ਸਮਝਦੇ ਹਨ। ਚਿਰਚਕ ਵਿਚ ਸਾਡਾ ਸੁਆਗਤ ਹਿੰਦ-ਰੂਸ ਮਿਤਰਤਾ ਸੁਸਾਇਟੀ ਦੇ ਪਰਧਾਨ ਹੈਦਰ ਨੇ ਕੀਤਾ। ਫੈਕਟਰੀ ਵਿਚ ਗਏ ਤਾਂ ਉਥੇ ਉਸ ਨੇ ਸਾਡਾ ਸੁਆਗਤ ਡਾਇਰੈਕਟਰ ਵਜੋਂ ਕੀਤਾ। ਫੈਕਟਰੀ ਬਾਰੇ ਦਸਣ ਤੋਂ ਪਿਛੋਂ ਉਸ ਸਾਨੂੰ ਖਾਣਾ ਪਸ਼ ਕੀਤਾ। ਫਿਰ ਉਹਨਾਂ ਨੇ ਸਾਨੂੰ ਵਰਕਰਾਂ ਨੂੰ ਮੁਹਈਆ ਕੀਤੀਆਂ ਜਾ ਰਹੀਆਂ ਦੂਜੀਆਂ ਸਹੂਲਤਾਂ ਵਿਖਾਈਆਂ, ਜਿਹਨਾ ਵਿਚ ਹਸਪਤਾਲ, ਖੇਡ-ਕੂਦ, ਸਿਨੇਮਾ, ਥੀਏਟਰ ਤੇ ਹੋਰ ਸਹੂਲਤਾਂ ਸ਼ਾਮਲ ਹਨ।

---

ਕਰੇਗੀ।

ਇਹ ਇਕ ਬੁਨਿਆਦੀ ਸੁਆਲ ਹੈ, ਇਸ ਲਈ ਅਸੀਂ ਇਹ ਆਸ ਰਖਦੇ ਹਾਂ ਕਿ ਸ੍ਰੀ ਗੁਰਨਾਮ ਸਿੰਘ ਇਸ ਗਲ ਦੀ ਪਰਵਾਹ ਨਾ ਕਰਦੇ ਹੋਏ ਕਿ ਜਨਸੰਘ ਇਸ ਸੁਆਲ ਤੇ ਉਲਟੀ ਖੋਪੜੀ ਤੋਂ ਕੰਮ ਲੈਂਦਾ ਹੈ, ਨਿਜਲੰਗਪਾ ਤੇ ਆਪਣੀ ਚੋਟ ਨੂੰ ਵਦਾਣੀ ਸੱਟ ਬਨਾਉਣ ਲਈ ਅਵਸ਼ ਹੀ ਹੰਭਲਾ ਮਾਰਨਗੇ।

---

ਨਿਯਤ ਕਰਕੇ ਪੈਦਾ ਕੀਤੀ ਕਿਸਾਨਾਂ ਨੂੰ ਦਿਖਾਣਾ ਤੇ ਮਲ ਦੀ ਵਾਢੀ ਤੇ ਸਫਲ ਦਾ ਪੂਰਾ ਰੀਕਾਰਡ ਕਾਇਮ ਨਾ। ਦੂਜੀ ਤੇ ਤੀਜੀ ਫਸਲ ਲਈ ਇਹ ਹੀ ਕਾਰਵਾਈ ਕਰਨੀ ਪੈਂਦੀ ਹੈ। ਅਵਸ਼ਕ ਬੀਜ਼ਾਂ ਦੀ ਖਰੀਦ ਲਈ ਦੋ ਫਸਲਾਂ ਦੇ ਚਕਰ ਲਈ 800 ਰੁਪੈ ਤੇ ਤਿੰਨ ਫਸਲਾਂ ਦੇ ਚਕਰਾਂ ਲਈ 440 ਰੁਪੈ ਦੇ ਖਰਚ ਦੀ ਪਰਵਾਨਗੀ ਦਿਤੀ ਗਈ ਸੀ।

ਦੋ ਫਸਲਾਂ 660 ਖੇਤਾਂ ਵਿਚ ਬੀਜੀਆਂ ਗਈਆਂ ਸਨ ਜਿਨ੍ਹਾਂ ਵਿਚੋਂ

ਮੇਰੀ ਸੋਵੀਅਤ ਯਾਤਰਾ-੫

# "ਅਸੀਂ ਤੁਹਾਡੇ ਨਾਲ ਹਾਂ"

–ਵੀਰ ਭਾਨ ਭੁਲਰ–

ਭਾਰਤ ਵਿਚ ਰੂਸ ਦੀ ਮਦਦ ਨਾਲ ਜਿਹੜੇ ਵਡੇ ਵਡੇ ਕਾਰਖਾਨੇ ਉਸਾਰੇ ਜਾ ਰਹੇ ਹਨ ਉਹ ਸਭ ਦੇ ਸਾਹਮਣੇ ਹਨ। ਇਸੇ ਤਰ੍ਹਾਂ ਇਹ ਵੀ ਸਭ ਨੂੰ ਪਤਾ ਹੈ ਕਿ ਜਦੋਂ ਪਾਕਿਸਤਾਨ ਨੇ ਅਮਰੀਕਨ ਮਦਦ ਨਾਲ ਭਾਰਤ ਤੇ ਹਮਲਾ ਕੀਤਾ ਤਾਂ ਸੋਵੀਅਤ ਯੂਨੀਅਨ ਨੇ ਸਾਡੀ ਡਟਵੀਂ ਮਦਦ ਕੀਤੀ ਅਤੇ ਅਸੀਂ ਅਮਰੀਕੀ ਪੈਟਨ ਟੈਂਕਾਂ ਦੇ ਛਕੇ ਛੁਡਾ ਦਿਤੇ। ਹੁਣ ਵੀ ਬੋਕਾਰੋ ਪਲਾਂਟ ਲਾਇਆ ਜਾ ਰਿਹਾ ਹੈ ਅਤੇ ਹਿੰਦ-ਭਾਰਤ ਮਿਤਰਤਾ ਦੀ ਮਹਿਕ ਵੰਡਣ ਵਾਲਾ ਨਵਾਂ ਕੇਂਦਰ ਉਭਰ ਰਿਹਾ ਹੈ। ਇਸੇ ਤਰ੍ਹਾਂ ਭਾਰਤ ਨੂੰ ਆਪਣੇ ਪੈਰਾਂ ਤੇ ਖੜਾ ਹੋਣ ਦੇ ਸਮਰਥ ਬਣਾਉਣ ਲਈ ਹੋਰ ਵੀ ਕਈ ਸੰਧੀਆਂ ਤੇ ਸਮਝੌਤੇ ਕੀਤੇ ਜਾ ਰਹੇ ਹਨ। ਪਰ ਇਹਨਾ ਸਾਰੀਆਂ ਗਲਾਂ ਦੇ ਬਾਵਜੂਦ ਇਸ ਗਲ ਦਾ ਇਥੇ ਆ ਕੇ ਹੀ ਪਤਾ ਲਗਾ ਕਿ ਸੋਵੀਅਤ ਯੂਨੀਅਨ ਵਿਚ ਭਾਰਤ ਨਾਲ ਮਿਤਰਤਾ ਦਾ ਜਜ਼ਬਾ ਕਿੰਨਾ ਡੂੰਘਾ ਹੈ। ਅਸੀਂ ਲੈਨਿਨਗਰਾਡ ਵਿਚ ਅਕਤੂਬਰ ਮਿਊਜ਼ੀਅਮ ਵੇਖਣ ਗਏ। ਬੇ ਨਿਨਾਵੇਵਾ ਜਦੋਂ ਸਾਨੂੰ ਸਭ ਕੁਝ ਵਿਖਾ ਚੁਕੀ ਤਾਂ ਉਸ ਨੇ ਦਸਿਆ ਕਿ ਮੇਰਾ ਪਤੀ ਬੋਕਾਰੋ ਪਲਾਂਟ ਦੀ ਉਸਾਰੀ ਲਈ ਭਾਰਤ ਗਿਆ ਹੋਇਆ ਹੈ।

ਲੈਨਿਨਗਰਾਡ ਵਿਚ ਜਦੋਂ ਅਸੀਂ ਇਲੈਕਟਰੋ ਸੀਲਾ ਪਲਾਂਟ ਵੇਖਣ ਗਏ ਤਾਂ ਉਥੇ ਜਿਨ੍ਹਾਂ ਮੇਜ਼ਾਂ ਦੇ ਦੁਆਲੇ ਅਸੀਂ ਬੈਠੇ ਉਥੇ ਰੂਸੀ ਝੰਡੇ ਦੇ ਨਾਲ ਨਾਲ ਹਿੰਦੁਸਤਾਨੀ ਝੰਡਾ ਵੀ ਮੌਜੂਦ ਸੀ।

'ਡਿਪਟੀ ਚੀਫ ਆਫ ਦੀ ਫੈਕਟਰੀ, ਜੋ ਇਸ ਫੈਕਟਰੀ ਵਲੋਂ ਭਾਰਤ ਦੀ ਮਦਦ ਵੀ ਕਰਦਾ ਹੈ ਉਹ ਵੀ ਉਥੇ ਮੌਜੂਦ ਸੀ। ਨਵੰਬਰ ਵਿਚ ਉਹ ਭਾਰਤ ਵਿਚ ਸਨ। ਪਿਛਲੇ ਦਿਨੀਂ ਉਹ ਮਾਸਕੋ ਵਾਪਸ ਆ ਗਏ ਸਨ। ਉਹਨਾਂ ਨੇ ਦਸਿਆ ਕਿ ਉਹ ਹਰਦੁਆਰ ਦੇ ਇਲੈਕਟਰਸਿਟੀ ਪਲਾਂਟ ਵਿਚ ਕੰਮ ਕਰਦੇ ਸਨ ਜੋ ਕਿ ਰੂਸ ਦੀ ਮਦਦ ਨਾਲ ਤਿਆਰ ਹੋ ਰਿਹਾ ਹੈ। ਉਹਨਾਂ ਨੇ ਦਸਿਆ ਕਿ ਹੁਣ ਉਹ ਇਕ ਹਜ਼ਾਰ ਕਿਲੋਵਾਟ ਬਿਜਲੀ ਤਿਆਰ ਕਰਦਾ ਹੈ, ਛੇਤੀ ਹੀ ਦੋ ਹਜ਼ਾਰ ਕਿਲੋਵਾਟ ਬਿਜਲੀ ਪੈਦਾ ਕਰਨ ਲਗੇਗਾ ਅਤੇ ਉਸ ਦੀ ਸ਼ਕਤੀ ਤਿੰਨ ਹਜ਼ਾਰ ਕਿਲੋਵਾਟ ਹੋ ਸਕਦੀ ਹੈ। ਉਹਨਾਂ ਨੇ ਦਸਿਆ ਕਿ ਸੋਵੀਅਤ ਯੂਨੀਅਨ ਨਾ ਕੇਵਲ ਭਖੜੇ ਵਿਚ ਸਗੋਂ ਹੋਰ ਕਈ ਥਾਈਂ ਵੀ ਪਣ ਬਿਜਲੀਘਰ ਉਸਾਰਣ ਵਿਚ ਸਹਿਯੋਗ ਦੇ ਰਿਹਾ ਹੈ। ਇਹ ਕਾਰਖਾਨਾ ਸੋਵੀਅਤ ਰੂਸ ਵਿਚ ਨਾਜ਼ੀ ਹਮਲੇ ਵੇਲੇ ਫਰੰਟ ਲਾਈਨ ਤੇ ਸੀ।

ਇਹ ਕਾਰਖਾਨਾ ਕਈ ਹੋਰ ਦੇਸ਼ਾਂ ਦੀ ਮਦਦ ਵੀ ਕਰ ਰਿਹਾ ਹੈ। ਕਾਰਖਾਨੇ ਵਿਚ ਨਵੀਨ ਕਿਸਮ ਦੀ ਮਸ਼ੀਨਰੀ ਫਿਟ ਕੀਤੀ ਜਾ ਰਹੀ ਹੈ। ਇਸ ਫੈਕਟਰੀ ਦਾ ਟੈਕਨੀਕਲ ਸਕੂਲ ਵੀ ਅਸੀਂ ਵੇਖਿਆ। ਇਥੇ ਵਰਕਰ ਡਿਊਟੀ ਖਤਮ ਹੋਣ ਤੋਂ ਪਿਛੋਂ ਆਪਣਾ ਹੁਨਰ ਵਧਾਉਣ ਲਈ ਟਰੇਨਿੰਗ ਹਾਸਲ ਕਰਦੇ ਹਨ। ਇਸ ਟੈਕਨੀਕਲ ਸਕੂਲ ਵਿਚ ਪੜ੍ਹਾਈ ਦਾ ਸਪੈਸ਼ਲ ਸਿਸਟਮ ਹੈ। ਕਾਰਖਾਨੇ ਦੇ ਇਸ ਸਕੂਲ ਵਿਚ ਸੈਂ ਲੜਕੇ ਲੜਕੀਆਂ ਚੰਗੀ ਸਿਖਲਾਈ ਲੈ ਕੇ ਆਪਣਾ ਹੁਨਰ ਵਧਾ ਕੇ ਦੂਜੇ ਸ਼ਹਿਰਾਂ ਵਿਚ ਜਾ ਚੁਕੇ ਹਨ ਅਤੇ ਵਖ ਵਖ ਵਿਭਾਗਾਂ ਵਿਚ ਕੰਮ ਕਰਦੇ ਹਨ। ਇਧਰ ਅਸੀਂ ਇਕ ਕਮਰੇ ਵਿਚ ਦਾਖਲ ਹੋਏ ਹੀ ਸਾਂ ਕਿ ਇਕ ਬਹੁਤ ਵਡੇ ਮੋਟੇ ਤਾਜ਼ੇ ਰੂਸੀ ਟੀਚਰ ਨੇ ਸਾਨੂੰ ਵੇਖਦੇ ਹੀ ਕਿਹਾ ਹਿੰਦੀ ਰੂਸੀ ਭਾਈ ਭਾਈ। ਜਿਸ ਕਮਰੇ ਵਿਚ ਅਸੀਂ ਦਾਖਲ ਹੁੰਦੇ ਬਚੇ ਤੇ ਵਿਦਿਆਰਥੀ ਖੜੇ ਹੋ ਜਾਂਦੇ।

'ਮਾਸਕੋ ਵਿਚ ਅਸੀਂ''ਅਰਜਨ ਕੀ 'ਜੇ ਫੈਕਟਰੀ ਵਿਚ ਗਏ। ਇਹ ਮਸ਼ੀਨ ਟੂਲਜ਼ ਦਾ ਬਹੁਤ ਵਡਾ ਕਾਰਖਾਨਾ ਹੈ ਅਤੇ ਕਾਰਖਾਨ ਤਿਆਰ ਕਰਦਾ ਹੈ। ਇਥੇ ਮੋਟਰਾਂ ਤੇ ਟਰੈਕਟਰਾਂ ਦੇ ਮਾਡਲ ਤਿਆਰ ਕੀਤੇ ਜਾਂਦੇ ਹਨ। ਇਸ ਦੀ ਮਦਦ ਨਾਲ ਦੂਜੇ ਦੇਸ਼ਾਂ ਵਿਚ ਕਾਰਖਾਨਾ ਤਿਆਰ ਹੋ ਜਾਂਦਾ ਹੈ। ਸਾਨੂੰ ਦਸਿਆ ਗਿਆ ਕਿ ਇਹ ਮਾਲ ਹਿੰਦੁਸਤਾਨ ਲਈ ਹੈ ਜੋ ਮੁਕੰਮਲ ਹੋ ਚੁਕਿਆ ਸੀ। ਸਾਨੂੰ ਉਹ ਮਾਲ ਵੀ ਵਿਖਾਇਆ ਗਿਆ ਜੋ ਅਜ ਸੰਪੂਰਨ ਕੀਤਾ ਜਾ ਰਿਹਾ ਹੈ। ਫੈਕਟਰੀ ਨੂੰ ਨਾ ਕੇਵਲ ਵਧਾਇਆ ਜਾ ਰਿਹਾ ਹੈ, ਸਗੋਂ ਨਵੀਂ ਮਸ਼ੀਨਰੀ ਫਿਟ ਕੀਤੀ ਜਾ ਰਹੀ ਹੈ।

ਵਖ ਵਖ ਸ਼ਹਿਰਾਂ ਵਿਚ ਜਿਹੜੇ ਹੋਟਲਾਂ ਵਿਚ ਅਸੀਂ ਠਹਿਰੇ ਉਹ ਬ ਮੰਜ਼ਲੇ ਸਨ। ਉਹਨਾਂ ਵਿਚ ਸੈਂਕੜੇ ਕਮਰੇ ਸਨ, ਆਰਾਮ ਦਾ ਪੂਰਾ ਸਾਮਾਨ ਸੀ ਤੇ ਸਾਡੇ ਖਾਣ ਦੇ ਮੇਜ਼ਾਂ ਉਤੇ ਭਾਰਤ ਦਾ ਕੌਮੀ ਝੰਡਾ ਝੂਲ ਰਿਹਾ ਹੁੰਦਾ ਸੀ।

ਵਖ ਵਖ ਫੈਕਟਰੀਆਂ ਦੇ ਮਜ਼ਦੂਰਾਂ ਨੇ ਭਾਰਤੀ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਦਿਲਚਸਪੀ ਪ੍ਰਗਟ ਕੀਤੀ ਭਾਈਚਾਰੇ ਨੂੰ ਮਜ਼ਬੂਤ ਕਰਨ ਤੇ ਜ਼ੋਰ ਦਿਤਾ।

ਲੈਨਿਨਗਰਾਡ ਵਿਚ ਅਸੀਂ ਕਰੂਜ਼ਰ ਅਰੋਰਾ (ਉਹ ਸਮੁੰਦਰੀ ਬੇੜਾ ਜਿਸ ਦੇ ਜਹਾਜ਼ੀਆਂ ਨੇ ਬਗਾਵਤ ਕਰ ਦਿਤੀ ਸੀ ਤੇ ਕਰੈਂਸਕੀ ਦੀ ਸਰਕਾਰ ਖਤਮ ਕਰਨ ਲਈ ਇਨਕਲਾਬੀਆਂ ਦਾ ਸਾਥ ਦਿਤਾ ਸੀ, ਵੇਖਣ ਗਏ। ਬੇੜੇ ਦੇ ਵਰਕਰਾਂ ਦੇ ਪ੍ਰਤੀਨਿਧਾਂ ਨੇ ਨਾ ਕੇਵਲ ਸਾਡਾ ਇਸ ਲਈ ਹਾਰਦਿਕ ਸੁਆਗਤ ਕੀਤਾ ਕਿ ਅਸੀਂ ਭਾਰਤੀ ਸਾਂ ਸਗੋਂ ਉਹਨਾਂ ਨੇ ਭਾਰਤੀ ਮਜ਼ਦੂਰ ਜਮਾਤ ਦੇ ਨਾਂਅ ਇਹ ਸੰਦੇਸ਼ ਵੀ ਦਿਤਾ ਕਿ "ਭਾਰਤੀ ਮਜ਼ਦੂਰੋ ਅਸੀਂ ਤੁਹਾਡੇ ਨਾਲ ਹਾਂ।" (ਚ ਦਾ)

## ਪੰਚਾਇਤ ਰਾਜ ਮੁਲਾਜ਼ਮਾਂ ਦੀ ਚੋਣ ਇਕਤਰਤਾ

ਮਾਛੀਵਾੜਾ 6 ਮਾਰਚ—ਪੰਜਾਬ ਡਿਵੈਲਪਮੈਂਟ ਤੇ ਪੰਚਾਇਤ ਰਾਜ ਸਰਵਿਸਿਜ਼ ਫੈਡਰੇਸ਼ਨ ਦੇ ਵਿਧਾਨ ਅਨੁਸਾਰ ਮਾਛੀਵਾੜਾ ਬਲਾਕ ਦੇ ਸਮੂਹ ਕਰਮਚਾਰੀਆਂ ਦੀ ਵਿਸ਼ੇਸ਼ ਇਕਤਰਤਾ ਸ੍ਰੀ ਹਰਬੰਸ ਸਿੰਘ ਢਿਲੋਂ ਬੀ. ਡੀ. ਓ. ਮਾਛੀਵਾੜਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਧਾਨ ਅਨੁਸਾਰ ਬਲਾਕ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਜਿ

## ਮੇਰੀ ਸੋਵੀਅਤ ਯਾਤਰਾ--੭

# ਇਹ ਵੀ ਇਕ ਫਿਲਮ ਸੀ

–ਵੀਰ ਭਾਨ ਭੁਲਰ–

ਸੋਵੀਅਤ ਯੂਨੀਅਨ ਦੀ ਅਮਨ-ਪਸੰਦੀ ਤੇ ਭਾਰਤ ਨਾਲ ਮਿਤਰਤਾ ਦੇ ਸਬੰਧ ਵਿਚ ਮੈਂ ਪਹਿਲਾਂ ਅਰਜ਼ ਕਰ ਚੁਕਿਆ ਹਾਂ। ਹੁਣ ਮੈਂ ਸੋਵੀਅਤ ਯੂਨੀਅਨ ਵਿਚ ਜੋ ਕੁਝ ਵੇਖਿਆ ਹੈ, ਉਸ ਦੇ ਦੂਜੇ ਪਖਾਂ ਤੇ ਰੋਸ਼ਨੀ ਪਾਵਾਂਗਾ।

ਸਭ ਤੋਂ ਪਹਿਲਾਂ ਮੈਂ ਇਹ ਅਰਜ਼ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਸਾਡਾ ਡੈਲੀਗੇਸ਼ਨ ਕਾਰਖਾਨਿਆਂ ਵਿਚ, ਰੇਲ ਗਡੀਆਂ ਵਿਚ, ਹਵਾਈ ਜਹਾਜ਼ਾਂ, ਹੋਟਲਾਂ ਤੇ ਮਜ਼ਦੂਰਾਂ ਦੇ ਕੇਂਦਰਾਂ ਵਿਚ ਮਜ਼ਦੂਰਾਂ ਨੂੰ ਮਿਲਿਆ। ਅਸੀਂ ਫਲੈਟਾਂ ਵਿਚ ਵੀ ਮਜ਼ਦੂਰਾਂ ਤੇ ਉਹਨਾਂ ਦੇ ਟਬਰ ਦੇ ਜੀਆਂ ਨੂੰ ਮਿਲੇ। ਉਹਨਾਂ ਦੀ ਜ਼ਿੰਦਗੀ ਬਾਰੇ ਵਾਕਫੀਅਤ ਹਾਸਲ ਕੀਤੀ। ਅਸੀਂ ਟਰੇਡ ਯੂਨੀਅਨ ਤੇ ਕਮਿਊਨਿਸਟ ਲੀਡਰਾਂ ਨੂੰ ਵੀ ਮਿਲੇ ਤੇ ਵਿਚਾਰ-ਵਟਾਂਦਰਾ ਕੀਤਾ। ਅਸੀਂ ਵਖ ਵਖ ਫੈਕਟਰੀਆਂ ਤੇ ਅਦਾਰਿਆਂ ਦੇ ਡਾਇਰੈਕਟਰਾਂ, ਵਖ ਵਖ ਯੂਨੀਵਰਸਿਟੀਆਂ ਦੇ ਡਾਇਰੈਕਟਰਾਂ ਤੇ ਪਰੋਫੈਸਰਾਂ, ਡਾਕਟਰਾਂ, ਇੰਜੀਨੀਅਰਾਂ ਤੇ ਕਈ ਹੋਰ ਅਹਿਮ ਲੋਕਾਂ ਨਾਲ ਮਿਲਣ ਤੋਂ ਉਪਰੰਤ ਪਾਰਟੀ ਲਾਈਫ ਦੇ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਨੂੰ ਵੀ ਮਿਲੇ।

ਇਹ ਤਾਂ ਮੈਂ ਪਹਿਲਾਂ ਹੀ ਦਸ ਚੁਕਿਆ ਹਾਂ ਕਿ ਮਾਸਕੋ ਕਰਿਮਲਿਨ ਵਿਚ ਸ਼ਹੀਦਾਂ ਦੀਆਂ ਯਾਦਾਂ ਦੀ ਜ਼ਿਆਰਤ ਲਈ ਕਿਵੇਂ ਲੋਕਾਂ ਦੀਆਂ ਕਤਾਰਾਂ ਲਗੀਆਂ ਰਹਿੰਦੀਆਂ ਹਨ। ਲੈਨਿਨ ਮਿਊਜ਼ੀਅਮ ਵਿਚ ਮਿਸ ਤਾਂਤੋਆ ਨੇ, ਜੋ ਸ਼ਕਲ ਸੂਰਤ ਤੋਂ ਬਿਲਕੁਲ ਇਕ ਪੰਜਾਬੀ ਕੁੜੀ ਜਾਪਦੀ ਸੀ, ਤਸਵੀਰਾਂ ਦੁਆਰਾ ਸੋਵੀਅਤ ਯੂਨੀਅਨ ਦੇ ਇਤਿਹਾਸ ਵਿਚ ਕਾਮਰੇਡ ਲੈਨਿਨ ਤੇ ਉਨ੍ਹਾਂ ਦੇ ਖਾਨਦਾਨ ਦੇ ਰੋਲ ਤੇ ਰੋਸ਼ਨੀ ਪਾਈ।

ਨੇੜੇ ਹੀ ਲਾਲ ਚੌਕ ਵਿਚ ਮਈ ਦਿਨ ਦੀ ਪਰੇਡ ਹੁੰਦੀ ਹੈ। ਇਹ ਬੜਾ ਵਿਸ਼ਾਲ ਹੈ। ਇਥੇ ਟਰੈਫਿਕ ਏਨੀ ਜ਼ਿਆਦਾ ਹੁੰਦੀ ਹੈ ਕਿ ਕੋਈ ਵੀ ਸੜਕ ਕਰਾਸ ਨਹੀਂ ਕਰ ਸਕਦਾ। ਉਂਝ ਵੀ ਸਾਰੇ ਦਾ ਸਾਰਾ ਟਰੈਫਿਕ ਇਕ ਤਰਫਾ ਹੈ। ਲੋਕਾਂ ਲਈ ਇਕ ਪਾਸਿਉਂ ਦੂਜੇ ਪਾਸੇ ਜਾਣ ਲਈ ਅੰਡਰ-ਗਰਾਊਂਡ ਰਾਹ ਮੌਜੂਦ ਹਨ।

ਆਰਥਕ ਨੁਮਾਇਸ਼ ਦਾ ਪਕਾ ਪਵਿਲੀਅਨ ਵੀ ਮਾਸਕੋ ਵਿਚ ਮੌਜੂਦ ਹੈ। ਇਹ ਸੋਵੀਅਤ ਯੂਨੀਅਨ ਦੇ ਸੋਲ੍ਹਾਂ ਗਣਰਾਜਾਂ ਦਾ ਸਾਂਝਾ ਪਵਿਲੀਅਨ ਹੈ ਅਤੇ ਸਨਅਤਵਾਰ ਹੈ। ਬਹੁਤ ਵਡੇ ਇਲਾਕੇ ਵਿਚ ਫੈਲੀ ਹੋਈ ਇਹ ਨੁਮਾਇਸ਼ ਵਖ ਵਖ ਗਣਰਾਜਾਂ ਵਿਚ ਹੋ ਰਹੀ ਤਰੱਕੀ ਦੇ ਸੰਕੇਤ ਦੇਂਦੀ ਹੈ। ਜੇ ਸਾਰੀ ਦੀ ਸਾਰੀ ਨੁਮਾਇਸ਼ ਦੇਖਣੀ ਹੋਵੇ ਤਾਂ ਉਸ ਉਤੇ ਕਈ ਦਿਨ ਲਗ ਜਾਣ। ਸਨਅਤੀ ਚੀਜ਼ਾਂ ਦੀ ਨੁਮਾਇਸ਼ ਵਿਚ ਵਖ ਵਖ ਕਿਸਮ ਦੀ ਸਾਈਕਲ, ਸਕੂਟਰ, ਕਾਰਾਂ ਤੇ ਉਥੇ ਤਿਆਰ ਕੀਤੀਆਂ ਜਾਂਦੀਆਂ ਹੋਰ ਚੀਜ਼ਾਂ ਪਈਆਂ ਸਨ।

ਰਾਕਟਾਂ ਦੇ ਮਾਡਲ, ਖੋਜ ਕਰਨ ਵਾਲੇ ਰਾਕਟ, ਸ਼ੁਰੂ ਤੋਂ ਲੈ ਕੇ ਅਜ ਤਕ ਜਿਹੜੇ ਰਾਕਟ ਛਡੇ ਗਏ ਹਨ ਉਹਨਾਂ ਸਭਨਾਂ ਦੇ ਮਾਡਲ, ਜਿਹੜੇ ਪੁਲਾੜ ਜਹਾਜ਼ਾਂ ਵਿਚ ਤਰੇਸ਼ਕੋਵਾ, ਗਗਾਰਿਨ ਤੇ ਦੂਜੇ ਪੁਲਾੜ ਯਾਤਰੀ ਉਡ ਚੁਕੇ ਸਨ, ਚੰਨ ਤੇ ਝੰਡਾ ਗਡਣ ਵਾਲੇ, ਚੰਨ ਦੀਆਂ ਤਸਵੀਰਾਂ ਉਤਾਰਨ ਵਾਲੇ ਹਰ ਪਰਕਾਰ ਦੇ ਰਾਕਟਾਂ ਦੇ ਨਮੂਨੇ ਉਥੇ ਪਏ ਸਨ। ਜਿਸ ਤਰ੍ਹਾਂ ਦੀ ਪੁਸ਼ਾਕ ਉਹਨਾਂ ਨੂੰ ਪੁਆਈ ਜਾਂਦੀ, ਕਿਵੇਂ ਉਹ ਸੌਂਦੇ, ਕਿਵੇਂ ਪੈਰਾਸ਼ੂਟ ਵਰਤਦੇ ਸਨ ਆਦਿ ਸਭ ਗਲਾਂ ਦੇ ਮਾਡਲ ਵੀ ਨੁਮਾਇਸ਼ ਵਿਚ ਮੌਜੂਦ ਸਨ। ਅਸੀਂ ਵੇਖਿਆ ਪੁਲਾੜ ਯਾਤਰੀ ਖੇਲ ਵਿਚ ਸੁਤਾ ਹੋਇਆ ਹੈ, ਉਸ ਦੇ ਕੋਲ ਪੈਰਾਸ਼ੂਟ ਹੈ ਅਤੇ ਉਸ ਦੇ ਸਾਹਮਣੇ ਕੈਮਰਾ ਹੈ।

ਨੁਮਾਇਸ਼ ਵਿਚ ਇਕ ਫੈਸ਼ਨ ਸ਼ੋਅ ਵੀ ਹੋ ਰਿਹਾ ਸੀ। ਇਸ ਵਿਚ ਅਜੇ ਦੇਰ ਸੀ। ਅਸੀਂ ਦੂਜੀ ਨੁਮਾਇਸ਼ ਵੇਖਣ ਗਏ। ਮੈਂ ਤਾਂ ਇਕ ਬਚੇ ਨਾਲ ਹੀ ਮੋਹਿਤ ਹੋ ਗਿਆ। ਇਹ ਬੱਚਾ ਬਚਿਆਂ ਦੇ ਖਿਡੌਣੇ ਵੇਖ ਰਿਹਾ ਸੀ। ਬਾਕੀ ਸਾਥੀ ਦੂਜੀ ਨੁਮਾਇਸ਼ ਵੇਖਣ ਚਲੇ ਗਏ। ਬੜੀ ਮੁਸ਼ਕਲ ਨਾਲ ਅਸੀਂ ਇਕ ਦੂਜੇ ਨੂੰ ਮਿਲੇ। ਅਤੇ ਇਹ ਸੀ ਸਰਕੂਲਰ ਸਿਨੇਮਾ। ਅਸੀਂ ਗੋਲ ਜਹੇ ਕਮਰੇ ਵਿਚ ਖਲੋ ਗਏ। ਹਨੇਰਾ ਹੋ ਗਿਆ ਤੇ ਫਿਲਮ ਚਲਣੀ ਸ਼ੁਰੂ ਹੋ ਗਈ। ਫਿਲਮ ਵਖ ਵਖ ਗਣਰਾਜਾਂ ਦੇ ਲੋਕਾਂ ਦੇ ਜੀਵਨ ਦੇ ਸਬੰਧ ਵਿਚ ਸੀ, ਜੋ ਹਸ ਰਹੇ ਸਨ, ਖੇਡ ਰਹੇ ਸਨ, ਫਿਲਮ ਵੇਖਣ ਲਈ ਕਦੇ ਅਸੀਂ ਸਾਹਮਣੇ ਵੇਖਦੇ, ਕਦੇ ਸਜੇ, ਕਦੇ ਖਬੇ ਅਤੇ ਕਦੇ ਪਿਛੇ ਹਲ। ਯਕਾ ਯਕ ਸਾਹਮਣੇ ਦੀ ਤਸਵੀਰ ਵਿਚ ਇਕ ਨੌਜੁਆਨ ਨੇ ਗੋਲਾ ਸੁਟਿਆ। ਅਸੀਂ ਮੁੜ ਕੇ ਵੇਖਿਆ ਤਾਂ ਦੂਜੇ ਪਾਸੇ ਦੂਜਾ ਨੌਜੁਆਨ ਉਸ ਨੂੰ ਫੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਥੇ ਫਿਲਮ ਖਲੋ ਕੇ ਵੇਖੀ ਜਾਂਦੀ ਹੈ।

## ਮੇਰੀ ਸੋਵੀਅਤ ਯਾਤਰਾ--੮

# ਜਿਥੇ ਸਾਥੀ ਲੈਨਿਨ ਨੇ ਆਖਰੀ ਦਿਨ ਗੁਜ਼ਾਰੇ

ਮਾਸਕੋ ਤੋਂ ਕਾਫੀ ਫਾਸਲੇ ਤੇ ਅਸੀਂ ਗੋਰਕੀ ਪਿੰਡ ਵੇਖਣ ਗਏ ਜਿਥੇ ਸਾਥੀ ਲੇਨਿਨ ਨੇ ਜ਼ਿੰਦਗੀ ਦੇ ਅੰਤਮ ਦਿਨ ਗੁਜ਼ਾਰੇ । ਇਹ ਗਲ ਵਰਨਣ ਯੋਗ ਹੈ ਕਿ ਇਨਕਲਾਬ ਤੋਂ ਪਹਿਲਾਂ ਇਹ ਇਕ ਬਹੁਤ ਵਡੇ ਜਾਗੀਰਦਾਰ ਦਾ ਪਿੰਡ ਸੀ। ਸਾਥੀ ਲੈਨਿਨ ਦੇ ਇਸ ਥਾਂ ਠਹਿਰਨ ਦਾ ਸਭ ਤੋਂ ਵਡਾ ਕਾਰਨ ਇਹ ਸੀ ਕਿ ਇਥੇ ਇਕ ਮਹਲ ਵਿਚ ਟੈਲੀਫੋਨ ਸੀ ਜਿਸ ਦਾ ਮਾਸਕੋ ਨਾਲ ਉਸ ਵੇਲੇ ਸੰਪਰਕ ਸੀ। ਇਹ ਇਕ ਪਹਾੜੀ ਤੇ ਵਾਕਿਆ ਹੈ । ਸਾਹਮਣੇ ਗੋਰਕੀ ਪਿੰਡ ਹੈ ਜੋ ਕੁਝ ਫਾਸਲੇ ਤੇ ਹੈ। ਸਾਥੀ ਲੈਨਿਨ ਇਸ ਪਿੰਡ ਦੇ ਲੋਕਾਂ ਨੂੰ ਅਕਸਰ ਮਿਲਿਆ ਕਰਦੇ ਸਨ। ਸਾਥੀ ਲੈਨਿਨ ਜਿਸ ਬੈਂਚ ਤੇ ਬੈਠਦੇ ਸਨ ਉਹ ਉਸੇ ਤਰ੍ਹਾਂ ਮੌਜੂਦ ਹੈ। ਉਹ ਮਹਲ ਦੀ ਇਕ ਨੁਕਰ ਵਿਚ ਛੋਟੀ ਜਿਹੀ ਇਮਾਰਤ ਵਿਚ ਰਹਿੰਦੇ ਸਨ । ਉਹ ਬਿਲਕੁਲ ਹੀ ਸਾਦਾ ਜ਼ਿੰਦਗੀ ਬਤੀਤ ਕਰਦੇ ਸਨ— ਏਨੇ ਸਾਦਾ ਕਿ ਬਿਆਨ ਤੋਂ ਵੀ ਬਾਹਰ ਹੈ। ਹੁਣ ਉਹ ਮਹਲ ਮਿਊਜ਼ੀਅਮ ਦਾ ਕੰਮ ਦੇਂਦਾ ਹੈ, ਜੋ ਕਿ ਉਹਨਾਂ ਦੀ ਜ਼ਿੰਦਗੀ ਦੇ ਸਾਰੇ ਪਖਾਂ ਤੇ ਰੌਸ਼ਨੀ ਪਾਉਂਦਾ ਹੈ।

ਅਤੇ ਜਦੋਂ ਅਸੀਂ ਗੋਰਕੀ ਵੇਖਦੇ ਜਾ ਰਹੇ ਸਾਂ, ਸਾਡੇ ਸਾਥੀ ਬਾਰ ਬਾਰ ਦੋ ਭਾਸ਼ੀਏ ਸਾਥੀ ਨੂੰ ਕਹਿੰਦੇ ਸਨ, ਸਾਨੂੰ ਮਜ਼ਦੂਰਾਂ ਦੀਆਂ ਬਸਤੀਆਂ ਵਿਖਾਉ । ਰਾਹ ਵਿਚ ਲਕੜੀ ਦੇ ਬਣੇ ਮਕਾਨ ਵੀ ਮੌਜੂਦ ਸਨ, ਪਹਿਲਾਂ ਤੋਂ ਤਿਆਰ ਸ਼ੁਦਾ ਫਲੈਟ ਸੀ ਮੌਜੂਦ ਸਨ ਤੇ ਨਵੇਂ ਫਲੈਟ ਵੀ ਬਣਾਏ ਜਾ ਰਹੇ ਸਨ। ਸਾਥੀਆਂ ਨੇ ਇਕ ਵਾਰ ਫਿਰ ਰੂਸੀ ਸਾਥੀ ਨੂੰ ਕਿਹਾ ਕਿ ਅਸੀਂ ਵਰਕਰਾਂ ਦੀ ਕਾਲੋਨੀ ਜ਼ਰੂਰ ਵੇਖਣੀ ਚਾਹੁੰਦੇ ਹਾਂ। ਇਹ ਗਲ ਪਰੋਗਰਾਮ ਵਿਚ ਜ਼ਰੂਰ ਸ਼ਾਮਲ ਕਰ ਲਈ ਜਾਵੇ ।

ਸਾਥੀ ਯਾਕੂਨਿਨ, ਜੋ ਸਾਡੇ ਨਾਲ ਕਾਰ ਵਿਚ ਬੈਠੇ ਸਨ (ਅਜ ਕਲ ਇਕ ਡੈਲੀਗੇਸ਼ਨ ਵਿਚ ਭਾਰਤ ਆਏ ਹਨ ਤੇ ਸਾਡੇ ਦੇਸ਼ ਦਾ ਦੌਰਾ ਕਰ ਰਹੇ ਹਨ) ਆਖਰ ਬੋਲ ਪਏ ਕਿ ਉਹ ਕੀ ਹੁੰਦੀ ਹੈ ? ਫਿਰ ਉਹਨਾਂ ਨੇ ਕਿਹਾ ਕਿ ਇਥੇ ਮਜ਼ਦੂਰਾਂ ਦੀਆਂ ਵਖ ਵਖ ਝੁਗੀਆਂ ਨਹੀਂ ਹੁੰਦੀਆਂ। ਫਲੈਟਾਂ ਵਲ ਇਸ਼ਾਰਾ ਕਰਦੇ ਹੋਏ ਸਾਥੀ ਨੇ ਕਿਹਾ ਉਹਨਾਂ ਸਾਰਿਆਂ ਵਿਚ ਸੋਵੀਅਤ ਸ਼ਹਿਰੀ ਰਹਿੰਦੇ ਹਨ। ਉਹਨਾਂ ਵਿਚ ਮਜ਼ਦੂਰ, ਬਾਬੂ, ਡਾਕਟਰ, ਇੰਜੀਨੀਅਰ, ਪਰੋਫੈਸਰ ਸਭ ਰਹਿੰਦੇ ਹਨ । ਲਕੜੀ ਦੇ ਬਣੇ ਮਕਾਨਾਂ ਵਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਿਹੜੀਆਂ ਸਹੂਲਤਾਂ— ਬਿਜਲੀ, ਪਾਣੀ, ਗੈਸ ਤੇ ਹੋਰ —— ਦੂਜੇ ਫਲੈਟਾਂ ਵਿਚ ਹਨ ਉਹ ਇਹਨਾਂ ਵਿਚ ਵੀ ਹਨ। ਇਹ ਵੀ ਅੰਦਰ ਤੋਂ ਉਹਨਾਂ ਫਲੈਟਾਂ ਵਾਂਗ ਹੀ ਗਰਮ ਹਨ ਜਿਹੇ ਜਿਹੇ ਸੱਠ ਫੀ ਸਦੀ ਆਬਾਦੀ ਨੂੰ ਮਿਲ ਚੁਕੇ ਹਨ।

ਮਾਸਕੋ ਦੇ ਆਲੇ ਦੁਆਲੇ ਵਡੇ ਪੈਮਾਨੇ ਤੇ ਫਲੈਟ ਉਸਾਰੇ ਜਾ ਰਹੇ ਹਨ। ਨਵੇਂ ਮਨਸੂਬੇ ਅਧੀਨ ਨਵੇਂ ਸਾਲ ਵਿਚ ਇਕ ਲਖ ਵੀਹ ਹਜ਼ਾਰ ਨਵੇਂ ਫਲੈਟ ਬਣਨਗੇ ਅਤੇ ਚਾਰ ਲਖ ਹੋਰ ਆਦਮੀਆਂ ਨੂੰ ਇਹਨਾਂ ਫਲੈਟਾਂ ਵਿਚ ਥਾਂ ਮਿਲੇਗੀ। ਪੰਜੀ ਮੰਜ਼ਲਾ ਮਕਾਨ ਵੀ ਬਣਨਗੇ । ਨਵੀਆਂ ਬਸਤੀਆਂ ਆਪਣੇ ਆਪ ਵਿਚ ਮੁਕੰਮਲ ਹੋਣਗੀਆਂ । ਰਿਹਾਇਸ਼ੀ ਮਕਾਨ, ਨਰਸਰੀਆਂ, ਸਕੂਲ, ਕਿੰਡਰਗਾਰਟਨ, ਦੁਕਾਨਾਂ, ਡਾਕਖਾਨੇ, ਹਸਪਤਾਲ ਤੇ ਦੂਜੇ ਸਾਰੇ ਅਦਾਰੇ ਮੌਜੂਦ ਹੋਣਗੇ, ਜੋ ਲੋਕਾਂ ਦੀ ਸੇਵਾ ਕਰ ਸਕਣਗੇ; ਨਵੇਂ ਪਲੈਨ ਅਧੀਨ ਮਾਸਕੋ ਦੇ 17 ਦੀ ਥਾਂ 29 ਜ਼ਿਲੇ ਹੋਣਗੇ। 1500 ਦੇ ਲਗ ਭਗ ਸਨਅਤੀ ਅਦਾਰੇ ਹਨ। ਉਹਨਾਂ ਵਿਚ ਇਕ ਸਨਅਤੀ ਅਦਾਰੇ ਦਾ ਜ਼ਿਕਰ ਮੈਂ ਅਗੇ ਚਲ ਕੇ ਕਰਾਂਗਾ। (ਚਲਦਾ)

## ਮੇਰੀ ਸੋਵੀਅਤ ਯਾਤਰਾ-9

# ਸਿਨੇਮਾ, ਥੀਏਟਰ ਤੇ ਲੋਕ

—ਵੀਰ ਭਾਨ ਭੁਲਰ—

ਕਰਿਮਲਿਨ ਵਿਚ ਅਸੀਂ ਪੈਲੇਸ ਆਫ ਕਾਂਗਰਸ ਵੇਖਣ ਲਈ ਵੀ ਗਏ। ਇਹ ਪੈਲੇਸ ਪਾਰਟੀ ਦੀ ਇਕੀਵੀਂ ਕਾਂਗਰਸ ਲਈ ਬਣਾਇਆ ਗਿਆ ਸੀ। ਸਾਥੀਆਂ ਨੇ ਦਸਿਆ ਕਿ ਇਹ ਜਾਣ ਬੁਝ ਕੇ ਬਹੁਮੁੱਲਾ ਨਹੀਂ ਬਣਾਇਆ ਗਿਆ। ਬੜੀ ਸੁੰਦਰ ਸੀ ਉਹ ਇਮਾਰਤ। ਹਾਲ ਵਿਚ ਅਠ ਹਜ਼ਾਰ ਸੀਟਾਂ ਦਾ ਪ੍ਰਬੰਧ ਸੀ। ਇਮਾਰਤ ਇਕ ਵਡੇ ਥੀਏਟਰ ਵਿਚ ਬਦਲ ਗਈ ਹੈ। ਉਸ ਦਿਨ ਥੀਏਟਰ ਵਿਚ ਇਕ ਪਹਾੜੀ ਲੜਕੀ ਬੈਲੇ ਪੇਸ਼ ਕੀਤਾ ਗਿਆ। ਟਿਕਟਾਂ ਤਾਂ ਲੋਕ ਪਹਿਲਾਂ ਹੀ ਹਾਸਲ ਕਰ ਲੈਂਦੇ ਹਨ। ਕੋਟੀਆਂ ਤੇ ਟੋਪ ਜਮਾਂ ਕਰਵਾਂਦੇ ਸਮੇਂ ਔਰਤਾਂ ਤੇ ਮਰਦਾਂ ਦਾ ਏਨਾ ਜ਼ਿਆਦਾ ਰਸ਼ ਹੁੰਦਾ ਹੈ ਕਿ ਤੋਬਾ ਹੀ ਭਲੀ। ਸੋਚਿਆ ਕਰਦੇ ਸਾਂ ਕਿ ਸਾਡੇ ਤਾਂ ਕੇਵਲ ਚਾਰ ਚਾਰ ਸੌ, ਪੰਜ ਪੰਜ ਸੌ ਸੀਟਾਂ ਵਾਲੇ ਸਿਨੇਮਾ ਹਾਲਾਂ ਵਿਚ ਜਦੋਂ ਰਸ਼ ਹੁੰਦਾ ਹੈ ਪਤਾ ਨਹੀਂ ਕਿੰਨੇ ਲੋਕਾਂ ਦੀਆਂ ਜੇਬਾਂ ਕਟੀਆਂ ਜਾਂਦੀਆਂ ਹਨ। ਸਚ ਸਾਡੇ ਤਾਂ ਇਹੋ ਜਿਹੇ ਮੌਕਿਆਂ ਤੇ ਬੜਾ ਹੀ ਹੰਗਾਮਾ ਹੁੰਦਾ ਹੈ, ਮਾਰਕੁਟਾਈ ਹੁੰਦੀ ਹੈ ਤੇ ਕਦੇ ਕਦੇ ਤਾਂ ਪੁਲਸ ਦੇ ਦਖਲ ਤਕ ਨੌਬਤ ਪਹੁੰਚਦੀ ਹੈ। ਪਰ ਉਥੇ ਨਾ ਕੋਈ ਹੰਗਾਮਾ ਵੇਖਣ ਵਿਚ ਆਇਆ, ਨਾ ਧਕੇ ਪਏ, ਨਾ ਕਿਸੇ ਦੀ ਜੇਬ ਕਟੀ ਗਈ। ਸਿਨੇਮਿਆਂ ਵਿਚ ਸੀਟੀਆਂ ਵੀ ਨਹੀਂ ਵਜਦੀਆਂ। ਕੋਈ ਆਪਣੀ ਸੀਟ ਛਡਕੇ ਦੂਜੇ ਦੀ ਸੀਟ ਤੇ ਨਹੀਂ ਬਹਿੰਦਾ ਨਾ ਹੀ ਬਹਿ ਸਕਦਾ ਹੈ, ਭਾਵੇਂ ਸੀਟ ਖਾਲੀ ਹੀ ਕਿਉਂ ਨਾ ਹੋਵੇ। ਹਾਂ ਕਲਾਕਾਰਾਂ ਦੇ ਗੀਤਾਂ ਤੇ ਕਾਰਨਾਮਿਆਂ ਤੇ ਹਾਲ ਤਾਲੀਆਂ ਨਾਲ ਗੂੰਜ ਉਠਦਾ ਹੈ ਤੇ ਵਾਹ ਵਾਹ ਦੇ ਨਾਅਰੇ ਉਠੇ ਹੁੰਦੇ ਹਨ। "ਪਹਾੜੀ ਲੜਕੀ" ਵਿਚ ਦਸਿਆ ਗਿਆ ਹੈ ਕਿ ਇਨਕਲਾਬ ਤੋਂ ਪਿਛੋਂ ਕਿਸ ਤਰ੍ਹਾਂ ਉਹ ਆਪਣੇ ਬੰਧਨਾਂ ਨੂੰ ਤੋੜਨ ਦੀ ਕੋਸ਼ਿਸ਼ ਕਰਦੀ ਹੈ। ਬਾਹਰ ਤਾਂ ਅੰਦਰ ਗਰੀਨ ਤੋਂ ਬਿਨਾਂ ਕੁਝ ਵੀ ਹਰਾ ਨਹੀਂ ਸੀ--ਪਤੇ ਝੜੇ ਹੋਏ ਸਨ, ਦਰਖਤ ਬਰਫਾਂ ਨਾਲ ਲਦੇ ਹੋਏ ਸਨ ਪਰ ਇਮਾਰਤ ਦੇ ਅੰਦਰ ਬਹੁਤ ਵਡਾ ਬਾਗ ਵੀ ਮੌਜੂਦ ਸੀ ਜਿਸ ਦੀ ਹਰਿਆਵਲ ਦਾ ਲੋਕ ਥੀਏਟਰ ਵੇਖਣ ਤੋਂ ਪਹਿਲਾਂ ਮਜ਼ਾ ਮਾਣਦੇ ਸਨ।

ਸਿਨੇਮਾ ਹਾਲਾਂ ਤੇ ਥੀਏਟਰਾਂ ਵਿਚ ਕੋਈ ਸਿਗਰਟ ਨਹੀਂ ਪੀ ਸਕਦਾ, ਇਥੋਂ ਤਕ ਕਿ ਨਾਲ ਵਾਲੀ ਗੈਲਰੀ ਵਿਚ ਵੀ। ਸਿਗਰਟ ਬਾਹਰ ਦੇ ਦਲਾਨਾਂ ਵਿਚ, ਅਤੇ ਖਾਸ ਕਮਰਿਆਂ ਵਿਚ ਜਾਂ ਰੈਸਤੋਰਾਂ ਵਿਚ ਹੀ ਪੀਤੀ ਜਾ ਸਕਦੀ ਹੈ।

ਮੈਂ ਐਵੇਂ ਮਜ਼ਾਕਨ ਆਪਣੇ ਸਾਥੀ ਨੂੰ ਕਿਹਾ ਕਿ ਸਿਗਰਟ ਪੀਣਾ ਤਾਂ ਸਾਡੇ ਸਿਨੇਮਿਆਂ ਵਿਚ ਵੀ ਬੰਦ ਹੈ ਪਰ ਸਾਡੇ ਤਾਂ ਚੋਰੀ ਚੋਰੀ, ਦਾਅ ਲਾ ਕੇ ਕਸ਼ ਲਾ ਹੀ ਲੈਂਦੇ ਹਨ। ਰੂਸੀ ਸਾਥੀ ਨੇ ਕਿਹਾ ਇਧਰ ਚੋਰੀ ਨਹੀਂ ਚਲਦੀ। ਇਸ ਤਰ੍ਹਾਂ ਦੀ ਗਲ ਨਾ ਕਰਨਾ, ਪੁਲਸ ਆ ਜਾਵਗੀ, ਉਸ ਨੇ ਦਸਿਆ ਕਿ ਅਗ ਲਗਣ ਦੇ ਖਤਰੇ ਨੂੰ ਮੁਖ ਰਖਦੇ ਹੋਏ ਇਸ ਤਰ੍ਹਾਂ ਕਰਨਾ ਸਖਤ ਮਨਾ ਹੈ।

ਕੁਝ ਹੀ ਸਮਾਂ ਪਹਿਲਾਂ ਇਕ ਹੋਰ ਥੀਏਟਰ ਕਾਇਮ ਕੀਤਾ ਗਿਆ ਜੋ ਕਿ ਇਕ ਸਟਰੀਟ ਦੇ ਨਾਂਅ ਤੇ ਹੈ। ਇਸ ਵਿਚ ਸਾਰੇ ਨੌਜੁਆਨ ਕਲਾਕਾਰ ਕੰਮ ਕਰਦੇ ਹਨ ਅਤੇ ਉਹਨਾਂ ਨੇ ਹੀ ਇਹ ਕਾਇਮ ਕੀਤਾ ਹੈ। ਇਸ ਵਿਚ ਚਾਰ ਹਜ਼ਾਰ ਸੀਟਾਂ ਦਾ ਪ੍ਰਬੰਧ ਹੈ। ਇਸੇ ਤਰ੍ਹਾਂ ਬਹੁਤ ਵਡਾ ਤੇ ਬਹੁਤ ਪੁਰਾਣਾ ਬਾਲਸ਼ਈ ਥੀਏਟਰ ਵੀ ਅਸੀਂ ਵੇਖਿਆ ਜਿਸ ਵਿਚ ਕੋਈ ਦਸ ਹਜ਼ਾਰ ਸੀਟਾਂ ਦਾ ਪ੍ਰਬੰਧ ਹੈ। ਇਹਨਾਂ ਥੀਏਟਰਾਂ ਵਿਚ ਜੋ ਤਕਨੀਕ ਵਰਤੀ ਜਾਂਦੀ ਹੈ, ਜਿਵੇਂ ਬੈਲੇ ਪੇਸ਼ ਕੀਤੇ ਜਾਂਦੇ ਹਨ ਉਹ ਬਿਆਨ ਤੋਂ ਬਾਹਰ ਹੈ ਬਿਨਾਂ ਕੁਝ ਕਹੇ ਨ੍ਰਿਤ ਵਿਚ ਹੀ ਸਾਰੀ ਕਹਾਣੀ ਬਿਆਨ ਕਰ ਦੇਣਾ, ਲੋਕਾਂ ਦਾ ਸਮਝ ਲੈਣਾ ਅਤੇ ਮਜ਼ਾ ਉਠਾਉਣਾ ਕੁਝ ਘਟ ਅਜੂਬਾ ਨਹੀਂ। (ਚਲਦਾ)

## ਮੇਰੀ ਸੋਵੀਅਤ ਯਾਤਰਾ—੧੦

# ਸਭ ਤੋਂ ਉਚਾ ਟੈਲੀਵੀਯਨ

ਸਰਕਸ ਵਿਚ ਜੋ ਕ੍ਰਿਸ਼ਮੇ ਅਸੀਂ ਵੇਖੇ ਉਹ ਵੀ ਬਿਆਨ ਤੋਂ ਬਾਹਰ ਹਨ। ਸੋਵੀਅਤ ਬਚੇ ਸਰਕਸ ਨੂੰ ਬਹੁਤ ਪਸੰਦ ਕਰਦੇ ਹਨਅਤੇ ਬਹੁਤ ਮਜ਼ਾ ਲੈਂਦੇ ਹਨ।

ਇਕ ਉਦਾਹਰਣ ਲਵੋ। ਸਰਕਸ ਕਰਨ ਵਾਲਿਆਂ ਵਿਚੋਂ ਇਕੋ ਸਾਹਿਬ ਨੇ ਦਰਸ਼ਕਾਂ ਵਿਚੋਂ ਇਕ ਆਦਮੀ ਨੂੰ ਬੁਲਾਇਆ, ਉਸ ਨੂੰ ਮਿਲਿਆ ਤੇ ਫਿਰ ਉਸਨੂੰ ਵਾਪਸ ਭੇਜ ਦਿਤਾ। ਥੋੜੇ ਜਹੇ ਸਮੇਂ ਵਿਚ ਹੀ ਉਸ ਦੀਆਂ ਸਾਰੀਆਂ ਜੇਬਾਂ ਸਾਫ ਕਰ ਦਿਤੀਆਂ ਇਥੋਂ ਤਕ ਇਕ ਉਸਦੀ ਘੜੀ ਵੀ ਲਾਹ ਲਈ। ਪਿਛੋਂ ਉਸ ਨੂੰ ਬੁਲਾ ਕੇ ਕਿਹਾ ਕਿ ਉਸਦੀ ਘੜੀ ਕਿਥੇ ਹੈ। ਫਿਰ ਉਸਦੀ ਜੇਬ ਵਿਚੋਂ ਜੋ ਕਢਿਆ ਸੀ ਉਹ ਦੇ ਦਿਤਾ।

ਸਰਕਸ ਵਿਚ ਮਸਖਰਿਆਂ ਦਾ ਪਾਰਟ ਅਦਾ ਕਰਨ ਵਾਲੇ ਵੀ ਬੜੇ ਮਜ਼ੇਦਾਰ ਅਤੇ ਉਘੇ ਵਿਅਕਤੀ ਸਨ। ਸਿਧਾਏ ਹੋਏ ਜਾਨਵਰ ਕਮਾਲ ਦਾ ਰੋਲ ਅਦਾ ਕਰਦੇ ਸਨ। ਘੋੜ ਸੁਆਰ ਜਿਸ ਕਿਸਮ ਦੀ ਖੇਡ ਕਰਦੇ ਸਨ ਉਹ ਵੀ ਕਮਾਲ ਸੀ।

ਅਤੇ ਇਹ ਪਨੋਰਮਾਂ ਜਿਸ ਦੀ ਚੁੜਾਈ ਕੇਵਲ ਤੇਰਾਂ ਫੁਟ ਤੇ ਉਚਾਈ ਪੰਦਰਾਂ ਫੁਟ ਸੀ, ਵਿਚ ਵਿਰੋਧੀਆਂ ਦੀ ਲੜਾਈ (ਨਪੋਲੀਅਨ ਦੀ ਫੌਜੀ ਚੜ੍ਹਾਈ) ਮੂਰਤਾਂ (ਪੇਂਟਿੰਗ) ਦੁਆਰਾ ਵਿਖਾਈ ਗਈ ਸੀ, ਕਮਾਲ ਤਕਨੀਕ ਨਾਲ ਬਣਾਇਆ ਗਿਆ ਸੀ। ਤੁਸੀਂ ਸੜਦੇ ਮਕਾਨ ਵੇਖ ਸਕਦੇ ਹੋ, ਹੋ ਰਹੀ ਲੜਾਈ ਕਰਦੀਆਂ ਫੌਜਾਂ ਤਕ ਸਕਦੇ ਹੋ। ਕੋਈ ਘੋੜੇ ਤੋਂ ਡਿਗ ਰਿਹਾ ਹੈ, ਕੋਈ ਡਿਗ ਕੇ ਹੇਠਾਂ ਪਿਆ ਹੈ। ਭਾਵੇਂ ਫਾਸਲਾ ਤੇਰਾਂ ਫੁਟ ਦਾ ਹੈ ਪਰ ਵੇਖਣ ਵਿਚ ਤੁਹਾਨੂੰ ਵਿਸ਼ਾਲ ਮੈਦਾਨ ਲਗੇਗਾ, ਦੂਰ ਦੂਰ ਤਕ ਫੌਜਾਂ ਦੀ ਲਾਮਬੰਦੀ ਨਜ਼ਰ ਆਵੇਗੀ। ਫੌਜਾਂ ਲੜਾਈ ਲਈ ਤਿਆਰ ਖੜੀਆਂ ਦਿਸਣਗੀਆਂ। ਰੂਸੀ ਫੌਜਾਂ ਨਪੋਲੀਅਨ ਦੀਆਂ ਫੌਜਾਂ ਦਾ ਮੁਕਾਬਲਾ ਕਰਦੀਆਂ ਤੇ ਵਖੋ ਵਖ ਰਾਹਾਂ ਤੋਂ ਅਗੇ ਵਧਦੀਆਂ ਨਜ਼ਰ ਆਉਣ ਲੀਆਂ। ਨਿਪੋਲੀਅਨ ਦਾ ਹੈਡਕੁਆਰਟਰ ਵੀ ਤੁਸੀਂ ਵੇਖ ਸਕਦੇ ਹੋ। ਇਸ ਤਰ੍ਹਾਂ ਫੌਜੀ ਮਿਊਜ਼ੀਅਮ ਵਿਚ ਵੀ ਲੜਾਈ ਦਾ ਇਕ ਇਹੋ ਜਿਹਾ ਹੀ ਸੀਨ ਪੇਸ਼ ਕੀਤਾ ਗਿਆ ਹੈ।

ਮਾਸਕੋ ਵਿਚ ਨਾ ਤਾਂ ਅਸੀਂ ਮਾਸਕੋ ਯੂਨੀਵਰਸਿਟੀ ਜਾ ਸਕੇ ਤੇ ਨਾ ਹੀ ਲਮੁੰਬਾ ਯੂਨੀਵਰਸਿਟੀ ਵਿਚ, ਅਸੀਂ ਮਾਸਕੋ ਯੂਨੀਵਰਸਿਟੀ ਤੇ ਉਸਦਾ ਕੱਦ-ਕਾਰ ਕੁਝ ਫਾਸਲੇ ਤੋਂ ਜ਼ਰੂਰ ਵੇਖਿਆ। ਏਨੀ ਉਚੀ ਇਮਾਰਤ ਹੈ ਕਿ ਆਖਰੀ ਚੋਟੀ ਸਾਲਾ ਤੋਂ ਵੀ ਉਪਰ ਉਠੀ ਨਜ਼ਰ ਆਉਂਦੀ ਹੈ। ਵੀਹ ਹਜ਼ਾਰ ਵਿਦਿਆਰਥੀ ਉਸ ਵਿਚ ਵਿਦਿਆ ਹਾਸਲ ਕਰਦੇ ਹਨ।

(ਬਾਕੀ ਵੇਖੋ ਸਫ਼ਾ 5)

ਦੀ ਖਾਸ ਟਰੇਨਿੰਗ ਦੇ ਸਕਦਾ ਹੈ। ਟਰੇਨਿੰਗ ਦੌਰਾਨ ਤੁਹਾਨੂੰ ਰਸਾਇਣ ਸਨਅਤ ਦੇ ਨਿਯਮਾਂ ਅਨੁਸਾਰ 300 ਮਾਰਕ ਤਨਖਾਹ ਮਿਲੇਗੀ........।"

ਉਸੇ ਦਿਨ ਆਈਰੇਨੇ ਨੇ ਆਪਣੇ ਪਤੀ ਨੂੰ ਕਿਹਾ : "ਮੈਂ ਤਾਂ ਫੇਰ ਕੰਮ ਸ਼ੁਰੂ ਕਰਾਂਗੀ ।" ਪਤੀ ਦਾ ਪਹਿਲਾ ਪ੍ਰਤੀਕਰਮ ਇਹ ਸੀ: "ਤੇਰਾ ਦਿਮਾਗ ਤਾਂ ਠੀਕ ਹੈ? ਇਸ ਉਮਰ ਵਿਚ ਇਕ ਦਮ ਨਵਾਂ ਕਿਤਾ ਅਪਨਾਉਣ ਦਾ ਖਿਆਲ ਵੀ ਤੂੰ ਕਿਵੇਂ ਕਰ ਸਕਦੀ ਹੈ; ਅਤੇ ਉਹ ਵੀ ਰਸਾਇਣ ਖੇਤਰ ਨਾਲ ਸੰਬੰਧਤ ਕਿੱਤਾ" ਪਰੰਤੂ ਸ੍ਰੀਮਤੀ ਟਾਬਰਟ ਆਪਣੇ ਫੈਸਲੇ ਤੇ ਕਾਇਮ ਰਹੀ । ਅੰਤ ਵਿਚ ਪਤੀ ਤੇ ਬੱਚਿਆਂ ਨੂੰ ਸਹਿਮਤ ਹੋਣਾ ਪਿਆ। ਮਾਂ ਹੁਣ ਇਕ ਰਸਾਇਣਕ ਮਾਹਰ ਬਣਨ ਚਲੀ ਸੀ।

ਹੁਣ ਜਲਦੀ ਹੀ ਉਹ ਇਕ ਵਧੀਆ ਮਜ਼ਦੂਰ ਬਣ ਜਾਵੇਗੀ। ਉਹ ਜਾਣਦੀ ਹੈ ਕਿ ਉਸ ਨੇ ਜੋ ਫੈਸਲਾ ਕੀਤਾ ਸੀ, ਉਹ ਸਹੀ ਸੀ । ਅਤੇ ਆਪਣੇ ਪਤੀ ਦੇ ਬਾਰੇ ਆਈਰੇਨੇ ਦਾ ਕਹਿਣਾ ਹੈ ਕਿ, 'ਉਹ ਨਵੀਂ ਸਥਿਤੀ ਤੋਂ ਸੰਤੁਸ਼ਟ ਹੈ। ਜਿਥੇ ਕਿਤੇ ਵੀ ਸੰਭਵ ਹੈ, ਉਹ ਮੇਰੇ ਕੰਮ ਵਿਚ ਹਥ ਵੰਡਾਉਂਦਾ ਹੈ। ਸ਼ੁਕਰਵਾਰ ਨੂੰ ਜਦੋਂ ਮੈਂ ਘਰ ਵਾਪਸ ਆਉਂਦੀ ਹਾਂ ਤਾਂ ਸਾਡੇ ਫਲੈਟ ਦੇ ਫਰਸ਼ ਸ਼ੀਸ਼ੇ ਵਾਂਗ ਸਾਫ ਹੋਏ ਹੁੰਦੇ ਹਨ।"

ਹਰ ਸਵੇਰ, ਕਾਰਖਾਨੇ ਦਾ ਇਕ ਬਸ ਆਈਰੇਨੇ ਅਤੇ ਉਸ ਵਰਗੀਆਂ 57 ਹੋਰਨਾਂ ਨੂੰ ਰਸਾਇਣਕ ਕਾਰਖਾਨਿਆਂ ਦੇ ਸਕੂਲ ਲੈ ਜਾਂਦੀਆਂ ਹਨ। ਉਹਨਾਂ ਵਿਚੋਂ ਕੁਝ ਆਪਣੇ ਬੱਚਿਆਂ ਨੂੰ ਵੀ ਨਾਲ ਲੈ ਜਾਂਦੀਆਂ ਹਨ, ਜਿਹਨਾਂ ਨੂੰ ਉਹ ਉਹਨਾਂ ਦੇ ਕਿੰਡਰਗਾਰਟਨ ਅਤੇ ਬਚੇ-ਪਾਲਣ ਘਰ ਵਿਚ ਛਡ ਜਾਂਦੀ ਹੈ।

# ਮੇਰੀ ਸੋਵੀਅਤ ਯਾਤਰਾ

(ਸਫ਼ਾ 2 ਦੀ ਬਾਕੀ)

ਲਮੂੰਬਾ ਯੂਨੀਵਰਸਿਟੀ ਵਿਚ ਸਾਥੀ ਨਵਤੇਜ ਸਿੰਘ ਦੇ ਸਪੁਤਰ ਵਿਦਿਆ ਹਾਸਲ ਕਰਨ ਲਈ ਗਏ ਹੋਏ ਹਨ। ਖਾਹਸ਼ ਦੇ ਬਾਵਜੂਦ ਉਹਨਾਂ ਨਾਲ ਮੁਲਾਕਾਤ ਨਾ ਹੋ ਸਕੀ। ਪਰ ਇਕ ਪੰਜਾਬੀ ਲੜਕੀ ਜੋ ਉਸ ਯੂਨੀਵਰਸਿਟੀ ਵਿਚ ਪੜ੍ਹਦੀ ਸੀ, ਸਾਨੂੰ ਮਿਲਣ ਲਈ ਹੋਟਲ ਵਿਚ ਪਹੁੰਚ ਗਈ।

ਅਤੇ ਅਕਾਸ਼ ਨਾਲ ਗਲਾਂ ਕਰਦਾ ਹੋਇਆ ਟੈਲੀਵੀਜ਼ਨ ਕੇਂਦਰ ਵੀ ਅਸੀਂ ਵੇਖਿਆ ਇਸ ਦੀ ਉਚਾਈ 533 ਮੀਟਰ ਹੈ ਜੇ ਇਸ ਉਤੇ ਲਗੇ ਝੰਡੇ ਦੀ ਉਚਾਈ ਵੀ ਸ਼ਾਮਲ ਕਰ ਲਈ ਜਾਵੇ ਤਾਂ ਇਹ ਉਚਾਈ 537 ਮੀਟਰ ਹੋ ਜਾਂਦੀ ਹੈ। ਅਸੀਂ ਅਜੇ ਲਿਫਟ ਦੁਆਰਾ ਦਰਮਿਆਨ ਹੀ ਪੁਜੇ ਸਾਂ, ਇਹ ਸਤਵੀਂ ਮੰਜ਼ਲ ਸੀ, 337 ਮੀਟਰ ਦੀ ਉਚਾਈ ਤੇ ਇਥੋਂ ਮਾਸਕੋ ਦਾ ਨਜ਼ਾਰਾ ਕਰਨ ਦਾ ਬੜਾ ਮਜ਼ਾ ਆਇਆ। ਬਿਲਕੁਲ ਉਸੇ ਤਰ੍ਹਾਂ ਜਿਵੇਂ ਹਵਾਈ ਜਹਾਜ਼ ਤੋਂ ਨਜ਼ਾਰਾ ਕਰਨ ਦਾ ਮਜ਼ਾ ਆਉਂਦਾ ਹੈ। ਠੰਡ ਇਨੀ ਸੀ ਕਿ ਇਸ ਤੋਂ ਉਪਰ ਜਾਣ ਦਾ ਸੁਆਲ ਹੀ ਨਹੀਂ ਸੀ ਉਠਦਾ। ਅਜੇ ਇਥੋਂ ਕੇਵਲ ਚਾਰ ਪਰੋਗਰਾਮ ਹੀ ਵਿਖਾਏ ਜਾਂਦੇ ਹਨ। 1969 ਤਕ ਪੰਜ ਪਰੋਗਰਾਮ ਹੋ ਜਾਣਗੇ। ਇਸ ਟੈਲੀਵੀਜ਼ਨ ਦਾ ਕੁਲ ਵਜ਼ਨ 60 ਹਜ਼ਾਰ ਟਨ ਹੈ,25 ਹਜ਼ਾਰ ਟਨ ਜ਼ਮੀਨ ਵਿਚ ਅਤੇ 35 ਹਜ਼ਾਰ ਟਨ ਜ਼ਮੀਨ ਤੋਂ ਉਪਰ। ਇਸ ਵਿਚ ਇਕ ਸਤਵਾਂ ਅਕਾਸ਼ ਰੈਸਟੋਰਾਂ ਹੈ। ਡੇਢ ਮਿੰਟ ਵਿਚ ਹੇਠਾਂ ਤੋਂ ਉਪਰ ਖਾਣਾ ਪਹੁੰਚ ਜਾਂਦਾ ਹੈ।

(ਚਲਦਾ)

ਮੇਰੀ ਮਾਸਕੋ ਯਾਤਰਾ—੧੧

# ਕਿਹੋ ਜਿਹਾ ਜੀਵਨ ਹੋਵੇਗਾ ਇਹਨਾਂ ਬਚਿਆਂ ਦਾ

—ਵੀਰ ਭਾਨ ਭੁਲਰ—

ਨਵੇਂ ਸਾਲ ਦਾ ਬਜਟ ਪੇਸ਼ ਹੋਣ ਵਾਲਾ ਸੀ ਅਸੀਂ ਵੀ ਪਾਰਲੀਮੈਂਟ ਹਾਊਸ ਪਹੁੰਚ ਗਏ । ਸਾਡੀ ਕੋਈ ਤਲਾਸ਼ੀ ਆਦਿ ਨਾ ਲਈ ਗਈ ਜਿਵੇਂ ਕਿ ਆਪਣੀ ਪਾਰਲੀਮੈਂਟ ਵੇਖਦੇ ਸਮੇਂ ਲਈ ਗਈ ਸੀ। ਅਸੀਂ ਵੀ ਵਖ ਵਖ ਗਣਰਾਜਾਂ ਵਲੋਂ ਆਏ ਹੋਏ ਸੈਂਕੜੇ ਪ੍ਰਤੀਨਿਧਾਂ ਨਾਲ ਹੀ ਬਹਿ ਗਏ । ਸਾਥੀ ਕੋਸੀਗਿਨ ਤੇ ਦੂਜੇ ਆਗੂ ਸਟੇਜ ਤੇ ਬੈਠੇ ਹੋਏ ਸਨ । ਬਜਟ ਸੀ—ਸਾਮਰਾਜੀ ਤਾਕਤਾਂ ਨੂੰ ਨਕੇਲ ਪਾਉਣ ਲਈ, ਅਮਨ ਲਈ ਤੇ ਲੋਕਾਂ ਦੀ ਭਲਾਈ ਲਈ, ਸਾਰੇ ਪ੍ਰਤੀਨਿਧ ਤਾਲੀਆਂ ਦੀ ਗੂੰਜ ਨਾਲ ਇਸ ਦਾ ਸੁਆਗਤ ਕਰ ਰਹੇ ਸਨ।

ਪਾਇਨੀਅਰ ਕੈਂਪ ਵੀ ਆਪਣੀ ਮਿਸਾਲ ਆਪ ਪੇਸ਼ ਕਰਦੇ ਸਨ। ਬਚੇ ਪੜ੍ਹਾਈ ਸਮੇਂ ਸਕੂਲਾਂ ਵਿਚ ਵਿਦਿਆ ਹਾਸਲ ਕਰਦੇ ਹਨ। ਉਸ ਤੋਂ ਪਿਛੋਂ ਪਾਇਨੀਅਰ ਕੈਂਪਾਂ ਵਿਚ ਵਖ ਵਖ ਪਰਕਾਰ ਦਾ ਹੁਨਰ ਸਿਖਦੇ ਹਨ—ਸਿਨੇਮਾ ਤੇ ਫੋਟੋ ਗਰਾਫੀ ਬਾਰੇ ਹੁਨਰ, ਪਖੇ ਬਣਾਉਣ, ਜਹਾਜ਼ਾਂ ਦੇ ਡੀਜ਼ਾਈਨ ਤਿਆਰ ਕਰਨਾ, ਡਾਂਸ, ਗੀਤਾਂ ਖੇਡਾਂ ਦਾ ਹੁਨਰ ਆਦਿ ਅਨੇਕਾਂ ਹੁਨਰ । ਜਿਹੜਾ ਪਾਇਨੀਰ ਕੈਂਪ ਅਸੀਂ ਵੇਖਿਆ ਉਸ ਦਾ ਜ਼ਮੀਨ ਢੱਕ ਖੇਡ ਦਾ ਮੈਦਾਨ ਵੀ ਸੀ ਤਾਂ ਜੋ ਬਰਫਬਾਰੀ ਦਾ ਕੋਈ ਅਸਰ ਨਾ ਹੋਵੇ ।

ਹੁਣ ਤੁਸੀਂ ਆਪ ਹੀ ਅਨੁਮਾਨ ਲਾਉ ਕਿ ਜੋ ਬਚੇ ਨਰਸਰੀਆਂ, ਕਿੰਡਰ-ਗਾਰਟਨਾਂ ਵਿਚ ਪਲ ਕੇ ਸਕੂਲਾਂ ਵਿਚ ਮੁਫਤ ਵਿਦਿਆ ਲੈਕੇ ਪਾਇਨੀਅਰ ਕੈਂਪਾਂ ਵਿਚ ਹੁਨਰ ਸਿਖ ਕੇ ਵਡੇ ਹੋਣਗੇ। ਕਾਲਜਾਂ ਵਿਚ ਸਰਕਾਰ ਤੋਂ ਵਜ਼ੀਫਾ ਹਾਸਲ ਕਰਨਗੇ ਨਾਲ ਹੀ ਟੈਕਨੀਕਲ ਸਕੂਲ ਜਿਹਨਾਂ ਦੀ ਮਦਦ ਲਈ ਹਾਜ਼ਰ ਹੋਣ ਉਹਨਾਂ ਦਾ ਜੀਵਨ ਕਿਹੋ ਜਿਹਾ ਹੋਵੇਗਾ । ਪਿਛੇ ਜਹੇ ਹੀ ਵਾਲਗਾ ਇਲਾਕੇ ਵਿਚ ਵਾਲਗਾ ਗਰਾਡ ਵਿਚ ਇਕ ਹੋਰ ਜ਼ਿਲੇ ਦੇ ਮੈਪਾਨੇ ਦਾ ਨੌਜੁਆਨਾਂ ਤੇ ਸਕੂਲ ਦੇ ਬਚਿਆਂ ਦਾ ਇਕ ਪਾਇਨੀਅਰ ਕੈਂਪ ਖੋਲ੍ਹਿਆ ਗਿਆ ਹੈ। ਜੋ ਕਿ ਇਕ ਸੁਗਾਤ ਹੈ । ਇਹ ਕੋਈ 6000 ਵਰਗ ਮੀਟਰ ਵਿਚ ਹੋਵੇਗਾ ।

18 ਮਾਰਚ 1969

ਮੇਰੀ ਸੋਵੀਅਤ ਯਾਤਰਾ—੧੨

# ਕਮਿਊਨਿਸਟ ਕੌਣ ਹਨ

—ਵੀਰ ਭਾਨ ਭੁਲਰ—

ਇੱਕ ਸ਼ਾਮ ਸਾਥੀ ਸਾਨੂੰ ਲੈਨਿਨ ਹਿੱਲ ਤੇ ਲੈ ਗਏ। ਹੇਠਾਂ ਮਾਸਕੋ ਦਰਿਆ ਵਹਿ ਰਿਹਾ ਸੀ ਸਾਹਮਣੇ ਨੌਜੁਆਨ ਲੜਕੇ-ਲੜਕੀਆਂ ਢਾਉੜੀਆਂ ਜਾਂ ਚੋਕੀਆਂ ਤੇ ਬਹਿ ਕੇ ਟਿਲਿਆਂ ਤੋਂ ਹੇਠਾਂ ਰਿੜਦੇ। ਇਹ ਵੀ ਆਪਣੀ ਕਿਸਮ ਦਾ ਹੀ ਖੇਡ ਤਮਾਸ਼ਾ ਹੈ। ਲੈਨਿਨ ਹਿਲ ਤੇ ਰਾਤ ਵੇਲੇ ਜਦੋਂ ਮਾਸਕੋ ਦਾ ਨਜ਼ਾਰਾ ਕੀਤਾ ਤਾਂ ਬਹੁਤ ਹੀ ਸੁੰਦਰ ਲਗਾ। ਇਹ ਸਭ ਕੁਝ ਸੰਭਵ ਹੋਇਆ? ਨਿਸਚੇ ਹੀ ਕਮਿਊਨਿਸਟ ਪਾਰਟੀ ਤੇ ਸਾਥੀ ਲੈਨਿਨ ਵਰਗੇ ਦੂਰ-ਦਰਸ਼ੀ ਲੀਡਰ ਜਿਸ ਨੇ ਬੜੇ ਨਾਜ਼ਕ ਮੌੜਾਂ ਤੇ ਪਾਰਟੀ ਨੂੰ ਸਹੀ ਸਲਾਮਤ ਕਢਿਆ ਅਤੇ ਹਰ ਪਾਰਟੀ ਦੀ ਯੋਗ ਅਗਵਾਈ ਕੀਤੀ। ਕਾਰਨ ਹੀ ਇਹ ਸਭ ਕੁਝ ਹੋ ਸਕਆ।

**ਮੀਟਰੋ** ● ਮਾਸਕੋ ਵੇਖੋ, ਮਾਸਕੋ ਵਾਲੇ ਵੇਖੋ, ਪਰ ਮੀਟਰੋ ਵੇਖਣਾ ਕਦੇ ਨਾ ਭੁਲੋ। ਸਟੇਸ਼ਨ ਦੇ ਅੰਦਰ ਜਾਣ ਤੋਂ ਪਹਿਲਾਂ ਪੰਜ ਕੋਪਿਕ ਦੀ ਟਿਕਟ ਲੈਣਾ ਨਾ ਭੁਲੋ ਜਾਂ ਪੰਜ ਕੋਪਕ ਮਸ਼ੀਨ ਵਿਚ ਪਾ ਦਿਓ। ਇਸ ਤਰ੍ਹਾਂ ਨਾ ਹੋਣ ਤੇ ਤੁਸੀਂ ਅੰਦਰ ਨਹੀਂ ਜਾ ਸਕਦੇ। ਖੁਦ ਫਾਟਕ ਬੰਦ ਹੋ ਜਾਵੇਗਾ। ਤੁਸੀਂ ਬਾਹਰ ਹੀ ਰਹਿ ਜਾਵੋਗੇ ਅਤੇ ਫਿਰ ਪਲੇਟਫਾਰਮ ਤੇ ਵੀ ਨਾ ਉਤਰ ਸਕੋਗੇ। ਪੰਜ ਕੋਪਕ ਪਾ ਕੇ ਅੰਦਰ ਜਾਉ। ਜਿਹੜਾ ਪਟਾ ਚਲ ਰਿਹਾ ਹੋਵੇ ਉਸ ਤੇ ਖਲੋ ਜਾਓ। ਤੁਸੀਂ ਹੇਠਾਂ ਪਲੇਟ ਫਾਰਮ ਤੇ ਪਹੁੰਚ ਜਾਵੋਗੇ। ਇਹ ਅੰਡਰ ਗਰਾਊਂਡ ਰੇਲਵੇ ਹੈ ਜੋ ਮੀਟਰੋ ਅਖਵਾਂਦੀ ਹੈ। ਤੁਸੀਂ ਪਲੇਟ ਫਾਰਮ ਤੇ ਪੁਜ ਜਾਓ। ਗਡੀ ਆਉਣ ਵਾਲੀ ਹੋਵੇਗੀ ਜਾਂ ਚਲ ਜਾਵੇਗੀ। ਤੁਹਾਡੇ ਖਲੋਤੇ ਖਲੋਤੇ ਗਡੀ ਫਿਰ ਆ ਜਾਵੇਗੀ। ਫਾਟਕ ਖੁਲ ਜਾਣਗੇ। ਸੁਆਰੀਆਂ ਉਤਰਨਗੀਆਂ, ਸੁਆਰ ਹੋਣਗੀਆਂ। ਤੁਸੀਂ ਵੀ ਸੁਆਰ ਹੋ ਜਾਓ। ਫਾਟਕ ਬੰਦ ਹੋ ਜਾਵੇਗਾ। ਸੱਠ ਸਟੇਸ਼ਨਾਂ ਵਿਚੋਂ ਜਿਥੇ ਤੁਹਾਡਾ ਜੀ ਕਰੇ ਉਤਰ ਜਾਓ। ਕੇਵਲ ਪੰਜ ਕੋਪਕਾਂ ਵਿਚ। ਟਰਾਮ, ਟਰਾਲੀ, ਬਸ ਤੇ ਕਾਰ ਦਾ ਕਰਾਇਆ ਵੀ ਬੜਾ ਮਾਮੂਲੀ ਹੈ। ਇਸ ਦੇ ਬਾਵਜੂਦ ਜੇ ਤੁਸੀਂ ਕਾਰ ਖਰੀਦਣ ਲਈ ਬਚਾ ਸਕਦੇ ਹੋ ਤਾਂ ਕਾਰ ਖਰੀਦ ਲਵੋ-ਪਰ ਜ਼ਾਤੀ ਸਹੂਲਤ ਲਈ, ਪ੍ਰਾਫਿਟ ਲਈ ਨਹੀਂ।

## ਉਹ ਦੇਸ਼ ਦੇ ਹੀਰੋ ਹਨ!

ਕੌਣ? ਉਹ ਜੋ ਸਰਵੋਤਮ ਕੰਮ ਕਰਨ ਵਾਲੇ ਹਨ। ਫੈਕਟਰੀਆਂ, ਅਦਾਰਿਆਂ, ਸ਼ਾਪਾਂ, ਫਾਰਮਾਂ, ਇਲਾਕਿਆਂ (ਰਿਜਨਾਂ) ਵਿਚ ਉਹਨਾਂ ਦੀਆਂ ਤਸਵੀਰਾਂ ਲਗਦੀਆਂ ਹਨ। ਇਹ ਤਰੀਕਾ ਸਾਰੇ ਸੋਵੀਅਤ ਰੂਸ ਵਿਚ ਹੈ। ਜਿਥੇ ਵੀ ਅਸੀਂ ਗਏ। ਅਸੀਂ ਵੇਖਿਆ ਸਰਵੋਤਮ ਕੰਮ ਕਰਨ ਵਾਲੇ ਨੂੰ ਹੀਰੋ ਸਮਝਿਆ ਜਾਂਦਾ ਹੈ। ਉਹਨਾਂ ਦਾ ਮਾਨ ਵਧਾਉਣ ਲਈ, ਦੂਜਿਆਂ ਨੂੰ ਉਤਸ਼ਾਹ ਦੇਣ ਲਈ ਇਕ ਵਧੀਆ ਤਰੀਕਾ ਹੈ।

**ਅਤੇ** ਮੈਂ ਇਹ ਵੀ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਸਰਵੋਤਮ ਵਰਕਰ ਅਤੇ ਹਰ ਅਦਾਰੇ ਵਿਚਲੇ ਸਰਵੋਤਮ ਲੋਕ ਹੀ ਕਮਿਊਨਿਸਟ ਪਾਰਟੀ ਦੇ ਮੈਂਬਰ ਹਨ, ਅਤੇ ਬਣਾਏ ਜਾਂਦੇ ਹਨ। ਫੈਕਟਰੀਆਂ ਤੇ ਹਰ ਪ੍ਰਕਾਰ ਦੇ ਅਦਾਰਿਆਂ ਵਿਚ ਮਜ਼ਬੂਤ ਟਰੇਡ ਯੂਨੀਅਨ ਤੇ ਕਮਿਊਨਿਸਟ ਜਥੇਬੰਦੀ ਮੌਜੂਦ ਹੈ, ਜੋ ਨਾ ਕੇਵਲ ਦੇਸ਼ ਵਿਆਪੀ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਸਰਗਰਮ ਰਹਿੰਦੀ ਹੈ ਸਗੋਂ ਵਰਕਰਾਂ ਲਈ ਵਧੀਆ ਸਹੂਲਤਾਂ ਹਾਸਲ ਕਰਦੀ ਤੇ ਉਹਨਾਂ ਦੇ ਹਿਤਾਂ ਦੀ ਰਖਿਆ ਕਰਦੀ ਹੈ।

ਸਾਡੇ ਦੇਸ਼ ਵਿਚ, ਬੰਬਈ ਵਿਚ ਪਿਛਲੇ ਦਿਨੀਂ ਸ਼ਿਵ ਸੈਨਾ ਨੇ ਤਬਾਹੀ ਮਚਾਈ। ਇਸ ਵੇਲੇ ਸਾਰੇ ਦੇਸ਼ ਵਿਚ ਇਹ ਚਰਚਾ ਚਲ ਰਹੀ ਹੈ ਕਿ ਇਹੋ ਜਹੀਆਂ ਸਰਗਰਮੀਆਂ ਲਈ ਅਮਰੀਕੀ ਖੁਫੀਆ ਵਿਭਾਗ ਵਲੋਂ ਸ਼ਹਿ ਦਿਤੀ ਜਾਂਦੀ ਹੈ। ਇਹ ਗਲ ਵੀ ਸਭ ਜਾਣਦੇ ਹਨ ਕਿ ਦੇਸ਼ ਵਿਚ ਫਿਰਕੂ ਫਸਾਦ ਕਰਨ ਵਾਲੇ ਅਮਰੀਕੀ ਸਾਮਰਾਜੀਆਂ ਦੇ ਚਹੇਤੇ ਹਨ। ਇਸ ਲਈ, ਜੇ ਕੋਈ ਇਹ ਸ਼ਕ ਕਰੇ ਕਿ ਸ਼ਿਵ ਸੈਨਾ ਦਾ ਬੰਬਈ ਕਾਂਡ

(ਬਾਕੀ ਸਫਾ 5 ਤੇ)

ਗੱਡੀ

ਬਾਗੋਸ ਦੇ ਸਰਕਾਰੀ ਅਖਬਾਰ ਸੰਡੇ ਪੋਸਟ ਨੇ ਲਿਖਿਆ ਹੈ, ਅਮਰੀਕੀ ਨੀਤੀ ਦਾ ਉਦੇਸ਼ ਇਹ ਹੈ ਕਿ ਅਮਰੀਕੀ ਰਾਜ ਪਰਬੰਧ ਤੇ ਅਮਰੀਕੀ ਅਜਾਰੇਦਾਰ ਦੋਵੇਂ ਇਹ ਨਹੀਂ ਚਾਹੁੰਦੇ ਕਿ ਨਾਇ-ਜੇਰੀਆ ਸ਼ਕਤੀਸ਼ਾਲੀ, ਇਕਮੁਠ ਤੇ ਸਹੀ ਅਰਥਾਂ ਵਿਚ ਅਜ਼ਾਦ ਦੇਸ਼ ਬਣੇ। ਉਹਨਾਂ ਨੂੰ ਕਮਜ਼ੋਰ ਆਜ਼ਾਦ ਨਾਇਜੇਰੀਆ ਦੀ ਲੋੜ ਹੈ। ਉਹ ਚਾਹੁੰਦੇ ਹਨ ਕਿ ਅਫ-ਰੀਕੀ ਦੇਸ਼ਾਂ ਵਿਚ ਅੰਦਰੂਨੀ ਮਤਭੇਦਾਂ ਕਾਰਨ ਫੁਟ ਪਈ ਰਹੇ ਕਿਉਂਜੋ ਇਹੋ ਜਿਹੇ ਨਾਇਜੇ-ਰੀਆ ਤੇ ਇਹੋ ਜਿਹੇ ਅਫਰੀਕੀ ਦੇਸ਼ਾਂ ਉਤੇ ਆਪਣਾ ਹੁਕਮ ਚਲਾ-ਉਣਾ ਅਮਰੀਕਾ ਲਈ ਸੁਖਾਲਾ ਹੋਵੇਗਾ

"ਅਮਰੀਕਾ ਨੇ ਨਾਇਜੇਰੀਆ 'ਚ ਜਿਹੜੀ ਨੀਤੀ ਧਾਰਨ ਕੀਤੀ ਹੋਈ ਹੈ ਉਸ ਵਿਚ ਅਮਰੀਕੀ ਅਜਾਰੇਦਾਰੀ ਦਾ ਹਿੱਸਾ ਕੋਈ ਘਟ ਨਹੀਂ ਨਾਇਜੇਰੀਆ ਦਾ ਤੇਲ ਵਧੀਆ ਕਿਸਮ ਦਾ ਹੈ। ਇਸ ਤੇਲ ਦੀ ਸਨਅਤ ਵਿਚ ਅਮਰੀਕਾ ਦਾ ਹਿੱਸਾ ਕੇਵਲ 10ਵੀਂ ਸਦੀ ਹੈ। ਇੰਨੇ ਥੋੜ੍ਹੇ ਹਿੱਸੇ ਉਤੇ ਅਮਰੀਕੀ ਅਜਾਰੇਦਾਰਾਂ ਨੂੰ ਸੰਤੁਸ਼ਟਤਾ ਨਹੀਂ ਇਸ ਲਈ ਉਹ ਨਾਇਜੇਰੀਆ ਦੇ ਤੇਲ ਉਤੇ ਕੰਟਰੋਲ ਪਰਾਪਤ ਕਰਨ ਲਈ ਨਾਇਜੇਰੀਆ ਦੇ ਕਿਸੇ ਵੀ ਮੁਹਿੰਮਬਾਜ਼ ਦੀ ਪਰੋੜਤਾ ਕਰਨ ਲਈ ਤਤਪਰ ਰਹਿੰਦੇ ਹਨ, ਇਸੇ ਲਈ ਓਜੁਕਵੂ ਨੂੰ ਇੰਨੇ ਵਧ ਵਧ ਅਸਰਦਾਰ ਪਿੱਠ ਪੂਰਨ ਵਾਲੇ ਮਿਲ ਗਏ ਹਨ।"

## ਚੈਕੋਸਲੋਵਾਕੀਆ ਲਈ ਅਲਜੇਰੀਅਨ ਲੋਹਾ

ਪਰਾਗ, 17 ਮਾਰਚ——ਇਸ ਸਾਲ ਅਲਜੇਰੀਆ ਤੋਂ ਦੋ ਲਖ ਟਨ ਵਧੀਆ ਕਚਾ ਲੋਹਾ ਚੈਕੋਸਲੋਵਾਕੀਆ ਨੂੰ ਭੇਜਿਆ ਜਾਵੇਗਾ। ਇਸ ਸਬੰਧ ਵਿਚ ਅਲਜਾਇਰਜ਼ ਵਿਚ ਇਕ ਸਮਝੌਤੇ ਉਤੇ ਦਸਖਤ ਕੀਤੇ ਗਏ। ਇਸ ਕਚੀ ਧਾਤ ਵਿਚ 53 ਤੋਂ 57 ਫੀ ਸਦੀ ਤਕ ਲੋਹਾ ਹੋਵੇਗਾ।

## ਕਮਿਊਨਿਸਟ ਕੌਣ ਹਨ

(2 ਸਫਾ ਦੀ ਬਾਕੀ)

ਤੇ ਥਾਂ ਥਾਂ ਕੀਤੇ ਗਏ ਫਿਰਕੂ ਫਸਾਦ ਉਸੇ ਗਲ ਦੀ ਰੀਹਰਸਲ ਹਨ ਜੋ ਕੁਝ ਸਾਮਰਾਜੀਆਂ ਦੀ ਸ਼ਹਿ ਤੇ ਨਾਇਜੇਰੀਆ ਵਿਚ ਹੋ ਰਿਹਾ ਹੈ।

ਸਾਡੇ ਦੇਸ਼ ਵਿਚ ਬਾਰ ਬਾਰ ਇਹ ਆਵਾਜ਼ ਉਠੀ ਹੈ ਕਿ ਦੇਸ਼ ਵਿਚ ਅਮ-ਰੀਕੀ ਖੁਫੀਆ ਵਿਭਾਗ ਦੀਆਂ ਸਰਗਰ-ਮੀਆਂ ਦੀ ਜਾਂਚ ਕਰਵਾਈ ਜਾਵੇ ਤੇ ਲੋਕਾਂ ਨੂੰ ਸਾਰੀਆਂ ਹਕੀਕਤਾਂ ਤੋਂ ਜਾਣੂ ਕੀਤਾ ਜਾਵੇ, ਪਰ ਅਜੇ ਤਕ ਇਸ ਸਬੰਧ ਵਿਚ ਸਰਕਾਰ ਕੁਝ ਨਹੀਂ ਕਰ ਸਕੀ। ਇਹ ਅਣਗਹਿਲੀ ਬੜੀ ਮੁਜਰਮਾਨਾ ਹੈ ਤੇ ਇਕ ਦਮ ਤਜੀ ਜਾਣੀ ਚਾਹੀਦੀ ਹੈ। ਦੇਸ਼ ਦੇ ਹਿਤ ਮੰਗ ਕਰਦੇ ਹਨ ਕਿ ਲੋਕਾਂ ਨੂੰ ਸਾਮਰਾਜੀਆਂ ਵਲੋਂ ਦੇਸ਼ ਦੇ ਅੰਦਰ ਕੀਤੀਆਂ ਜਾ ਰਹੀਆਂ ਸਾਜ਼ਸ਼ਾਂ ਤੋਂ ਪੂਰੀ ਤਰ੍ਹਾਂ ਬਾਖਬਰ ਕੀਤਾ ਜਾਵੇ।

—ਚਲਦਾ

ਸਾਥੀ ਸੁਰਜਨ ਸਿੰਘ ਜ਼ੀਰਵੀ ਪਰਿੰਟਰ ਤੇ ਪਬਲਿਸ਼ਰ ਨੇ
ਅਵਾਮੀ ਪ੍ਰਿੰਟਿੰਗ ਪਰੈਸ, ਬੀ. ਜੀ. ਰੋਡ ਜਲੰਧਰ ਤੋਂ
ਛਪਵਾ ਕੇ ਵਾਸਤੇ ਕਮਿਊਨਿਸਟ ਪਾਰਟੀ ਪੰਜਾਬ ਸਟੇਟ
ਕੌਂਸਲ ਪਰਕਾਸ਼ਤ ਕੀਤਾ


ਮੇਰੀ ਸੋਵੀਅਤ ਯਾਤਰਾ—੧੩

# ਜੋ ਕਦੇ ਨਿੱਕੀ ਜੇਹੀ ਫੈਕਟਰੀ ਸੀ

ਵੀਰ ਭਾਨ ਭੁਲਰ

ਮਾਸਕੋ ਵਿਚ ਲਗ ਭਗ ਪੰਦਰਾਂ ਸੌ ਸਨਅਤੀ ਅਦਾਰਿਆਂ ਵਿਚੋਂ ਇਕ ਸੀ "ਅਰਜਨ ਕੀ ਐ ਮਸ਼ੀਨ ਟੂਲਜ਼ ਪਲਾਂਟ"। ਪਹਿਲਾਂ ਇਹ ਸਮਾਲ ਮਸ਼ੀਨ ਟੂਲਜ਼ ਫੈਕਟਰੀ ਸੀ। ਵਰਕਰਾਂ ਨੇ ਪੰਜ ਸਾਲਾਂ ਵਿਚ ਪੰਜ ਗੁਣਾਂ ਪੈਦਾਵਾਰ ਕਰ ਦਿਤੀ। 1939 ਵਿਚ ਇਸ ਦੀ ਬੁਨਿਆਦ ਤੇ ਹੋਰ ਕਾਰਖਾਨੇ ਬਣਾਏ ਗਏ। 1941 ਵਿਚ ਹਿਟਲਰੀ ਹਮਲੇ ਵੇਲੇ ਇਸ ਨੂੰ ਹਟਾ ਦਿਆ ਗਿਆ। 1952 ਵਿਚ ਫਿਰ ਇਸ ਨੂੰ ਬਹਾਲ ਕੀਤਾ ਗਿਆ। ਇਸ ਪਲਾਂਟ ਨੇ ਪੰਜ ਸਾਲਾ ਯੋਜਨਾ ਦੋ ਸਾਲ ਪਹਿਲਾਂ ਪੂਰੀ ਕਰ ਦਿਤੀ। 1939 ਵਿਚ ਇਸ ਨੇ ਲੈਨਿਨ ਇਨਾਮ ਹਾਸਲ ਕੀਤਾ। ਇਸ ਪਲਾਂਟ ਵਿਚ ਟਰੈਕਟਰ, ਕਰਾਂਇਤੀ ਮਸ਼ੀਨਾਂ ਤੇ ਦੂਜੀਆਂ ਮਸ਼ੀਨਾਂ ਤਿਆਰ ਕੀਤੀਆਂ ਜਾਂਦੀਆਂ ਹਨ। ਕਾਰਖਾਨੇ ਤਿਆਰ ਕਰਨ ਵਾਲੇ ਮਸ਼ੀਨ ਟੂਲਜ਼ ਬਣਾਏ ਜਾਂਦੇ ਹਨ। ਭਾਰਤ ਸਮੇਤ ਵੀਹ ਦੇਸ਼ਾਂ ਦਾ ਇਹ ਕਾਰਖਾਨਾ ਪਟਨ ਕਦਦਾ ਹੈ। 200 ਟਾਊਨ ਪਲਾਂਟ ਇਸ ਦੀ ਸਹਾਇਤਾ ਨਾਲ ਬਣਾਏ ਗਏ ਹਨ। ਪਲਾਂਟ ਨੂੰ ਹੋਰ ਵਧਾਇਆ ਜਾ ਰਿਹਾ ਹੈ। ਪੁਰਾਣੀ ਮਸ਼ੀਨਰੀ ਦੀ ਥਾਂ ਨਵੀਂ ਮਸ਼ੀਨਰੀ ਲਾਈ ਜਾ ਰਹੀ ਹੈ।

ਕਾਰਖਾਨੇ ਵਿਚ ਟਰੇਡ ਯੂਨੀਅਨ ਮੌਜੂਦ ਹੈ। ਪਾਰਟੀ ਜਥੇਬੰਦੀ ਵੀ ਹੈ। ਕੋਈ ਸ਼ਾਪ ਇਹੋ ਜਿਹੀ ਨਹੀਂ ਜਿਸ ਵਿਚ ਪਾਰਟੀ ਜਥੇਬੰਦੀ ਮੌਜੂਦ ਨਾ ਹੋਵੇ। ਅਸੀਂ ਵਖ ਵਖ ਪਾਰਟੀ ਸ਼ਾਪਾਂ ਦੇ ਸਕੱਤਰਾਂ ਨੂੰ ਵੀ ਮਿਲੇ। 70 ਫੀ ਸਦੀ ਮਾਸਟਰ ਪਾਰਟੀ ਜਥੇਬੰਦੀ ਦੇ ਮੈਂਬਰ ਹਨ। ਡਾਇਰੈਕਟਰ ਵੀ ਪਾਰਟੀ ਮੈਂਬਰ ਹੈ ਅਤੇ ਪਾਰਟੀ ਦੇ ਫੈਸਲਿਆਂ ਦੀ ਪਾਬੰਦੀ ਕਰਦਾ ਹੈ। ਪਲਾਂਟ ਵਿਚ 600 ਪਾਰਟੀ ਮੈਂਬਰ ਤੇ 63 ਉਮੀਦਵਾਰ ਮੈਂਬਰ ਹਨ। ਪਾਰਟੀ ਗਰੁਪ ਵੀ ਮੌਜੂਦ ਹਨ। ਹਰ ਪਧਰ ਤੇ ਪਾਰਟੀ ਰੀਪੋਰਟਾਂ ਸੁਣਦੀ ਹੈ, ਵਿਚਾਰਧਾਰਕ ਸੁਆਲਾਂ ਤੇ ਵੀ ਬਹਿਸ ਕੀਤੀ ਜਾਂਦੀ ਹੈ। ਵਖ ਵਖ ਵਿਸ਼ਿਆਂ ਤੇ ਲੈਕਚਰ ਦਿਤੇ ਜਾਂਦੇ ਹਨ। ਕੌਮਾਂਤਰੀਵਾਦ, ਆਜ਼ਾਦੀ ਲਹਿਰ, ਆਰਜ਼ੀ ਮਸਲਿਆਂ, ਲੈਨਿਨਵਾਦ ਕੀ ਹੈ, ਰਾਜਨੀਤਕ ਆਰਥਕਤਾ ਅਤੇ ਫਿਲਾਸਫੀ ਆਦਿ ਵਿਸ਼ਿਆਂ ਤੇ ਸਕੂਲ ਲਾਏ ਹਨ। ਰਾਜਸੀ ਵਿਦਿਆ ਵੀ ਦਿਤੀ ਜਾਂਦੀ ਹੈ। ਪਰਾਇਮਰੀ ਸਕੂਲ ਮਜ਼ਦੂਰਾਂ ਦੀ ਪਧਰ ਦੇ ਵਿਅਕਤੀ ਹੀ ਲਾਉਂਦੇ ਹਨ। 90 ਫੀ ਸਦੀ ਵਰਕਰ ਪਾਰਟੀ ਅਖਬਾਰ ਪੜ੍ਹਦੇ ਹਨ। [illegible] ਦੀ ਕੌਂਸਲ (ਸੋਇਮ ਸੋਵਰ) ਜਥੇਬੰਦੀ ਵੀ ਹੈ। (ਚਲਦਾ)



## ਮੇਰੀ ਸੋਵੀਅਤ ਯਾਤਰਾ--੧੪

# ਜਿਊਣਾ ਮਜ਼ਦੂਰਾਂ ਦਾ

—ਵੀਰ ਭਾਨ ਭੁਲਰ—

ਮੈਂ "ਅਰਜਨ ਕੀ ਜ਼ੈ ਮਸ਼ੀਨ ਟੂਲਜ਼ ਪਲਾਂਟ" ਦੀ ਗਲ ਕਰ ਰਿਹਾ ਸਾਂ। ਇਸ ਵਿਚ ਕਈ ਹੋਰ ਗਲਾਂ ਨੇ ਵੀ ਸਾਨੂੰ ਬੜਾ ਪਰਭਾਵਤ ਕੀਤਾ।

ਪਲਾਂਟ ਦੇ ਨਾਲ ਹੀ ਇਸ ਦਾ ਆਪਣਾ ਕਲਬ ਹੈ।——ਡਰਾਮਾ ਤੇ ਸਿਨੇਮਾ ਹਾਲ; ਮਿਊਜ਼ੀਕਲ ਹਾਲ, ਆਰਕੈਸਟਰਾ, ਪਾਰਟੀ ਲਾਇਬਰੇਰੀ, ਜ਼ੇਨਰਲ ਲਾਇਬਰੇਰੀ, ਟੈਕਨੀਕਲ ਲਾਇਬਰੇਰੀ।

4300 ਵਰਕਰਾਂ ਵਿਚੋਂ ਤਿੰਨ ਹਜ਼ਾਰ ਲਾਇਬਰੇਰੀ ਦੇ ਮੈਂਬਰ ਹਨ। ਲਾਇਬਰੇਰੀ ਦਾ ਇੰਚਾਰਜ 18 ਸਾਲ ਤੋਂ ਕੰਮ ਕਰ ਰਿਹਾ ਹੈ। 250 ਰੂਬਲ ਉਸ ਦੀ ਤਨਖਾਹ ਹੈ। ਵਰਕਰਾਂ ਦੇ ਹਰ ਪਰਵਾਰ ਕੋਲ ਰੇਡੀਉ ਸੈਟ ਤੇ ਟੈਲੀਵੀਜ਼ਨ ਮੌਜੂਦ ਹੈ।

ਘਟੋ ਘਟ ਤਨਖਾਹ ਸੌ ਰੂਬਲ ਹੈ ਪਰੀਮੀਅਮ ਸ਼ਾਮਲ ਕਰਕੇ 300 ਰੂਬਲ ਬਿਨਾ ਪ੍ਰੀਮੀਅਮ ਵਧ ਤੋਂ ਵਧ ਤਨਖਾਹ ਹੈ। ਫੈਕਟਰੀ ਵਰਕਰਾਂ ਦੀ ਔਸਤ ਤਨਖਾਹ 147 ਰੂਬਲ ਹੈ। ਇੰਜੀਨੀਅਰ ਰੂਬਲ ਤਿੰਨ ਸੌ ਰੂਬਲ ਤੋਂ ਵਧ ਤਨਖਾਹ ਲੈਂਦਾ ਹੈ। ਕਈ ਵਰਕਰ ਵੀ ਏਨਾ ਕਮਾ ਲੈਂਦੇ ਹਨ। ਇਹ ਗਲ ਵਰਨਣ ਯੋਗ ਹੈ ਕਿ ਇਕ ਰੂਬਲ ਅਠ ਰੁਪਏ ਦੇ ਬਰਾਬਰ ਹੈ।

ਇਹ ਗਲ ਮੈਂ ਹੁਣੇ ਸਾਫ ਕਰ ਦਿਆਂ ਕਿ ਕੌਮੀ ਪੈਮਾਨੇ ਤੇ ਘਟੋ ਘਟ ਤਨਖਾਹ ਸਠ ਰੂਬਲ ਅਰਥਾਤ 480 ਰੁਪਏ ਮਾਸਕ ਹੈ। ਸਾਲ ਪਿਛੋਂ ਇਕ ਮਹੀਨੇ ਦੀ ਤਨਖਾਹ ਹੋਰ ਮਿਲਦੀ ਹੈ।

ਹਫਤੇ ਵਿਚ ਦੋ ਛੁਟੀਆਂ ਹੁੰਦੀਆਂ ਹਨ। ਪੰਜ ਦਿਨ ਅਰਥਾਤ 41 ਘੰਟੇ ਕੰਮ ਕਰਨਾ ਪੈਂਦਾ ਹੈ। ਜਿਹੜੇ ਵਰਕਰ ਇਹਨਾਂ ਦੋ ਦਿਨਾਂ ਵਿਚ ਰੈਸਟ ਕਰਨ ਲਈ ਜਾਂਦੇ ਹਨ ਉਹਨਾਂ ਨੂੰ ਟਰੇਡ ਯੂਨੀਅਨ ਵਲੋਂ ਮਦਦ ਮਿਲਦੀ ਹੈ। ਤਿਉਹਾਰਾਂ ਤੇ ਸਾਲਾਨਾ ਛੁਟੀਆਂ ਦੀਆਂ ਸਹੂਲਤਾਂ ਵੀ ਮੌਜੂਦ ਹਨ।

ਪਲਾਂਟ ਵਲੋਂ ਹੋਰ ਸਹੂਲਤਾਂ ਵੀ ਮਿਲਦੀਆਂ ਹਨ। ਦੁਪਹਿਰ ਦਾ ਖਾਣਾ 50 ਕੌਪਿਕ ਵਿਚ ਮਿਲ ਜਾਂਦਾ ਹੈ। ਇਸ ਵਿਚ ਮੀਟ ਤੇ ਮਛੀ ਵੀ ਹੁੰਦੀ ਹੈ। ਘਟ ਤਨਖਾਹ ਵਾਲਿਆਂ ਤੇ ਸਖਤ ਕੰਮ ਕਰਨ ਵਾਲਿਆਂ ਨੂੰ ਇਹ ਖਾਣਾ 30 ਕੌਪਿਕ ਵਿਚ ਮਿਲਦਾ ਹੈ।

ਸਾਡੇ ਇਕ ਉਤਰ ਵਿਚ ਦਸਿਆ ਗਿਆ ਕਿ 2000 ਫਲੈਟ ਵੰਡੇ ਜਾ ਚੁਕੇ ਹਨ, 4000 ਹੋਰ ਬਣਾਏ ਜਾ ਰਹੇ ਹਨ।

ਪਲਾਂਟ ਦੇ ਵਰਕਰਾਂ ਦੇ ਬਚਿਆਂ ਲਈ ਗਰਮੀਆਂ ਦੇ ਕੈਂਪਾਂ ਦੀ ਸਹੂਲਤ ਹੈ। ਇਕ ਹਜ਼ਾਰ ਬਚੇ ਸਮਰ ਕੈਂਪਾਂ ਵਿਚ ਜਾਂਦੇ ਹਨ। ਤੀਹ ਫੀਸਦੀ ਖਰਚਾ ਪਲਾਂਟ ਬਰਦਾਸ਼ਤ ਕਰਦਾ ਹੈ।

ਤਿੰਨ ਤੋਂ ਸਤ ਸਾਲ ਤਕ ਦੇ ਬਚੇ ਕਿੰਡਰਗਾਰਟਨਾਂ ਵਿਚ ਸ਼ੌਕ ਫਰਮਾਉਂਦੇ ਹਨ। ਫੈਕਟਰੀ ਦੀਆਂ ਤਿੰਨ ਨਰਸਰੀਆਂ ਹਨ, ਦੋ ਕਿੰਡਰਗਾਰਟਨਾਂ ਵਿਦਿਆ ਤੇ ਡਾਕਟਰੀ ਮੁਫਤ।

ਘਟ ਤਨਖਾਹ ਵਾਲਿਆਂ ਤੋਂ ਕਿੰਡਰਗਾਰਟਨ ਲਈ ਕੁਝ ਨਹੀਂ ਲਿਆ ਜਾਂਦਾ। ਵਧ ਆਮਦਨ ਵਾਲਿਆਂ ਤੋਂ ਕੁਝ ਖਰਚਾ ਲਿਆ ਜਾਂਦਾ ਹੈ। ਦਸ ਤੋਂ ਬਾਰਾਂ ਰੂਬਲ ਹਰ ਮਹੀਨੇ ਮਾਪਿਆਂ ਨੂੰ ਇਸ ਮਤੇ ਵਿਚ ਜਮ੍ਹਾਂ ਕਰਵਾਉਣੇ ਪੈਂਦੇ ਹਨ।

ਓਕਾ ਦਰਿਆ ਤੇ ਇਕ ਹਜ਼ਾਰ ਕਿਲੋਮੀਟਰ ਵਿਚ ਜੰਗਲ ਲਾਇਆ ਜਾ ਰਿਹਾ ਹੈ ਅਤੇ ਰੈਸਟ ਹਾਉਸ ਬਣਾਇਆ ਜਾ ਰਿਹਾ ਹੈ। ਰੈਸਟ ਹਾਉਸਾਂ ਤੇ ਛੁਟੀ ਕਟਣ ਵਾਲੇ ਵਰਕਰਾਂ ਨੂੰ ਟਰੇਡ ਯੂਨੀਅਨ ਵਲੋਂ ਤੀਹ ਫੀਸਦੀ ਖਰਚਾ ਦਿਤਾ ਜਾਂਦਾ ਹੈ (ਚਲਦਾ)

ਮੇਰੀ ਸੋਵੀਅਤ ਯਾਤਰਾ ੧੫

# ਬਚਿਆਂ ਦਾ ਬਹਿਸ਼ਤ

**–ਵੀਰ ਭਾਨ ਭੁਲਰ–**

ਸਚ ਮੰਨਿਓ ਸੋਵੀਅਤ ਯੂਨੀਅਨ ਬਚਿਆਂ ਲਈ ਇਕ ਸਵਰਗ ਹੈ। ਫੈਕਟਰੀਆਂ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਬਚੇ ਦੇ ਜਨਮ ਤੋਂ ਦੋ ਮਹੀਨੇ ਪਹਿਲਾਂ ਤੇ ਦੋ ਮਹੀਨੇ ਪਿਛੋਂ ਬਾ ਤਨਖਾਹ ਛੁਟੀ ਮਿਲਦੀ ਹੈ।

ਫਿਰ ਜਦੋਂ ਔਰਤ ਵਰਕਰ ਡਿਊਟੀ ਤੇ ਜਾਂਦੀ ਹੈ ਤਾਂ ਫੈਕਟਰੀ ਜਾਂ ਅਦਾਰੇ ਨਾਲ ਸਬੰਧਤ ਨਰਸਰੀ ਵਿਚ ਬਚਾ ਛਡ ਜਾਂਦੀ ਹੈ ਜਿਸ ਨੂੰ ਮੁਨਾਸਬ ਸਮੇਂ ਤੇ ਖੁਰਾਕ ਮਿਲਦੀ ਰਹਿੰਦੀ ਹੈ। ਤਿੰਨ ਸਾਲ ਤੋਂ ਸਤ ਸਾਲ ਤਕ ਦੇ ਬਚੇ 'ਕੰਡਰਗਾਰਟਨਾਂ ਵਿਚ ਦਾਖਲ ਕਰਵਾਏ ਜਾ ਸਕਦੇ ਹਨ ਅਤੇ ਇਹ ਸੀ "ਅਰਜਨ ਕੀ ਜੈ" ਪਲਾਂਟ ਦਾ ਕਿੰਡਰਗਾਰਟਨ ਜੋ ਅਸੀਂ ਵੇਖਿਆ।

ਖੁਸ਼ ਖੁਰਮ ਬਚੇ ਆਪਣੇ ਕੰਮ ਤੇ ਖੇਡਣ–ਕੁਦਣ ਵਿਚ ਰੁਝੇ ਹੋਏ ਸਨ। ਬਚੇ ਓਨੇ ਹੀ ਰੁਝੇ ਹੋਏ ਨਜ਼ਰ ਆਉਂਦੇ ਸਨ ਜਿੰਨੇ ਮਾਤਾ ਪਿਤਾ ਪਲਾਂਟ ਵਿਚ ਕੰਮ ਕਾਜ ਵਿਚ। ਕੋਈ ਖਿਡੌਣਿਆਂ ਨਾਲ ਖੇਡ ਰਿਹਾ ਸੀ, ਕੋਈ ਗੁਸਲਖਾਨੇ ਵਿਚ ਆਪਣ ਤੌਲੀਏ ਨਾਲ ਹਥ ਸਾਫ ਕਰ ਰਿਹਾ ਸੀ। ਕੋਈ ਬਰਫ ਨਾਲ ਖੇਡ ਰਿਹਾ ਸੀ ਅਤੇ ਚਲ ਰਿਹਾ ਸੀ। ਇਕ ਛੋਟੀ ਜਹੀ ਬਚੀ ਨੂੰ ਜਦੋਂ ਮੈਂ ਦੁਕਿਆ ਤਾਂ ਉਹ ਹਸਦੀ ਹਸਦੀ ਮੇਰੀ ਗੋਦੀ ਵਿਚ ਆ ਗਈ।

ਉਹਨਾਂ ਨੂੰ ਦਿਨ ਵਿਚ ਚਾਰ ਵਾਰ ਖਾਣਾ ਦਿਤਾ ਜਾਂਦਾ ਹੈ। ਸੰਗੀਤ ਦੂਜੀਆਂ ਛੋਟੀਆਂ ਛੋਟੀਆਂ ਗਲਾਂ, ਰਹਿਣਾ ਸਹਿਣਾ, ਖੇਡਣਾ ਕੁਦਣਾ ਸਿਖਾਇਆ ਜਾਂਦਾ ਹੈ। ਰੈਸਟ ਕਰਨ ਲਈ ਛੋਟੇ ਛੋਟੇ ਬਿਸਤਰੇ ਵੀ ਮੌਜੂਦ ਹਨ।

ਕਿੰਡਰ ਗਾਰਟਨ ਵਿਚ 140 ਬਚੇ ਸਨ। ਉਹਨਾਂ ਦੀ ਦੇਖ ਭਾਲ ਲਈ 36 ਟੀਚਰ ਸਨ।

ਅਸੀਂ ਇੰਚਾਰਜ ਨੂੰ ਪੁਛਿਆ ਕਿ ਜੇ ਬਚੇ ਜ਼ਿਦ ਕਰਨ ਤਾਂ ਉਹਨਾਂ ਨੂੰ ਕਿਸ ਤਰ੍ਹਾਂ ਠੀਕ ਕਰਦੇ ਹੋ?

ਉਤਰ ਮਿਲਿਆ: ਵਧੇਰੇ ਕਰਕੇ ਪਰੇਰਨਾ ਤੇ ਪਿਆਰ ਨਾਲ ਦਿਲਾਸੇ ਨਾਲ ਕਦੇ ਘੂਰ ਕੇ।

ਇਥੇ ਬਚੇ ਦਿਨ ਭਰ ਲਈ ਜਾਂ 24 ਘੰਟੇ ਲਈ ਵੀ ਜਾ ਸਕਦੇ ਹਨ। ਕਈ ਵਾਰ ਸ਼ਾਮ ਨੂੰ ਘਰ ਜਾਂਦੇ ਹੋਏ ਮਾਤਾ ਪਿਤਾ ਬਚਿਆਂ ਨੂੰ ਘਰ ਲੈ ਜਾਂਦੇ ਹਨ। ਮਾਤਾ ਪਿਤਾ ਦੀ ਇਕ ਕੌਂਸਲ ਵੀ ਹੈ। ਹਰ ਮਹੀਨੇ ਮਾਤਾ ਪਿਤਾ ਡਾਕਟਰ ਨਰਸ (ਟੀਚਰ) ਮਿਲ ਕੇ ਬਹਿ ਲੈਂਦੇ ਹਨ ਅਤੇ ਬਚਿਆਂ ਦੀ ਦੇਖ ਭਾਲ ਦੇ ਸਬੰਧ ਵਿਚ ਆਪਣੇ ਸੁਝਾਓ ਦੇਂਦੇ ਹਨ। ਇਹ ਟੀਚਰ ਕੇਵਲ 6 ਘੰਟੇ ਡਿਊਟੀ ਦੇਂਦੇ ਹਨ।

ਤੁਸੀਂ ਹੀ ਦਸੋ ਕਿ ਸੋਵੀਅਤ ਯੂਨੀਅਨ ਦੀਆਂ ਇਹ ਨਰਸਰੀਆਂ ਤੇ ਕਿੰਡਰਗਾਰਟਨ ਬਚਿਆਂ ਲਈ ਸਵਰਗ ਨਹੀਂ ਤਾਂ ਕੀ ਹਨ?

ਨਰਸਰੀਆਂ ਤੇ ਬਾਲ ਘਰਾਂ ਵਿਚ ਬਚੇ ਵੇਖੇ ਜਿਦਾਂ ਪਲਦੇ ਸਿਖਦੇ ਨੇ ਉਹ ਰਹਿਣਾ ਸਹਿਣਾ ਆਗੂ ਦਿਸਦੇ ਸਾਨੂੰ ਕਲ ਦੇ ਹਸਣ ਖੇਡਣ ਨਚਣ ਗਾਵਨ ਖਾਵਨ ਪੀਵਨ ਮੌਜ ਉਡਾਵਨ ਬਚਿਆਂ ਲਈ ਬਹਿਸ਼ਤ ਆ ਏਥੇ ਵੇਖਣ ਦੀ ਕੋਈ ਲੋੜ ਨਹੀਂ। ਖਾਣ ਪੀਣ ਨੂੰ ਏਨਾ ਮਿਲਦਾ ਏਸ ਦੀ ਵੀ ਕੋਈ ਥੋੜ ਨਹੀਂ।

## ਮੇਰੀ ਸੋਵੀਅਤ ਯਾਤਰਾ :੧੯

# "ਪਾਰਟੀ ਜੀਵਨ"

—ਵੀਰਭਾਨ ਭੁਲਰ—

ਪਾਰਟੀ ਲਾਈਫ਼, ਪਾਰਟੀ ਦੀ ਸੈਂਟਰਲ ਕਮੇਟੀ ਦਾ ਸਪਤਾਹਿਕ ਅਖਬਾਰ ਹੈ। ਸਾਡਾ ਡੈਲੀਗੇਸ਼ਨ ਪਾਰਟੀ ਲਾਈਫ਼ ਦੇ ਐਡੀਟੋਰੀਅਲ ਬੋਰਡ ਦੇ ਮੈਂਬਰਾਂ ਨੂੰ ਵੀ ਮਿਲਿਆਂ ਇਹ ਅਖਬਾਰ ਪਾਰਟੀ ਦੇ ਸੰਗਠਨ, ਪਰਚਾਰ ਤੇ ਐਜੀਟੇਸ਼ਨ ਦਾ ਕੰਮ ਕਰਦਾ ਹੈ। ਇਸਰਾਹੀਂ ਪਾਰਟੀ ਤੇ ਭਰਾਤਰੀ ਪਾਰਟੀਆਂ ਦੇ ਕੰਮ ਬਾਰੇ ਵੀ ਪਾਰਟੀ ਅਤੇ ਲੋਕਾਂ ਨੂੰ ਵਾਕਫ ਕਰਵਾਇਆ ਜਾਂਦਾ ਹੈ। ਕਾਮਰੇਡ ਕਰਸੇਨੋਵ ਅਤੇ ਕਾਮਰੇਡ ਲੈਸੇਰੀਨ ਨੇ ਦਸਿਆ ਕਿ ਐਡੀਟੋਰੀਅਲ ਬੋਰਡ ਵਿਚ 36 ਮੈਂਬਰ ਹਨ, ਅਖਬਾਰ ਦੀ ਕੀਮਤ ਤੇਰਾਂ ਕੋਪਿਕ ਹੈ ਅਤੇ 8632700 ਛਪਦਾ ਹੈ ਲੈਨਿਨ ਦਿਵਸ ਤਕ ਦਸ ਲਖ ਗਾਹਕ ਬਣਾਏ ਜਾਣਗੇ। ਪਾਰਟੀ ਬਰਾਂਚਾਂ ਤੇ ਪਾਰਟੀ ਮੈਂਬਰ ਇਹ ਕੰਮ ਕਰਨਗੇ।

ਪਰਚੇ ਵਿਚ ਗਣ-ਰਾਜਾਂ ਤੇ ਜ਼ਿਲਿਆਂ ਦੇ ਸਕਤਰ ਆਪਣੇ ਤਜਰਬੇ ਲਿਖਦੇ ਹਨ ਬਰਾਂਚ, ਗਰੁਪ ਤੇ ਸ਼ਾਮ ਦੀ ਜਥੇਬੰਦੀ ਵੀ ਹਿਸਾ ਪਾਉਂਦੀ ਹੈ। ਇਸ ਵਿਚ ਬਰਾਂਚਾਂ, ਸਤਰਾਮਾਂ ਤੇ ਆਮ ਵਰਕਰਾਂ ਨੂੰ ਪਹਿਲ ਕਦਮੀ ਵਿਖਾਉਣ ਦਾ ਹੁਨਰ ਮਿਲਦਾ ਹੈ।

ਇਸ ਅਖਬਾਰ ਦੁਆਰਾ ਸੁਆਲਾਂ ਦੇ ਉਤਰ ਵੀ ਦਿਤੇ ਜਾਂਦੇ ਹਨ। ਸੁਆਲ ਛਾਪ ਦਿਤੇ ਜਾਂਦੇ ਹਨ। ਕੋਈ ਦੂਜੀ ਬਰਾਂਚ ਦਾ ਸਕਤਰ ਜੋ ਉਤਰ ਦੇਂਦਾ ਹੈ ਉਹ ਵੀ ਛਾਪ ਦਿਤਾ ਜਾਂਦਾ ਹੈ। ਸਾਥੀਆਂ ਨੇ ਦਸਿਆ, "ਇਸ ਤਰ੍ਹਾਂ ਅਸੀਂ ਹਜ਼ਾਰਾਂ ਸੁਆਲ-ਜੁਆਬ ਪਰਕਾਸ਼ਤ ਕਰਦੇ ਹਾਂ।" ਪਾਰਟੀ ਦੀ ਜਥੇਬੰਦੀ, ਵਿਧਾਨ ਤੇ ਢਾਂਚੇ ਬਾਰੇ ਲੈਨਿਨੀ ਅਸੂਲ ਵੀ ਪਰਕਾਸ਼ਤ ਕੀਤੇ ਜਾਂਦੇ ਹਨ।

ਦੁਨੀਆਂ ਭਰ ਵਿਚ ਜਿਹੜੇ ਸੁਆਲ ਉਠਦੇ ਹਨ, ਦੂਜੀਆਂ ਪਾਰਟੀਆਂ ਨਾਲ ਖਿਆਲਾਂ ਦਾ ਜੋ ਵਟਾਂਦਰਾ ਹੁੰਦਾ ਹੈ, ਉਹਨਾਂ ਬਾਰੇ ਵੀ ਸਮਿਗਰੀ ਪ੍ਰਕਾਸ਼ਤ ਕੀਤੀ ਜਾਂਦੀ ਹੈ।

ਗਲ ਕੀ ਪਾਰਟੀ ਮੈਂਬਰਾਂ ਵਿਚ ਹਰਕਤ ਪੈਦਾ ਕਰਨ, ਉਹਨਾਂ ਦੀ ਪਹਿਲ-ਕਦਮੀ ਵਧਾਉਣ, ਪਾਰਟੀ ਡਸਿਪਲਿਨ ਪਾਰਟੀ ਦੀ ਜਮਹੂਰੀਅਤ ਨੂੰ ਅਮਲ ਵਿਚ ਲਿਆਉਣ ਲਈ ਇਹ ਅਖਬਾਰ ਅਹਿਮ ਰੋਲ ਅਦਾ ਕਰਦਾ ਹੈ। ਇਹ ਗਲ ਚੇਤੇ ਕਰਵਾਈ ਜਾਂਦੀ ਹੈ ਕਿ ਸਾਂਝੇ ਫੈਸਲੇ ਹੀ ਪਾਰਟੀ ਜਥੇਬੰਦੀ ਦਾ ਅਹਿਮ ਖਾਸਾ ਹਨ। ਸੈ ਸਰਸ਼ਿਪ ਕੋਈ ਨਹੀਂ, ਪਾਰਟੀ ਤੋਂ ਉਪਰ ਕੋਈ ਨਹੀਂ।

ਜਦੋਂ ਮੈਂ ਅਰਜ਼ ਕੀਤੀ, ਜੋ ਕੁਝ ਅਸੀਂ ਸੁਣਿਆ ਵੇਖਿਆ ਹੈ, ਇਹ ਮਸਲਾ ਇਵੇਂ ਹੀ ਹੈ ਜਿਵੇਂ ਇੰਜਣ ਵਿਚ ਕੋਲਾ। ਜਦੋਂ ਦੋ ਭਾਸ਼ੀਏ ਨੇ ਉਹਨਾਂ ਨੂੰ ਦਸਿਆ ਕਿ ਮੈਂ ਕੀ ਕਿਹਾ ਹੈ ਤਾਂ ਕਰੇਸਨੋਵ ਨੇ ਕਿਹਾ ਤੁਸੀਂ ਸ਼ੈਕਸਪੀਅਰ ਪੜ੍ਹਿਆ ਹੋਇਆ। ਸਾਥੀ ਕਰੇਸਨੋਵ ਬਹੁਤ ਖੁਸ਼ ਹੋਏ।

ਮਾਸਕੋ ਦੀਆਂ ਕੁਝ ਗਲਾਂ ਦਾ ਅੰਤ ਵਿਚ ਜ਼ਿਕਰ ਕਰਾਂਗਾ। ਹੁਣ ਰੇਲ ਗਡੀ ਦੁਆਰਾ ਸਾਡਾ ਡੈਲੀਗੇਸ਼ਨ ਲੈਨਿਨ ਗਰਾਡ ਲਈ ਚਲ ਪਿਆ। (ਚਲਦਾ)

# ਕਰਾਂਤੀ ਦਾ ਕੇਂਦਰ

**—ਵੀਰ ਭਾਨ ਭੁਲਰ—**

ਅਤੇ ਫਿਰ ਅਸੀਂ ਇਕ ਰੇਲ ਗਡੀ ਵਿਚ ਬਹਿ ਕੇ ਮਾਸਕੋ ਤੋਂ ਲੈਨਿਨ-ਗਰਾਡ ਰਵਾਨਾ ਹੋ ਗਏ। ਨੇਵਾ ਦਰਿਆ ਦੇ ਕੰਢੇ ਵਸਿਆ ਲੈਨਿਨ ਗਰਾਡ ਪਹਿਲਾ ਸੇਂਟਪੀਟਰਜ਼ ਬਰਗ, ਫਿਰ ਪੀਟਰੋ-ਗਰਾਡ ਦੇ ਨਾਂਅ ਨਾਲ ਪ੍ਰਸਿਧ ਸੀ। ਇਥੇ ਲੈਨਿਨ ਨੇ ਇਨਕਲਾਬੀ ਸਰਗਰ-ਮੀਆਂ ਸ਼ੁਰੂ ਕੀਤੀਆਂ, ਇਥੋਂ ਨੇ ਇਨਕਲਾਬੀਆਂ ਨੂੰ ਇਕਠਾ ਕੀਤਾ, ਮਜ਼ਦੂਰ ਜਮਾਤ ਨੂੰ ਮੁਕਤੀ ਦੁਆਉਣ ਲਈ ਜਦੋ ਜਹਿਦ ਕਰਨ ਵਾਲੀ ਲੀਗ ਬਣਾਈ ਜੋ ਕਿ ਰੂਸ ਵਿਚ ਮਾਰਕਸੀ ਤਹਿਰੀਕ ਦਾ ਸ਼ੁਰੂਣ ਸੀ।

1905 ਨੂੰ ਖੂਨੀ ਐਤਵਾਰ ਦੀ ਜਿਹੜੀ ਘਟਨਾ ਹੋਈ, ਉਹ ਉਸੇ ਥਾਂ ਦੀ ਹੈ ਜਦੋਂ ਕਿ ਸ਼ਾਂ ਮਈ ਪ੍ਰਦਰਸ਼ਨਕਾਰੀਆਂ ਉਤੇ ਵਿੰਟਰ ਪੈਲਸ ਤੋਂ ਗੋਲੀਆਂ ਚਲਾ ਕ ਅਥਵਾ ਸ਼ਹਿਰ ਦੇ ਦੂਜੇ ਹਿਸਿਆਂ ਵਿਚ ਪਰਦਰਸ਼ਨਕਾਰੀਆਂ ਤੇ ਗੋਲੀਆਂ ਚਲਾ ਕੇ ਉਹਨਾਂ ਦਾ ਖੂਨ ਡੋਲਿਆ ਸੀ। ਉਦੋਂ ਪਰਦਰਸ਼ਨਕਾਰੀ ਜ਼ਾਰ ਨੂੰ ਇਕ ਬੇਨਤੀ ਪਤਰ ਪੇਸ਼ ਕਰਨਾ ਚਾਹੁੰਦੇ ਸਨ। ਇਸ ਵਿਚ ਮੰਗ ਕੀਤੀ ਗਈ ਸੀ ਕਿ ਉਹਨਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਨੂੰ ਬਿਹਤਰ ਬਣਾਇਆ ਜਾਵੇ ਅਤੇ ਸ਼ਹਿਰੀ ਹਕ ਦਿਤੇ ਜਾਣ।

ਕੁਝ ਘੰਟਿਆਂ ਦੇ ਅੰਦਰ ਅੰਦਰ ਸ਼ਾਂਤਮਈ ਤੇ ਨਿਹਥੇ ਪਰਦਰਸ਼ਨਕਾਰੀ ਇਕ ਸ਼ਕਤੀਸ਼ਾਲੀ ਇਨਕਲਾਬੀ ਤਾਕਤ ਬਣ ਗਏ। ਇਹ ਅਕਤੂਬਰ ਇਨਕਲਾਬ ਦੀ ਰੀਹਰਸਲ ਸੀ। ਭਾਵੇਂ 1905-1907 ਦਾ ਇਨਕਲਾਬ ਦਬਾ ਦਿਤਾ ਗਿਆ ਅਪਰੈਲ 1917 ਵਿਚ ਕਾਮਰੇਡ ਲੈਨਿਨ ਪੀਟਰੋਗਰਾਡ ਤੋਂ ਬਾਹਰ ਆਏ। ਅਗਸਤ 1914 ਵਿਚ ਸੇਂਟ ਪੀਟਰਜ਼ ਬਰਗ ਦਾ ਨਾਂਅ ਪੀਟਰੋ-ਗਰਾਡ ਰਖਿਆ ਗਿਆ ਸੀ। ਉਦੋਂ ਵਰਕਰਾਂ ਤੇ ਫੌਜੀਆਂ ਦੀ ਸੋਵੀਅਤ ਬਣ ਚੁਕੀ ਸੀ।

1917 ਦੇ ਫਰਵਰੀ ਇਨਕਲਾਬ ਦੇ ਕੁਝ ਦਿਨ ਪਿਛੋਂ ਮਾਸਕੋ ਅਤੇ ਕੁਝ ਦੂਜੇ ਸ਼ਹਿਰਾਂ ਵਿਚ ਸੋਵੀਅਤਾਂ ਬਣ ਚੁਕੀਆਂ ਸਨ। ਪਾਰਟੀ ਦੀ ਇਨਕਲਾਬੀ ਤਹਿਰੀਕ ਦੀ ਅਗਵਾਈ ਕਾਮਰੇਡ ਲੈਨਿਨ ਕਰ ਰਹੇ ਸਨ। 3-4 ਜੁਲਾਈ 1917 ਨੂੰ ਸਰਮਾਏਦਾਰੀ ਦੀ ਸਰਕਾਰ ਨੇ ਮਜ਼ਦੂਰਾਂ, ਸਿਪਾਹੀਆਂ ਅਤੇ ਜਹਾਜ਼ੀ ਪਰਦਰਸ਼ਨਕਾਰੀਆਂ ਜੋ ਕਿ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਅਤੇ ਇਸ ਮੰਗ ਤੇ ਜ਼ੋਰ ਦੇ ਰਹੇ ਸਨ ਕਿ ਸਾਰੀ ਤਾਕਤ ਸੋਵੀਅਤਾਂ ਨੂੰ ਮਿਲੇ—ਹੱਲਾ ਬੋਲ ਦਿਤਾ ਅਤੇ ਉਹਨਾ ਤੇ ਫਾਇਰਿੰਗ ਕੀਤੀ। ਇਸ ਤਰ੍ਹਾਂ ਸ਼ਾਂਤਮਈ ਇਨਕਲਾਬ ਦਾ ਦੌਰ ਖਤਮ ਹੋ ਗਿਆ। ਬਾਲਸ਼ਵੀਕ ਪਾਰਟੀ ਨੂੰ ਨਵੇਂ ਹਾਲਾਤ ਵਿਚ ਕੰਮ ਕਰਨਾ ਪਿਆ। ਕਾਮਰੇਡ ਲੈਨਿਨ ਅੰਡਰ ਗਰਾਊਂਡ ਚਲੇ ਗਏ। ਇਸ ਹਾਲਤ ਵਿਚ ਵੀ ਕਾਮਰੇਡ ਲੈਨਿਨ ਨੇ ਛੇਵੀਂ ਪਾਰਟੀ ਕਾਂਗਰਸ ਦੀ ਤਿਆਰੀ ਕੀਤੀ ਅਤੇ ਉਸ ਦੀ ਅਗਵਾਈ ਕੀਤੀ। ਇਸੇ ਸ਼ਹਿਰ ਵਿਚ ਕਾਮਰੇਡ ਲੈਨਿਨ ਦੀ ਹਥਿਆਰਬੰਦ ਜਦੋ-ਜਹਿਦ ਦੀ ਲਾਈਨ ਪਾਸ ਹੋਈ।

ਕਾਮਰੇਡ ਲੈਨਿਨ ਰਜ਼ਲੀਫ ਜੋ ਲੈਨਿਨਗਰਾਡ ਤੋਂ 35 ਮੀਲ ਦੂਰ ਅਤੇ ਫਿਨਲੈਂਡ ਨੂੰ ਜਾਣ ਵਾਲੀ ਸੜਕ ਤੇ ਹੈ ਵਿਚ ਇਕ ਝੁਗੀ ਵਿਚ ਇਕ ਗੂੰਗੇ ਤੇ ਬੋਲੇ ਦੇ ਰੂਪ ਵਿਚ ਠਹਿਰੇ ਅਤੇ ਅੰਡਰ ਗਰਾਊਂਡ ਤਹਿਰੀਕ ਦੀ ਅਗਵਾਈ ਕਰਦੇ ਰਹੇ।

(ਚਲਦਾ)

29 ਮਾਰਚ 1969

ਮੇਰੀ ਸੋਵੀਅਤ ਫੇਰੀ—੧੯

# ਇਸ ਤਰ੍ਹਾਂ ਵਿਉਂਤੀ ਗਈ ਸੀ ਕਰਾਂਤੀ

—ਵੀਰ ਭਾਨ ਭੁਲਰ—

ਇਨਕਲਾਬੀ ਮਿਲਟਰੀ ਕਮੇਟੀ ਨੇ ਬੜੀ ਸਿਆਣਪ ਨਾਲ ਕਾਮਰੇਡ ਲੈਨਿਨ ਵਲੋਂ ਬਣਾਈ ਗਈ ਸਕੀਮ ਅਨੁਸਾਰ ਅਤੇ ਉਹਨਾਂ ਦੀ ਜ਼ਾਤੀ ਅਗਵਾਈ ਹੇਠ ਕੰਮ ਕੀਤਾ।

25 ਅਕਤੂਬਰ ਦੀ ਰਾਤ ਨੂੰ ਟੈਲੀਗਰਾਫ, ਟੈਲੀਫੋਨ, ਸੈਂਟਰਲ ਪੋਸਟ ਆਫਿਸ, ਰੇਲਵੇ ਸਟੇਸ਼ਨ ਅਤੇ ਸਟੇਟ ਬੈਂਕ ਤੇ ਕਬਜ਼ਾ ਕਰ ਲਿਆ ਗਿਆ। ਅਹਿਮ ਪੁਲਾਂ ਉਤੇ ਇਨਕਲਾਬੀ ਫੌਜੀ ਕਮੇਟੀ ਨੇ ਕੰਟਰੋਲ ਕਰ ਲਿਆ। ਅਬਦਾ ਵਿੰਟਰ ਪੈਲਸ ਨੂੰ ਘੇਰੇ ਵਿਚ ਲੈ ਲਿਆ, ਜਿਸ ਵਿਚ ਜ਼ਨਲ ਸਰਕਾਰ ਦੇ ਮੰਤਰੀ ਛੁਪੇ ਹੋਏ ਸਨ।

ਇਹ ਗਲ ਵਰਨਣ ਯੋਗ ਹੈ ਕਿ ਸਾਰਾ ਕੰਮ ਅਜਿਹੀ ਤਕਨੀਕ ਤੇ ਹਨਰਮੰਦੀ ਨਾਲ ਕੀਤਾ ਗਿਆ ਕਿ ਕੇਵਲ 4·-6 ਬੰਦੇ ਹੀ ਮਰੇ, ਦੁਸ਼ਮਨ ਦੀਆਂ ਫੌਜਾਂ ਵੀ ਇਨਕਲਾਬੀਆਂ ਨਾਲ ਮਿਲ ਗਈਆਂ। ਇਸ ਤਰ੍ਹਾਂ ਇਨਕਲਾਬੀਆਂ ਨੇ ਦੁਸ਼ਮਨ ਦਾ ਗੜ੍ਹ ਛੀਨ ਦਿਤਾ।

ਅਤੇ ਸਮਾਲਨਸੀ, ਜੋ ਇਨਕਲਾਬ ਦੀ ਵੇਖਣ ਵਾਲੀ ਥਾਂ ਹੈ। ਇਹ ਇਨਕਲਾਬ ਦਾ ਹੈਡਕੁਆਰਟਰ ਸੀ। ਇਥੋਂ ਹੀ ਮਜ਼ਦੂਰਾਂ ਤੇ ਕਿਸਾਨਾਂ ਦੀ ਪਹਿਲੀ ਸਰਕਾਰ ਦਾ ਐਲਾਨ ਕੀਤਾ ਗਿਆ ਸੀ। ਇਥੋਂ ਜਾਰੀ ਕੀਤੇ ਗਏ ਪਹਿਲੇ ਐਲਾਨ ਵਿਚ ਅਮਨ ਤੇ ਜ਼ਮੀਨ ਦੀ ਡਿਗਰੀ ਦਾ ਐਲਾਨ ਵੀ ਕੀਤਾ ਗਿਆ ਸੀ।

ਪੀਟਰੋਗਰਾਡ ਦੇ ਵਰਕਰਾਂ ਦੀ ਦਰਖਾਸਤ ਉਤੇ 1924 ਵਿਚ ਕਾਮਰੇਡ ਲੈਨਿਨ ਦੇ ਦਿਹਾਂਤ ਤੋਂ ਪਿਛੋਂ) ਇਸ ਸ਼ਹਿਰ ਦਾ ਨਾਂਅ ਲੈਨਿਨਗਰਾਡ ਰਖਿਆ ਗਿਆ ਸੀ।

ਇਹ ਲੈਨਿਨ ਗਰਾਡ ਮਾਸਕੋ ਤੋਂ 700 ਕਿਲੋਮੀਟਰ ਹੈ। ਜਿਸ ਗਡੀ ਵਿਚ ਅਸੀਂ ਲੈਨਿਨ ਗਰਾਡ ਪਹੁੰਚੇ ਉਹ ਰਾਤ ਭਰ ਚਲਦੀ ਰਹੀ। ਰਾਹ ਵਿਚ ਕਿਸੇ ਥਾਂ ਨਾ ਠਹਿਰੀ। ਅਸੀਂ ਸਵੇਰੇ ਲੈਨਿਨ ਗਰਾਡ ਜਾ ਕੇ ਹੀ ਉਤਰੇ। ਗਡੀ ਦੇ ਹਰ ਕਮਰੇ ਵਿਚ ਚਾਰ ਬੈੱਡ (ਬਿਸਤਰੇ) ਲਗੇ ਹੋਏ ਸਨ। ਆਮ ਲਾਈਟ ਤੋਂ ਉਪਰੰਤ ਇਕ ਲਾਈਟ ਸਰਹਾਣੇ ਵੀ ਲਗੀ ਹੋਈ ਸੀ। ਲੇਟ ਕੇ ਪੜ੍ਹਨ ਤੇ ਸੌਣ ਵਾਲਿਆਂ ਸਭ ਦਾ ਮਤਲਬ ਹਲ ਹੋ ਜਾਂਦਾ ਸੀ। ਰੇਡੀਓ ਆਪਣੀ ਧੁਨ ਸੁਣਾਉਣ ਵਿਚ ਕੋਈ ਕਸਰ ਨਹੀਂ ਛਡਦਾ। ਬਰਫਬਾਰੀ ਤੇ ਰਾਤ ਹੋਣ ਕਾਰਨ ਬਾਹਰ ਦਾ ਕੋਈ ਨਜ਼ਾਰਾ ਨਸੀਬ ਨਾ ਹੋ ਸਕਿਆ। ਲੈਨਿਨਗਰਾਡ ਗਡੀ ਤੋਂ ਉਤਰੇ ਤਾਂ ਸਾਥੀ ਮੌਜੂਦ ਸਨ--ਸਾਥੀ ਵਿਕਟਰ ਤੇ ਪਿਛੋਂ ਸਾਨੂੰ ਮਿਲ ਗਈ ਸੋਨੀਆ, ਜਿਸ ਨੂੰ ਜ਼ਰਦ ਕੁਕੜ ਵੀ ਕਿਹਾ ਜਾਂਦਾ ਹੈ।

(ਚਲਦਾ)

ਮੇਰੀ ਸੋਵੀਅਤ ਯਾਤਰਾ—੧੯

# ਉਹ ਦਸਦੀ ਜਾ ਰਹੀ ਸੀ

—ਵੀਰ ਭਾਨ ਭੁਲਰ—

ਸਾਡੇ ਡੇਲੀਗੇਸ਼ਨ ਨੂੰ ਇਕ ਬਹੁਤ ਵਡੇ ਖੂਬਸੂਰਤ ਹੋਟਲ ਵਿਚ ਠਹਿਰਾਇਆ ਗਿਆ। ਨਾਸ਼ਤਾ ਕਰਦੇ ਹੀ ਸਾਰਾ ਪਰੋਗਰਾਮ ਚਾਲੂ ਹੋ ਗਿਆ। ਕਾਮਰੇਡ ਸੋਨੀਆ ਦੀ ਡਿਊਟੀ ਦੋ ਭਾਸ਼ੀਆ ਵਜੋਂ ਸਾਡੇ ਨਾਲ ਲਗ ਗਈ।

ਉਹ ਦਸਦੀ ਜਾ ਰਹੀ ਸੀ: ਲੈਨਿਨਗਰਾਡ ਨੀਵਾ ਦਰਿਆ ਤੇ ਵਾਕਿਆ ਹੈ। 101 ਟਾਪੂ ਹਨ, 36 ਨਹਿਰਾਂ ਹਨ ਵੀਹ ਚਰਚ ਹਨ। ਇਕ ਮਸਜਦ ਵੀ ਮੌਜੂਦ ਹੈ। 1942 ਵਿਚ ਹਿਟਲਰੀ ਹਮਲੇ ਦੌਰਾਨ ਹਰ ਤੀਜੀ ਬਿਲਡਿੰਗ ਤਬਾਹ ਹੋ ਗਈ ਸੀ। ਸਾਰੀਆਂ ਦੀਆਂ ਸਾਰੀਆਂ ਨਵੇਂ ਸਿਰਿਉਂ ਬਣਾ ਦਿਤੀਆਂ ਗਈਆਂ ਹਨ। ਹਰ ਰੋਜ਼ 130 ਨਵੇਂ ਮਕਾਨ ਬਣਾਏ ਜਾਂਦੇ ਹਨ। ਇਹ ਜੋ ਏਰੀਆ ਹੈ ਬਿਲਕੁਲ ਨਵੇਂ ਬਣਿਆ ਹੈ ਇਸ ਤਰ੍ਹਾਂ ਲੈਨਿਨ ਗਰਾਡ ਵਿਚ ਇਕ ਨਵੇਂ ਜ਼ਿਲੇ ਦਾ ਵਾਧਾ ਹੋ ਗਿਆ ਹੈ।

ਮਕਾਨਾਂ ਦੇ ਕਰਾਏ ਦੇ ਸਬੰਧ ਵਿਚ ਉਸ ਨੇ ਦਸਿਆ ਕਿ ਇਹ ਬਹੁਤ ਸਸਤਾ ਹੈ। ਇਕ ਵਰਗ ਮੀਟਰ ਲਈ ਤੇਤਾ ਕੋਪਕ। ਰਸੋਈ, ਟੱਟੀ, ਗੁਸਲਖਾਨੇ ਵਾਲੇ ਹਿਸਿਆਂ ਦਾ ਕੋਈ ਕਰਾਇਆ ਨਹੀਂ। ਆਮਦਨ ਦਾ ਤਿੰਨ ਤੋਂ ਪੰਜ ਫੀਸਦੀ ਤਕ ਕਰਾਇਆ ਅਦਾ ਕਰਨਾ ਪੈਂਦਾ ਹੈ।

ਸ਼ਹਿਰ ਵਿਚ ਕੋਈ ਅਦਾਰਾ ਪਰਾਈਵੇਟ ਨਹੀਂ ਹੈ। ਸਾਰੇ ਹੋਟਲ, ਸਾਰੀਆਂ ਦੁਕਾਨਾਂ, ਇਥੋਂ ਤਕ ਕਿ ਛੋਟੇ ਛੋਟੇ ਸਟਾਲ ਵੀ ਜਨਤਕ ਮਲਕੀਅਤ ਹਨ। ਕੇਵਲ ਫਰੂਟ, ਸਬਜ਼ੀਆਂ ਤੇ ਇਹੋ ਜਹੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਕੋਆਪਰੇਟਿਵ ਸਟੋਰ ਹਨ, ਜੋ ਕੋਆਪਰੇਟਿਵ ਪ੍ਰਨਾਲੀ ਅਨੁਸਾਰ ਕੰਮ ਕਰਦੇ ਹਨ।

ਅਤੇ ਇਹ ਹੈ ਸਮਾਜਵਾਦੀ ਇਨਕਲਾਬ ਦਾ ਹੈਡਕੁਆਰਟਰ। ਹੁਣ ਇਸ ਵਿਚ ਰਿਜਨਲ ਪਾਰਟੀ ਕਮੇਟੀ ਦਾ ਆਫਿਸ ਤੇ ਦੂਜੇ ਸਰਕਾਰੀ ਦਫਤਰ ਹਨ। ਅਸੀਂ ਉਹ ਵਿੰਟਰ ਪੈਲਸ ਵੀ ਵੇਖਿਆ ਜਿਥੇ ਲੋਕਾਂ ਤੇ ਬਾਰ ਬਾਰ ਗੋਲੀਆਂ ਚਲਾਈਆਂ ਗਈਆਂ ਸਨ ਤੇ ਅੰਤ ਨੂੰ ਲੋਕਾਂ ਨੇ ਉਸ ਤੇ ਕਬਜ਼ਾ ਕਰ ਲਿਆ ਸੀ। ਜ਼ਾਰਸ਼ਾਹੀ ਤੇ ਕਰਿੰਸਕੀ ਦੀ ਸਰਕਾਰ ਦਾ ਖਾਤਮਾ ਕਰ ਦਿਤਾ ਸੀ। ਅਸੀਂ ਉਹ ਆਰਮਡ ਕਾਰ ਵੀ ਵੇਖੀ ਜਿਸ ਤੇ ਲੈਨਿਨ ਨੇ ਖੜੇ ਹੋਕੇ ਇਨਕਲਾਬੀ ਤਕਰੀਰ ਕੀਤੀ।

ਆਖਰ ਅਸੀਂ ਇਕ 6 ਮੰਜ਼ਲੀ ਬਿਲਡਿੰਗ ਸਾਹਮਣੇ ਰੁਕੇ। ਸਾਡੀ ਦੋ ਭਾਸ਼ੀਆ ਸੋਨੀਆ ਨੇ ਦਸਿਆ ਕਿ ਇਹ ਟੈਕਸੀ ਪਲਾਂਟ ਹੈ। ਇਸ ਵਿਚ ਕਾਰਾਂ ਦੀ ਧੁਆਈ, ਸੁਧਾਈ ਕੀਤੀ ਜਾਂਦੀ ਹੈ। ਧੁਆਈ ਚੈਂਬਰ ਵਿਚ ਇਕ ਵਾਰ ਹੀ 45 ਕਾਰਾਂ ਦੀ ਧੁਆਈ ਹੋ ਸਕਦੀ ਹੈ।

9 ਹਜ਼ਾਰ ਕਿਲੋ-ਮੀਟਰ ਸਫਰ ਕਰਨ ਤੋਂ ਪਿਛੋਂ ਵੀਹ ਕਾਰਾਂ ਹਰ ਰੋਜ਼ ਚੈਕ ਕੀਤੀਆਂ ਜਾਂਦੀਆਂ ਹਨ। ਵਿਗਿਆਨਕ ਤਰੀਕੇ ਨਾਲ ਕਾਰਾਂ ਦੀ ਸੁਧਾਈ ਕੀਤੀ ਜਾਂਦੀ ਹੈ ਤਾਂ ਜੋ ਚਲਦੇ ਸਮੇਂ ਸਵਾਰੀਆਂ ਨੂੰ ਕਿਸੇ ਪਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਹ ਵਰਕਸ਼ਾਪ 1962 ਵਿਚ ਬਣਾਈ ਗਈ ਸੀ। 1800 ਮੁਲਾਜ਼ਮ ਇਸ ਵਿਚ ਕੰਮ ਕਰਦੇ ਹਨ। ਪਕਾ ਬੋਰਡ ਮੈਨੇਜਰ, ਇੰਜੀਨੀਅਰ ਅਤੇ ਟੈਕਨੀਕਲ ਡਾਇਰੈਕਟਰ ਤੇ ਸਮਿਲਤ ਹੈ। ਯੂਨੀਅਨ ਤੇ ਪਾਰਟੀ ਆਰਗਨਾਈਜ਼ੇਸ਼ਨ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ।

ਇਸ ਪਲਾਂਟ ਵਿਚ ਵਰਕਰਾਂ ਦੀ ਤਨਖਾਹ ਇਸ ਪਰਕਾਰ ਹੈ।

ਡਰਾਈਵਰ-141 ਰੂਬਲ, ਇੰਜੀਨੀਅਰ ਤੇ ਟੈਕਨੀਸ਼ੀਅਨ—173 ਰੂਬਲ ਮਾਸਕ। ਮਰਦਾਂ ਤੇ ਔਰਤਾਂ ਨੂੰ ਇਕੋ ਜਹੇ ਕੰਮ ਲਈ ਬਰਾਬਰ ਤਨਖਾਹ ਮਿਲਦੀ ਹੈ। ਤੀਹ ਫੀ ਸਦੀ ਔਰਤਾਂ ਡਰਾਈਵਰ ਵਜੋਂ ਕੰਮ ਕਰਦੀਆਂ ਹਨ।

ਸਾਰੇ ਵਰਕਰ ਯੂਨੀਅਨ ਦੇ ਮੈਂਬਰ ਹਨ। ਪਾਰਟੀ ਮੈਂਬਰ ਲੈਣ ਦੇ ਮਾਮਲੇ ਵਿਚ ਸਖਤ ਪੁਛ ਪੜਤਾਲ ਕੀਤੀ ਜਾਂਦੀ ਹੈ। ਤਨਖਾਹ ਦਾ ਇਕ ਫੀਸਦੀ ਫੰਡ ਲਾਜ਼ਮੀ ਹੈ। ਦਸ ਫੀਸਦੀ ਵਰਕਰ ਪਾਰਟੀ ਦੇ ਮੈਂਬਰ ਹਨ। ਪਾਰਟੀ ਮੈਂਬਰ ਲੈਂਦੇ ਸਮੇਂ ਸਖਤ ਪੁਛ ਪੜਤਾਲ ਕੀਤੀ ਜਾਂਦੀ ਹੈ। ਪਾਰਟੀ ਮੈਂਬਰ ਇਹੋ ਜਿਹਾ ਹੋਣਾ ਚਾਹੀਦਾ ਹੈ ਜੋ ਸ਼ੀਸ਼ੇ ਵਾਂਗ ਸਾਫ ਹੋਵੇ, ਇਖਲਾਕੀ ਤੌਰ ਤੇ ਉਚਾ ਹੋਵੇ।

ਮੇਰੀ ਸੋਵੀਅਤ ਯਾਤਰਾ—੨੦

# ਕੰਮ ਦਾ ਹਕ, ਪਵਿਤਰ ਹੱਕ

—ਵੀਰ ਭਾਨ ਭੁਲਰ—

ਅਸੀਂ ਸੁਆਲ ਕੀਤਾ ਹਾਦਸਿਆਂ ਦੀ ਸੂਰਤ ਵਿਚ ਤੁਸੀਂ ਡਰਾਈਵਰ ਨਾਲ ਕੀ ਸਲੂਕ ਕਰਦੇ ਹੋ ?

ਉਤਰ ਸੀ : ਜੇ ਡਰਾਈਵਰ ਲਾਪਰਵਾਹੀ ਤੋਂ ਕੰਮ ਲਵੇ ਉਸ ਨੂੰ ਡੀਮੋਟ ਕਰ ਦਿਤਾ ਜਾਂਦਾ ਹੈ। ਗਰੇਸ ਮੈਨ ਦਾ ਜਾਂ ਕੋਈ ਹੋਰ ਕੰਮ ਉਸ ਨੂੰ ਦੇ ਦਿਤਾ ਜਾਂਦਾ ਹੈ। ਉਹ ਅਪੀਲ ਕਰ ਸਕਦਾ ਹੈ, ਟਰੇਡ ਯੂਨੀਅਨ ਦਾ ਫੈਸਲਾ ਅੰਤਮ ਫੈਸਲਾ ਹੋਵੇਗਾ।

ਕਸੂਰ ਸਾਬਤ ਹੋਣ ਤੇ ਜੇ ਕਿਸੇ ਨੂੰ ਅਦਾਲਤ ਵਿਚ ਸਜ਼ਾ ਹੋ ਜਾਵੇ ਅਤੇ ਉਹ ਜੇਲ੍ਹ ਚਲਾ ਜਾਵੇ ਤਾਂ ਵੀ ਉਸ ਦਾ ਕੰਮ ਕਰਨ ਦਾ ਹਕ ਨਹੀਂ ਖੁਸਦਾ। ਜੇਲ੍ਹ ਤੋਂ ਵਾਪਸ ਆਉਣ ਤੇ ਵੀ ਅਦਾਰਾ ਉਸ ਨੂੰ ਕੰਮ ਮੁਹਈਆ ਕਰਦਾ ਹੈ।

ਹਾਦਸਾ ਹੋਣ ਤੇ ਰੋਡ ਪੁਲਸ ਤੋਂ ਉਪਰੰਤ ਸੈਂਟਰਲ ਇੰਟੈਲੀਜੈਂਸ ਵੀ ਜਾਂਚ ਕਰਦਾ ਹੈ।

ਕੇਸ ਜੇ ਸਾਫ ਨਾ ਹੋਵੇਗਾ ਕਿ ਵਰਕਰ ਦਾ ਹੀ ਕਸੂਰ ਹੋ ਸਕਦਾ ਹੈ ਉਸ ਸੂਰਤ ਵਿਚ ਉਸ ਨੂੰ ਔਸਤ ਆਮਦਨ ਮੁਤਾਬਕ ਤਨਖਾਹ ਮਿਲਦੀ ਰਹੇਗੀ। ਲਸੰਸ ਜੇ ਪੁਲਸ ਕੋਲ ਹੋਵੇਗਾ ਤਾਂ ਉਸ ਡਰਾਈਵਰ ਨੂੰ ਡਰਾਈਵਰ ਦਾ ਕੰਮ ਨਹੀਂ ਮਿਲੇਗਾ। ਦੂਜਾ ਕੰਮ ਮਿਲੇਗਾ ਤੇ ਉਸ ਅਨੁਸਾਰ ਤਨਖਾਹ ਮਿਲੇਗੀ।

ਪਲਾਂਟ ਦਾ ਆਪਣਾ ਮੈਡੀਕਲ ਚੈਕ-ਅਪ ਸੈਂਟਰ ਹੈ, ਮੀਟਿੰਗ ਹਾਲ ਹੈ, ਕਲੱਬ ਹੈ, ਟਰੇਡ ਯੂਨੀਅਨ ਦਫਤਰ ਹੈ। ਗਲ ਕੀ ਵਰਕਰਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਨਸੀਬ ਹਨ ਜਿਨ੍ਹਾਂ ਦਾ ਕਿ ਮੈਂ ਪਹਿਲਾਂ ਵੀ ਜ਼ਿਕਰ ਕਰ ਚੁਕਿਆ ਹਾਂ।

ਇਲੈਕਟਰੋਸੇਲਾ ਪਲਾਂਟ ਵਿਚ ਵੀ ਸਾਨੂੰ ਦਸਿਆ ਗਿਆ ਕਿ ਵਰਕਰਾਂ ਨੂੰ ਬੀਮਾਰੀ ਦੇ ਦਿਨਾਂ ਦੀ ਅਤੇ ਹਾਦਸਾ ਹੋਣ ਤੇ ਪੂਰੀ ਤਨਖਾਹ ਦਿਤੀ ਜਾਂਦੀ ਹੈ। ਇਸ ਫੈਕਟਰੀ ਦੇ ਹਸਪਤਾਲ ਵਿਚ 22 ਡਾਕਟਰ ਮੌਜੂਦ ਹਨ, ਜੋ ਵਰਕਰਾਂ ਦੀ ਸਿਹਤ ਦਾ ਖਿਆਲ ਰਖਦੇ ਹਨ।

ਬੁਢੇਪੇ ਦੀ ਪੈਨਸ਼ਨ ਵੀ ਮਿਲਦੀ ਹੈ। ਔਰਤਾਂ 55 ਸਾਲ ਤੇ ਆਦਮੀ ਸਠ ਸਾਲ ਦੀ ਉਮਰ ਵਿਚ ਪੈਨਸ਼ਨ ਲੈ ਸਕਦੇ ਹਨ। ਖਤਰਨਾਕ ਕੰਮਾਂ ਵਿਚ ਔਰਤਾਂ 45 ਸਾਲ ਤੇ ਮਰਦ 50 ਸਾਲ ਦੀ ਉਮਰ ਵਿਚ ਰੀਟਾਇਰ ਹੋ ਕੇ ਪੈਨਸ਼ਨਾਂ ਲੈ ਸਕਦੇ ਹਨ।

ਇਲੈਕਟਰੋਸੈਲਾ ਪਲਾਂਟ ਵਿਚ ਵਰਕਰਾਂ ਦੀ ਔਸਤ ਮਾਸਕ ਆਮਦਨ 120 ਰੂਬਲ, 200 ਰੂਬਲ ਤੇ 250 ਰੂਬਲ ਹੈ। ਪਲਾਂਟ ਵਿਚ ਦਸ ਹਜ਼ਾਰ ਵਰਕਰ ਕੰਮ ਕਰਦੇ ਹਨ। ਇਸ ਪਲਾਂਟ ਨਾਲ ਸੰਬੰਧਤ ਤਿੰਨ ਹੋਰ ਪਲਾਂਟ ਹਨ। ਕੁਲ 25 ਹਜ਼ਾਰ ਵਰਕਰ ਕੰਮ ਕਰਦੇ ਹਨ।

ਫੈਕਟਰੀਆਂ ਵਿਚ ਕੋਮਸੋਮੋਲ ਵਾਲੰਟੀਅਰ ਕੋਰਾਂ ਵੀ ਮੌਜੂਦ ਹਨ, ਜੋ ਆਪਣੀ ਡਿਊਟੀ ਤੋਂ ਪਿਛੋਂ ਵਖ ਵਖ ਜਨਤਕ ਕਰਤਵ ਅਦਾ ਕਰਦੀਆਂ ਹਨ।

ਸਮਰਪੈਲਸ ਜੋ ਕਿ ਸ਼ਾਹੀ ਠਾਠ ਵਾਲੀ ਇਮਾਰਤ ਹੈ, ਹੁਣ ਹਰਮੀਟੇਜ ਅਖਵਾਂਦੀ ਹੈ।

ਸਾਡੀ ਦੋ ਭਾਸ਼ੀਆ ਨੇ ਦਸਿਆ ਕਿ ਜੇ ਇਸ ਇਮਾਰਤ ਵਿਚ ਰਖੀਆਂ ਸਾਰੀਆਂ ਚੀਜ਼ਾਂ ਨੂੰ ਵੇਖਣਾ ਹੋਵੇ ਤਾਂ ਗਿਆਰਾਂ ਸਾਲ ਲਗਣਗੇ। ਤੁਸੀਂ ਅਨੁਮਾਨ ਲਾ ਸਕਦੇ ਹੋ ਕਿ ਅਸੀਂ ਦੋ ਘੰਟਿਆਂ ਵਿਚ ਕੀ ਕੁਝ ਵੇਖ ਸਕਦੇ ਸਾਂ। ਥਕ ਕੇ ਚੂਰ ਹੋ ਗਏ। ਸਚਮੁਚ ਇਕ ਇਕ ਤਸਵੀਰ ਨੂੰ ਵੇਖਣ ਤੇ ਸਮਝਣ ਲਈ ਕਾਫ਼ੀ ਸਮਾਂ ਚਾਹੀਦਾ ਹੈ।

●

2 ਅਪਰੈਲ 1960

ਮੇਰੀ ਸੋਵੀਅਤ ਯਾਤਰਾ—੨੧

# ਇਹੋ ਜਿਹਾ ਹੈ ਘਰ ਦਾ ਬਜਟ

—ਵੀਰ ਭਾਨ ਭੁਲਰ—

ਪੰਜ ਮੰਜ਼ਲਾ ਇਮਾਰਤ ਵਿਚ ਅਸੀਂ ਕਾਰਪੋਜੇਕਾ ਅਨਤੋਨੀ ਦੇ ਮਕਾਨ ਤੇ ਗਏ ਜੋ ਕਿ ਇਕ ਮਸ਼ੀਨ ਟੂਲਜ਼ ਫੈਕਟਰੀ ਵਿਚ ਗਰਾਈਂਡਰ ਵਜੋਂ ਕੰਮ ਕਰਦਾ ਸੀ। ਉਸਦੀ ਤਨਖਾਹ 200 ਰੂਬਲ ਮਾਸਕ ਸੀ। ਉਸਦੀ ਪਤਨੀ ਲੋਡੀਆ 90 ਰੂਬਲ ਮਾਸਕ ਲੈਂਦੀ ਸੀ। ਅਨਤੋਨੀ ਦੀ ਸੱਸ ਜੋ ਉਹਨਾਂ ਨੇ ਨਾਲ ਰਹਿੰਦੀ ਸੀ 70 ਰੂਬਲ ਮਾਸਕ ਲੈਂਦੀ ਸੀ। ਉਸ ਦਾ ਲੜਕਾ ਸੇਰ ਤੋਲੋ ਅਠ ਸਾਲਾਂ ਦੀ ਸੀ ਤੇ ਸਕੂਲ ਵਿਚ ਪੜ੍ਹਦਾ ਸੀ। ਇਹ ਪਰਵਾਰ 360 ਰੂਬਲ ਮਾਸਕ ਕਮਾਂਦਾ ਸੀ। ਉਹਨਾਂ ਦਾ ਕਹਿਣਾ ਸੀ ਕਿ ਖਾਣੇ ਤੇ ਲਗ ਭਗ 160 ਰੂਬਲ ਮਹੀਨਾ ਖਰਚ ਹੁੰਦੇ ਹਨ। 40 ਰੂਬਲ ਪ੍ਰਤੀ ਜੀ ਖਾਣੇ ਦਾ ਖਰਚ ਗਿਣਿਆ ਜਾ ਸਕਦਾ ਹੈ। ਉਹ ਹਰ ਰੋਜ਼ ਮੀਟ, ਆਂਡੇ, ਮਖਣ ਡਬਲ ਰੋਟੀ ਤੇ ਮਛੀ ਤੋਂ ਉਪਰੰਤ ਚਾਹ ਜਾਂ ਕਾਫੀ ਵਰਤਦੇ ਸਨ। ਨਾਸ਼ਤੇ ਵਿਚ ਮਛੀ, ਆਂਡਾ, ਮਖਣ ਰੋਟੀ ਹਾਸਲ ਕਰਦੇ ਸਨ।

ਉਹਨਾਂ ਕੋਲ ਦੋ ਕਮਰੇ ਸਨ। ਕਰਾਇਆਂ ਕੇਵਲ 9 ਰੂਬਲ ਵੀਹ ਕੋਪਕ। ਬਿਜਲੀ ਤੇ ਗੈਸ-ਪਾਣੀ ਆਦਿ ਦਾ ਖਰਚਾ 3-4 ਰੂਬਲ ਪੈਂਦਾ ਹੈ। ਔਸਤਨ ਕੁਲ ਖਰਚ ਗਿਆਰਾਂ ਤੋਂ ਤੇਰਾ ਰੂਬਲ ਤਕ ਪੈਂਦਾ ਹੈ। ਬਚੇ ਦੀ ਪੜ੍ਹਾਈ ਮੁਫਤ ਹੈ। ਘਰ ਤੇ ਰੇਡੀਓ ਤੋਂ ਉਪਰੰਤ ਟੈਲੀਵੀਜ਼ਨ ਵੀ ਮੌਜੂਦ ਸੀ।

ਇਸੇ ਤਰ੍ਹਾਂ ਦੇਬੀਨਾ ਤਰੇਸ ਜੋ ਰਿੱਬਰ ਸਟਿਕ ਇੰਜੀਨੀਅਰ ਸੀ। ਉਸ ਨੇ ਦਸਿਆ ਕਿ ਉਹ 150 ਰੂਬਲ ਲੈਂਦਾ ਹੈ। ਉਸ ਦੀ ਪਤਨੀ ਇਕਨਾਮਿਕਸ ਇੰਜੀਨੀਅਰ ਹੈ। ਉਹ ਵੀ 150 ਰੂਬਲ ਲੈਂਦੀ ਹੈ। ਲੜਕੀ ਨੇ ਪੜ੍ਹਾਈ ਵਿਚ ਦਿਲਚਸਪੀ ਨਾ ਲਈ ਉਹ ਅਜੇ 70 ਰੂਬਲ ਮਾਸਕ ਲੈਂਦੀ ਹੈ।

ਅਨਤੋਨੀ ਨੇ ਸਾਨੂੰ ਇਹ ਵੀ ਦਸਿਆ ਕਿ ਫਰਨੀਚਰ ਉਧਾਰ ਵੀ ਮਿਲ ਸਕਦਾ ਹੈ। ਇਸ ਤੇ ਕੋਈ ਸੂਦ ਨਹੀਂ ਲਿਆ ਜਾਂਦਾ।

ਸਾਡੇ ਇਕ ਸਾਥੀ ਦੇ ਉਤਰ ਵਿਚ ਉਸ ਨੇ ਦਸਿਆ ਕਿ ਉਹ ਸ਼ਰਾਬ ਕੇਵਲ ਛੁਟੀ ਦੇ ਦਿਨ ਪੀਂਦੇ ਹਨ, ਜਾਂ ਫਿਰ ਉਦੋਂ ਜਦੋਂ ਕੋਈ ਮਿਤਰ ਜਾਂ ਪ੍ਰਾਹੁਣਾ ਆਉਂਦਾ ਹੈ। ਉਹ ਹਰ ਐਤਵਾਰ ਸਿਨੇਮਾ ਵੇਖਦੇ ਹਨ। ਮਹੀਨੇ ਵਿਚ ਇਕ ਵਾਰ ਥੀਏਟਰ (ਬੈਲੇ ਜਾਂ ਸਰਕਸ) ਵਿਚ ਵੀ ਜਾਂਦੇ ਹਨ।

ਉਸ ਨੇ ਇਹ ਵੀ ਦਸਿਆ ਕਿ ਸਾਨੂੰ ਘਰ ਦਾ ਬਜਟ ਤਿਆਰ ਕਰਨ ਦੀ ਕੋਈ ਖਾਸ ਲੋੜ ਨਹੀਂ ਪੈਂਦੀ। ਚੰਗਾ ਖਾਂਦੇ ਹਨ, ਚੰਗਾ ਪੀਂਦੇ ਹਨ। ਕੁਝ ਬਚਾਣ ਦੀ ਲੋੜ ਨਹੀਂ। ਲੜਕੀ ਪੰਦਰਾਂ ਸਾਲਾਂ ਦੀ ਹੋ ਜਾਵੇਗੀ। ਉਸ ਵੇਲੇ ਥੋੜਾ ਜਿਹਾ ਬਚਾਵਾਂਗੇ, ਉਸ ਦੀ ਸ਼ਾਦੀ ਹੋ ਜਾਵੇਗੀ ਤਾਂ ਹੋਟਲ ਵਿਚ ਫੀਸਟ ਉਡਾਵਾਂਗੇ।

ਸਾਡੀ ਉਹਨਾਂ ਨੇ ਖੜੀ ਖਾਤਰ ਕੀਤੀ ਅਤੇ ਅਸੀਂ ਆਪਣੇ ਆਪ ਨੂੰ ਆਪਣੇ ਘਰ ਵਿਚ ਹੀ ਮਹਿਸੂਸ ਕੀਤਾ।

ਉਸ ਨੇ ਆਪਣੀ ਫੈਕਟਰੀ ਦੇ ਸਬੰਧ ਵਿਚ ਦਸਿਆ ਕਿ ਉਸ ਫੈਕਟਰੀ ਵਿਚ ਪੰਜ ਹਜ਼ਾਰ ਤੋਂ ਵਧ ਵਰਕਰ ਕੰਮ ਕਰਦੇ ਹਨ। 850 ਪਾਰਟੀ ਦੇ ਮੈਂਬਰ ਹਨ। ਪਾਰਟੀ ਦੇ ਗਰੁਪ ਵੀ ਹਨ। ਕਾਰਖਾਨੇ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ ਹਨ। ਘਟੋ ਘਟ ਤਨਖਾਹ ਇਕ ਸੌ ਰੂਬਲ ਹੈ ਅਤੇ ਵਧ ਤੋਂ ਵਧ 400 ਰੂਬਲ। ਸਮੁਚੇ ਕਾਰਖਾਨੇ ਵਿਚ ਔਸਤ ਉਜਰਤ 140 ਰੂਬਲ ਮਹੀਨਾ ਹੈ।

ਅਨਤੋਨੀ ਨੇ ਭਾਰਤ ਦੇ ਵਰਕਰਾਂ ਦੀ ਜ਼ਿੰਦਗੀ ਬਾਰੇ ਵੀ ਸਾਡੇ ਤੋਂ ਪੁਛਿਆ। ਇਸ ਤੋਂ ਉਪਰੰਤ ਭਾਰਤ ਦੀ ਪਾਰਟੀ ਤੇ ਲੋਕਾਂ ਬਾਰੇ ਵੀ ਪੁਛਿਆ ਤੇ ਇਹ ਵੀ ਜਾਣਨਾ ਚਾਹਿਆ ਕਿ ਅਸੀਂ ਚੀਨ ਤੇ ਉਥੋਂ ਦੀ ਪਾਰਟੀ ਬਾਰੇ ਕਿਵੇਂ ਸੋਚਦੇ ਹਾਂ।

ਜਿਹੜੇ ਕੁਝ ਘੰਟੇ ਅਸੀਂ ਅਨਤੋਨੀ ਤੇ ਉਸ ਦੇ ਪਰਵਾਰ ਨਾਲ ਗੁਜ਼ਾਰੇ ਉਹ ਅਸੀਂ ਕਦੇ ਨਹੀਂ ਭੁਲ ਸਕਦੇ।

(ਚਲਦਾ)

ਮੇਰੀ ਸੋਵੀਅਤ ਯਾਤਰਾ—੨੨

# ਜਿਥੇ ਗੋਰਕੀ ਨੂੰ ਕੈਦ ਰਖਿਆ ਗਿਆ

: ਵੀਰ ਭਾਨ ਭੁਲਰ

ਅਕਤੂਬਰ ਮਿਊਜ਼ੀਅਮ : ਇਸ ਵਿਚ ਰੂਸ ਦੀ ਆਜ਼ਾਦੀ ਦੀ ਤਹਿਰੀਕ, ਇਨਕਲਾਬ ਤੋਂ ਪਿਛੋਂ ਦੇਸ਼ ਦੀ ਹਾਲਤ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਜੰਗ ਤੋਂ ਪਿਛੋਂ ਭੁਖ ਤੇ ਬੀਮਾਰੀ ਆਮ ਹੋ ਗਈ ਸੀ। ਰਾਸ਼ਨ ਕਾਰਡ ਦਾ ਸਿਸਟਮ ਜਾਰੀ ਕਰਨਾ ਪਿਆ ਸੀ। ਇਹ ਸਾਰੇ ਮਸਲੇ ਕਿਵੇਂ ਹਲ ਕੀਤੇ ਗਏ, ਹੁਣ ਪਾਰਟੀ ਦੀ ਤਾਕਤ ਕਿੰਨੀ ਹੈ, ਹੁਣ ਸਥਿਤੀ ਕਿਸ ਤਰ੍ਹਾਂ ਦੀ ਹੈ, ਇਹ ਸਾਰਾ ਕੁਛ ਤਸਵੀਰਾਂ ਤੇ ਅੰਕੜਿਆਂ ਵਿਚ ਦਸਿਆ ਗਿਆ ਹੈ। ਇਸ ਮਿਊਜ਼ੀਅਮ ਵਿਚ ਗਾਂਧੀ ਜੀ ਦੀ ਤਸਵੀਰ ਵੀ ਨਜ਼ਰ ਆਈ ਤੇ ਉਹਨਾਂ ਦਾ ਸੰਦੇਸ਼ ਵੀ। ਇਕ ਭਾਰਤੀ ਡੈਲੀਗੇਸ਼ਨ ਦੀ ਫੋਟੋ ਤੇ ਭਾਰਤ ਵਿਚ ਬਦੇਸ਼ੀ ਤਹਿਰੀਕ ਦੀ ਇਕ ਫੋਟੋ ਵੀ ਮੌਜੂਦ ਸੀ। ਕਾਮਰੇਡ ਸਟਾਲਿਨ ਦੀ ਤਸਵੀਰ ਵੀ ਮੌਜੂਦ ਸੀ—ਉਸ ਵੇਲੇ ਦੀ ਕੇਂਦਰੀ ਕਮੇਟੀ ਦੇ ਮੈਂਬਰਾਂ ਦੇ ਨਾਲ।

ਗਰੇਵ ਯਾਰਡ ਅਤੇ ਸਮੁੰਦਰੀ ਬੇੜੇ ਦਾ ਜ਼ਿਕਰ ਮੈਂ ਪਹਿਲਾਂ ਕਰ ਚੁਕਾ ਹਾਂ। ਨੀਵਾ ਦਰਿਆ ਬਿਲਕੁਲ ਜੰਮਿਆ ਹੋਇਆ ਸੀ। ਬਰਫ ਤੋੜ ਕਿਸ਼ਤੀਆਂ ਵੀ ਆਪਣਾ ਕੰਮ ਬਰਾਬਰ ਕਰ ਰਹੀਆਂ ਸਨ।

ਰਜ਼ਲੀਫ਼ ਵਿਚ ਉਹ ਘਰ ਵੀ ਵੇਖਿਆ ਜਿਥੇ ਕਾਮਰੇਡ ਲੈਨਿਨ ਘਾ-ਫੂਸ ਦੀਆਂ ਝੁਗੀਆਂ ਵਿਚ ਰਹਿਣ ਤੋਂ ਪਹਿਲਾਂ ਠਹਿਰੇ ਸਨ। ਪਾਰਟੀ ਨੇ ਇਕ ਅਜਿਹੇ ਮਜ਼ਦੂਰ ਕੋਲ ਕਾਮਰੇਡ ਲੈਨਿਨ ਨੂੰ ਠਹਿਰਾਉਣ ਦਾ ਫੈਸਲਾ ਕੀਤਾ ਸੀ ਜੋ ਬਾਲਸ਼ਵੀਕ ਪਾਰਟੀ ਦਾ ਮੈਂਬਰ ਤਾਂ ਸੀ ਪਰ ਉਸ ਦੇ ਮਾਲਕਾਂ ਨੂੰ ਤਸਲੀ ਸੀ ਕਿ ਉਹ ਇਸ ਤਰ੍ਹਾਂ ਦਾ ਆਦਮੀ ਨਹੀਂ ਹੈ। ਉਸ ਦਾ ਨਾਂਅ ਸੀ ਮਲੀਆਨੋਵਛੋਟਾ ਨਾਂਅ ਰਖੀਆ—ਉਸ ਦੇ ਨਾਂਅ ਤੇ ਅਤਜਨ ਦੀ ਜੋ ਫੈਕਟਰੀ ਮਾਸਕੋ ਵਿਚ ਚਲ ਰਹੀ ਹੈ।

ਜਿਸ ਦਿਨ ਅਸੀਂ ਰਜ਼ਲੀਫ ਵੇਖਣ ਗਏ ਉਸ ਦਿਨ ਭਾਰੀ ਗਿਣਤੀ ਵਿਚ ਸਿਪਾਹੀ ਜਿਨ੍ਹਾਂ ਦੀ ਸੇਵਾ ਦੋ ਸਾਲ ਹੋ ਚੁਕੀ ਸੀ ਉਥੇ ਆਏ-ਦੇਸ਼, ਪਾਰਟੀ ਤੇ ਲੋਕਾਂ ਦੀ ਵਫਾਦਾਰੀ ਦਾ ਹਲਫ ਲੈਣ ਲਈ। ਸੈਨਰ ਤਿੰਨ ਸਾਲ ਦੀ ਸੇਵਾ ਤੋਂ ਪਿਛੋਂ ਹਲਫ ਲੈਂਦੇ ਹਨ।

ਅਤੇ ਇਹ ਸੀ ਲੈਨਿਨਗਰਾਡ ਵਿਚ ਇਕ ਟਾਪੂ ਉਤੇ ਕਿਲਾ। ਇਥੇ ਇਨਕਲਾਬੀਆਂ ਨੂੰ ਕੈਦ ਵਿਚ ਰਖਿਆ ਜਾਂਦਾ ਸੀ। ਕਾਮਰੇਡ ਲੈਨਿਨ ਦੇ ਭਰਾ ਅਲੈਗਜ਼ੈਂਡਰਉਲੀਆਨੋਵ,ਜੋ ਕਿਦਹਿਸ਼ਤ ਪਸੰਦ ਤਹਿਰੀਕ ਦਾ ਲੀਡਰ ਸੀ, ਨੂੰ ਵੀ ਇਸ ਕਿਲੇ ਵਿਚ ਰਖਿਆ ਗਿਆ ਸੀ। ਮੈਕਸਮ ਗੋਰਕੀ ਨੂੰ ਵੀ ਇਸ ਕਿਲੇ ਵਿਚ ਰਖਿਆ ਗਿਆ ਸੀ। ਇਸ ਵਿਚ 69 ਸੈੱਲ ਸਨ। (ਪੰਜਾਬ ਵਿਚ ਅਸੀਂ ਇਹਨਾਂ ਨੂੰ ਕੋਠੜੀਆਂ ਜਾਂ ਚੱਕੀਆਂ ਕਹਿੰਦੇ ਹਾਂ) ਕੋਈ ਕਿਸੇ ਕੈਦੀ ਦਾ ਨਾਂਅ ਨਹੀਂ ਸੀ ਪੁਕਾਰ ਸਕਦਾ ਕੇਵਲ ਸੈੱਲ ਨੰਬਰ ਹੀ ਪੁਕਾਰਿਆ ਜਾਂਦਾ ਸੀ। ਕੈਦੀਆਂ ਨੂੰ ਜਕੜ ਕੇ, ਲੰਬੇ ਚੋਗ ਪੁਆ ਕੇ ਕਈ ਘਟੇ ਖੜਾ ਰਖਿਆ ਜਾਂਦਾ ਸੀ। ਕੈਦੀਆਂ ਨੂੰ ਭੁਖਿਆਂ ਵੀ ਰਖਿਆ ਜਾਂਦਾ ਸੀ।

ਪਹਿਰਾ ਏਨਾ ਕਰੜਾ ਸੀ ਕਿ ਇਸ ਕਿਲੇ ਵਿਚੋਂ ਕੋਈ ਭਜ ਨਹੀਂ ਸੀ ਸਕਦਾ। ਪਹਿਰੇਦਾਰ ਪਹਿਰੇਦਾਰਾਂ ਤੇ ਪਹਿਰਾ ਦੇਂਦੇ ਸਨ ਤਾਂ ਜੋ ਕੋਈ ਪਹਿਰੇਦਾਰ ਕਿਸੇ ਕੈਦੀ ਨਾਲ ਹਮਦਰਦੀ ਨਾ ਕਰ ਸਕੇ। ਕੈਦੀ ਨੂੰ ਕੇਵਲ ਉਸ ਦਿਨ ਨੁਹਾਇਆ ਜਾਂਦਾ ਜਿਸ ਦਿਨ ਉਸ ਨੂੰ ਕਤਲਗਾਹ ਵਿਚ ਕਤਲ ਕਰਨਾ ਹੁੰਦਾ। ਕੈਦੀਆਂ ਨੂੰ ਭੁਖਿਆਂ ਰਖਿਆ ਜਾਂਦਾ, ਸੌਣ ਨਾ ਦਿਤਾ ਜਾਂਦਾ ਤੇ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿਤੇ ਜਾਂਦੇ। ਪਹਿਰੇਦਾਰਾਂ ਦੇ ਕਾਰਟੂਨ ਇਕ ਦੂਜੇ ਦੀ ਨਿਗਰਾਨੀ ਕਰਦੇ ਨਜ਼ਰ ਆ ਰਹੇ ਸਨ।

ਇਸ ਕਿਲ੍ਹੇ ਵਿਚ ਇਕ ਚਰਚ ਵੀ ਮੌਜੂਦ ਹੈ ਜੋ ਕਿ ਕੇਵਲ ਰਾਇਲ ਫੈਮੇਲੀ ਲਈ ਹੀ ਸੀ। ਇਹ ਸਾਰਾ ਸੋਨੇ ਨਾਲ ਮੜ੍ਹਿਆ ਹੋਇਆ ਸੀ।

---

# ਜਾਦੂ ਉਹ ਜੋ ...

"ਪੁਰੀ ਦੇ ਜਗਤ ਗੁਰੂ ਸ਼ੰਕਰ ਆਚਾਰੀਆ ਨੇ ਐਲਾਨ ਕੀਤਾ ਹੈ ਕਿ ਜੇ ਗਊ-ਹਤਿਆ ਤੇ ਮੁਕੰਮਲ ਪਾਬੰਦੀ ਦਾ ਕਾਨੂੰਨ ਛੇਤੀ ਨਾ ਬਣਾਇਆ ਗਿਆ ਤਾਂ ਇਕ ਵਾਰ ਫਿਰ ਦੇਸ਼ ਵਿਆਪੀ ਅੰਦੋਲਨ ਸ਼ੁਰੂ ਕਰ ਦਿਤਾ ਜਾਵੇਗਾ। ਗਊ ਰਖਸ਼ਾ ਸੰਮਤੀ ਵਲੋਂ ਇਸ ਮੰਤਵ ਲਈ 10-11 ਅਪਰੈਲ ਨੂੰ ਦਿਲੀ ਵਿਚ ਇਕ ਕੌਮੀ ਕਨਵੈਨਸ਼ਨ ਵੀ ਬੁਲਾ ਲਈ ਗਈ ਹੈ। ਇਸ ਵਿਚ ਪ੍ਰਸਤਾਵਿਤ ਅੰਦੋਲਨ ਦੀ ਰੂਪ ਰੇਖਾ ਅਤੇ ਪਕੀ ਤਾਰੀਖ ਤੈਅ ਕੀਤੀ ਜਾਵੇਗੀ....."

(ਪ੍ਰਦੀਪ, ਤਿੰਨ ਅਪਰੈਲ)

"ਪੁਰੀ ਦੇ ਜਗਤ ਗੁਰੂ ਸ਼ੰਕਰ ਆਚਾਰੀਆ ਨੇ ਪਟਨੇ ਵਿਚ ਹੋਏ ਵਿਸ਼ਵ ਧਰਮ ਹਿੰਦੂ ਸਮੇਲਨ ਵਿਚ ਛੂਆ ਛਾਤ ਨੂੰ ਹਿੰਦੂ ਧਰਮ ਦਾ ਬੁਨਿਆਦੀ ਸਿਧਾਂਤ ਦਸਿਆ ਅਤੇ ਇਹ ਕਿਹਾ ਦਸਦੇ ਹਨ ਕਿ ਕੋਈ ਵੀ ਕਾਨੂੰਨ ਹਿੰਦੂਆਂ ਨੂੰ ਇਸ ਅਸੂਲ ਤੇ ਅਮਲ ਕਰਨੋ ਨਹੀਂ ਰੋਕ ਸਕਦਾ। ਉਹਨਾਂ ਨੇ ਛੂਆ-ਛਾਤ ਨਾਬਕ

---

ਸਰਿਆਂ ਦੀ ਹਾਲਤ ਵਿਚ ਬੀਮਾਰੀ ਦੇ ਦਿਨ ਬਿਤਾਣੇ ਪੈ ਰਹੇ ਹਨ ਤਾਂ ਇਹ ਸਾਡੇ ਰਾਜ-ਸਮਾਜ ਲਈ ਡਾਢੀ ਸ਼ਰਮ ਦੀ ਗਲ ਹੈ। ਮੋਇਆਂ ਗਿਆਂ ਦੇ ਤਾਂ ਅਸੀਂ ਬੜੇ ਨੁਮਾਇਸ਼ੀ ਢੰਗ ਨਾਲ ਸੋਹਲੇ ਗਾਉਂਦੇ ਹਾਂ, ਪਰ ਜਿਉਂਦਿਆਂ ਦੀ ਸਾਰ ਨਹੀਂ ਲੈਂਦੇ। ਸ਼ਰੋਮਣੀ ਕਮੇਟੀ ਦਾ ਵੀ ਤੇ ਅਕਾਲੀ ਪਾਰਟੀ ਦਾ ਵੀ ਫਰਜ਼ ਹੈ ਕਿ ਉਹ ਗਿਆਨੀ ਜੀ ਦੀ ਸਿਹਤ ਤੇ ਸੰਭਾਲ ਲਈ ਫੌਰੀ ਤੇ ਯੋਗ ਉਦਮ ਕਰਨ।

—ਜਗਜੀਤ ਸਿੰਘ ਅਨੰਦ

# ਇਹ ਸੀ ਪਿਆਰ ਦੀ ਥਾਂ

—ਵੀਰ ਭਾਨ ਭੁਲਰ—

ਸਤਾਲਿਨ ਗਰਾਦ ਹੁਣ ਜਿਸਨੂੰ ਵਾਲਗੋਗਰਾਦ ਕਿਹਾ ਜਾਂਦਾ ਹੈ ਸਾਡਾ ਭੋਲੀਗੋਥਮ ਟੂਰਿਸਟ ਹੋਟਲ ਵਿਚ ਠਹਿਰਿਆ, ਜੋ ਕਿ ਸ਼ਹਿਰ ਦੇ ਕੇਂਦਰ ਵਿਚ ਵਾਕਿਆ ਹੈ। ਇਹ ਬਹੁਤ ਅਹਿਮ ਥਾਂ ਹੈ। ਇਸ ਦੇ ਨੇੜੇ ਬਹੁਤ ਵਡਾ ਤਾਰ ਘਰ ਤੇ ਟੈਲੀਫੋਨ ਆਫਿਸ ਹੈ। ਸਾਹਮਣੇ ਰੇਲਵੇ ਸਟੇਸ਼ਨ ਹੈ। ਹੋਟਲ ਦੇ ਨਾਲ ਹੀ ਫਾਲਿਨ ਫਾਈਟਰਜ਼ (ਸ਼ਹੀਦਾਂ ਦੀ) ਜੋਤ ਜਗਦੀ ਹੈ। ਉਥੇ ਇਕ ਬਹੁਤ ਪੁਰਾਣਾ ਦਰਖਤ ਯਾਦਗਾਰ ਵਜੋਂ ਕਾਇਮ ਰਖਿਆ ਗਿਆ ਹੈ ਜਿਸ ਨੂੰ ਨਾਜ਼ੀਆਂ ਦੀ ਬੰਬਾਰੀ ਵੀ ਨਾ ਸਾੜ ਸਕੀ। ਨਾਜ਼ੀਆਂ ਦੇ ਹਮਲੇ ਤੋਂ ਪਹਿਲਾਂ ਇਹ ਚੌਕ——ਸ਼ਹਿਰ ਦਾ ਕੇਂਦਰ——ਦੋ ਲੜਾਈਆਂ ਵੇਖ ਚੁਕਿਆ ਹੈ। ਇਸੇ ਕੇਂਦਰ ਵਿਚ ਵਾਈਟ ਗਾਰਡਾਂ ਨੇ ਹਕ ਤੇ ਨਿਆਂ ਲਈ ਲੜਨ ਵਾਲੇ ਪੰਜ ਸੋ ਸੰਗਰਾਮੀਆਂ ਨੂੰ ਫਾਂਸੀ ਦਿਤੀ। ਕੌਂਸਲ ਅਤੇ ਨੌਜੁਆਨਾਂ ਦੀਆਂ ਜਥੇਬੰਦੀਆਂ ਦੇ ਵਾਲੰਟੀਅਰ ਬਰਫਬਾਰੀ ਦੇ ਬਾਵਜੂਦ ਵਾਰੀ ਵਾਰੀ ਸਵੇਰੇ ਨੌਂ ਵਜੇ ਤਕ ਪਹਿਰਾ ਦੇਂਦੇ ਹਨ। ਗੋਰਕੀ ਮਿਉਜ਼ੀਅਮ ਵੀ ਨੇੜੇ ਹੀ ਹੈ। ਉਸ ਦੇ ਨੇੜੇ ਹੀ ਵੀਹ ਮੰਜ਼ਲਾਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ।

ਸਤਾਲਿਨ ਗਰਾਦ ਦੀ ਲੜਾਈ ਤੇ ਤਬਾਹੀ ਨੂੰ ਕੌਣ ਭੁਲ ਸਕਦਾ ਹੈ। 200 ਦਿਨ ਦੀ ਜੰਗ ਵਿਚ ਨਾਜ਼ੀਆਂ ਨੇ ਦਸ ਲਖ ਬੰਬ ਡੇਗੇ। 46 ਹਜ਼ਾਰ ਰੂਸੀਆਂ ਦੀਆਂ ਜਾਨਾਂ ਗਈਆਂ। ਕੁਲ ਮਰਨ ਵਾਲਿਆਂ ਦੀ ਗਿਣਤੀ 145000 ਸੀ। ਸਾਰੀਆਂ ਇਮਾਰਤਾਂ ਤੇ ਦਰਖਤ ਭੁੰਨ ਕੇ ਸੁਆਹ ਕਰ ਦਿਤੇ ਗਏ। ਦਖਣੀ ਹਿਸੇ ਵਿਚ ਕੁਝ ਇਮਾਰਤਾਂ ਨਾਜ਼ੀਆਂ ਨੇ ਰਖ ਲਈਆਂ। ਨਾਜ਼ੀਆਂ ਦੀਆਂ ਨਜ਼ਰਾਂ ਵੋਲਗਾ ਦਰਿਆ ਉਤੇ ਲਗੀਆਂ ਹੋਈਆਂ ਸਨ। ਉਸ ਵੇਲੇ ਨਾਅਰਾ ਉਭਿਆ-ਮਰੋ ਜਾਂ ਬਚਾਓ। ਆਖਰ ਦਸ ਹਜ਼ਾਰ ਦੀ ਗਿਣਤੀ ਵਿਚ ਫੌਜ ਦੂਜੇ ਇਲਾਕਿਆਂ ਤੋਂ ਪਹੁੰਚ ਗਈ।

ਕਮਿਊਨਿਸਟ ਪਾਰਟੀ ਨੇ ਕੀ ਲੜਾਈ ਦੇ ਦਿਨਾਂ ਵਿਚ ਤੇ ਕੀ ਪਿਛੋਂ ਸ਼ਹਿਰ ਨੂੰ ਨਵੇਂ ਸਿਰਿਉਂ ਵਸਾਉਣ ਵਿਚ ਅਹਿਮ ਰੋਲ ਅਦਾ। ਦੇਸ਼ ਭਰ ਵਿਚ ਕੌਂਸਲ ਲੋਕਾਂ ਦੀ ਮਦਦ ਲਈ, ਮਲਬਾ ਸਾਫ ਕਰਨ ਲਈ, ਘਰ ਬਣਾਉਣ ਤੇ ਫਿਰ ਤੋਂ ਲੋਕਾਂ ਨੂੰ ਵਸਾਉਣ ਲਈ ਆਏ। ਸਰਕਾਰ ਨੇ ਮੁਫਤ ਜ਼ਮੀਨ ਦਿਤੀ। ਲੇਡੀ ਚਰਕਾਸੋਵਾ ਨੇ ਇਸ ਸਬੰਧ ਵਿਚ ਤਹਿਰੀਕ ਚਲਾਈ, ਜੋ ਕਿ ਚਰਕਾਸੋਵਾ ਤਹਿਰੀਕ ਦੇ ਨਾਲ ਪ੍ਰਸਿਧ ਹੈ। ਸਟਾਲਿਨ ਗਰਾਡ ਦੀ ਤਬਾਹੀ ਬਾਰੇ ਫਿਲਮ ਵੇਖਣ ਤੇ ਪਤਾ ਲਗਦਾ ਹੈ ਕਿ ਕਿੰਨੀ ਭਿਆਨਕ ਲੜਾਈ ਹੋਈ। ਆਮ ਲੋਕਾਂ ਤੇ ਫੌਜੀਆਂ ਕਿਸ ਬਹਾਦਰੀ ਨਾਲ ਨਾਜ਼ੀਆਂ ਦਾ ਮੁਕਾਬਲਾ ਕੀਤਾ ਅਤੇ ਅੰਤ ਵਿਚ ਨਾਜ਼ੀਆਂ ਨੂੰ ਮਾਰ ਭਜਾਇਆ।

ਵੋਲਗਾ ਦਰਿਆ ਪਾਰ ਨਹੀਂ ਕਰਨ ਦਿਤਾ।

ਹੁਣ ਸ਼ਹਿਰ ਦੀ ਨਵ-ਉਸਾਰੀ ਹਰ ਇਕ ਨੂੰ ਬੜਾ ਪ੍ਰਭਾਵਤ ਕਰਦੀ ਹੈ। ਕੇਵਲ ਇਕ ਸੜੀ ਹੋਈ ਬਿਲਡਿੰਗ ਇਸ ਲੜਾਈ ਦੀ ਨਿਸ਼ਾਨੀ ਵਜੋਂ ਰਖੀ ਗਈ ਹੈ।"

ਸਾਰਜਨ ਪਾਵਲੋਵ ਨੇ ਇਸ ਲੜਾਈ ਵਿਚ ਅਹਿਮ ਰੋਲ ਅਦਾ ਕੀਤਾ ਜਿਸਦਾ 25,20 ਦਾ ਗਰੁਪ ਦੁਸ਼ਮਨਾਂ ਨਾਲ ਲੜਦਾ ਰਿਹਾ। ਅੰਤ ਵਿਚ ਤਿੰਨ ਆਦਮੀਆਂ ਦਾ ਗਰੁਪ 58 ਦਿਨਾਂ ਤਕ ਲੜਦਾ ਰਿਹਾ। ਸਾਰਜਨ ਪਾਵਲੋਵ ਅਜੇ ਜਿਉਂਦਾ ਹੈ।

ਉਸ ਦੇ ਨਾਂ ਤੇ ਪਾਵਲੋਵ ਹਾਉਸ ਬਣਾਇਆ ਗਿਆ ਹੈ। ਅਫਾਨਾਸੀਆ, ਜਿਸ ਦੀ ਅੱਖ ਨਿਕਲ ਗਈ ਸੀ, ਦਾ ਵੀਹ ਸਾਲ ਪਿਛੋਂ ਅਪਰੇਸ਼ਨ ਕਰ ਦਿਤਾ ਗਿਆ ਹੈ।

★ ★ ★

## ਪਿਆਰ ਦੀ ਥਾਂ

ਨਾਂ ਸੁਣਕੇ ਹੀ ਤੁਸੀਂ ਇਹ ਸਮਝਦੇ ਹੋਵੋਗੇ ਕਿ ਇਹ ਕੋਈ ਇਸ ਤਰ੍ਹਾਂ ਦੀ ਥਾਂ ਹੈ ਜਿਥੇ ਪਿਆਰ ਕਰਨ ਦੀ ਟਰੇਨਿੰਗ ਦਿਤੀ ਜਾਂਦੀ ਹੈ। ਨਹੀਂ ਇਹੋ ਜਹੀ ਕੋਈ ਗਲ ਨਹੀਂ। ਗਲ ਕੇਵਲ ਏਨੀ ਹੈ ਕਿ ਸੜਕ ਦੇ ਇਕ ਪਾਸੇ ਹੈ ਟੈਕਨੀਕਲ ਕਾਲਜ ਜਿਥੇ ਲੜਕੇ ਵਿਦਿਆ ਪਰਾਪਤ ਕਰਦੇ ਹਨ ਅਤੇ ਉਸ ਦੇ ਐਨ ਸਾਹਮਣੇ ਦੂਜੇ ਪਾਸੇ ਹੈ ਟੀਚਰਜ਼ ਕਾਲਜ ਜਿਥੇ ਔਰਤਾਂ ਵਿਦਿਆ ਹਾਸਲ ਕਰਦੀਆਂ ਹਨ। ਇਸੇ ਲਈ ਇਸ ਥਾਂ ਦਾ ਨਾਂ ਮੁਹਬਤ ਦੀ ਥਾਂ ਰਖਿਆ ਗਿਆ ਹੈ। ਸਾਡੇ ਦੇਸ਼ ਵਾਂਗ ਚੋਰ ਅਖਾਂ ਨਾਲ ਇਕ ਦੂਜੇ ਨੂੰ ਵੇਖਣ ਦੀ ਲੋੜ ਨਹੀਂ ਰਹਿੰਦੀ।

★ ★ ★

ਅਤੇ ਇਥੇ ਮਰਗਾਈ ਹਿਲਜ਼ ਵੀ ਬਣਾਈਆਂ ਗਈਆਂ ਹਨ। ਇਸ ਨੂੰ ਮੈਮੋਰੀਅਲ ਆਫ ਹੀਰੋਜ਼ ਕਿਹਾ ਜਾਂਦਾ ਹੈ। ਇਹਨਾਂ ਸ਼ਹੀਦਾਂ ਦੀ ਜੋਤ ਵਲ ਇਸ ਵੇਲੇ ਵੀ ਲੋਕਾਂ ਦੇ ਜਥਿਆਂ ਦੇ ਜਥੇ

(ਬਾਕੀ ਵੇਖੋ ਸਫਾ 5)

ਪੱਤਝੜੀ ਰੁੱਖਾਂ ਦੇ ਪੌਦਿਆਂ ਦੇ ਪਤਿਆਂ ਦੇ ਪਤਿਆਂ ਦੇ ਟਿੱਸ਼ੂ ਮਰਨੇ ਸ਼ੁਰੂ ਹੋ ਜਾਂਦੇ ਹਨ। ਮਰੇ ਹੋਏ ਹਿਸੇ ਛੋਟੇ ਛੋਟੇ ਦਾਗਾਂ ਦੇ ਆਕਾਰ ਤੋਂ ਲੈ ਕੇ ਬਹੁਤ ਵਡੇ ਆਕਾਰ ਦਾ ਵੀ ਹੋ ਸਕਦਾ ਹੈ। ਆੜੂ ਦੇ ਪਤਿਆਂ ਤੇ ਵਟ ਪੈਣ ਲਗ ਪੈਂਦੇ ਹਨ। ਕਰੂਮਲਾਂ ਪਤਲੀਆਂ ਰਹਿੰਦੀਆਂ ਹਨ।

ਸਬਜ਼ੀਆਂ ਦੀਆਂ ਫਸਲਾਂ ਵਿਚ ਪੁਰਾਣੇ ਪਤੇ ਕਿਨਾਰਿਆਂ ਤੋਂ ਤਾਂਬੇ ਦੇ ਜਾਂ ਪੀਲੇ ਭੂਰੇ ਰੰਗ ਦੇ ਹੋ ਜਾਂਦੇ ਹਨ। ਪਤਿਆਂ ਦੀਆਂ ਨਾੜਾਂ ਦੇ ਨਾਲ ਨਾਲ ਧਬੇ ਪੈਣ ਲਗ ਪੈਂਦੇ ਹਨ। ਅਖੀਰ ਟਿਸ਼ੂ ਵਿਗੜ ਕੇ ਮਰ ਜਾਂਦਾ ਹੈ।

# ਉਸਾਰੀ

ਜੈਤੋ, 11 ਅਪਰੈਲ—(ਸਾਡੇ ਪਰਤੀ ਨਿਧ ਰਾਹੀਂ) ਡਾਕ ਤੇ ਤਾਰ ਵਿਭਾਗ ਵਲੋਂ ਹੁਣੇ ਕੀਤੇ ਗਏ ਸਰਵੇਖਣ ਤੋਂ ਪਤਾ ਲਗਾ ਹੈ ਕਿ ਬਠਿੰਡਾ ਜ਼ਿਲੇ ਵਿਚ ਪਿਛਲੇ ਤਿੰਨ ਸਾਲਾਂ ਵਿਚ 300 ਕਿਸਾਨਾਂ ਨੇ ਆਪਣੇ ਫਾਰਮਾਂ ਵਿਚ ਨਵੇਂ ਘਰ ਉਸਾਰ ਲਏ ਹਨ। ਅਗੇ ਕੋਈ ਅਮੀਰ ਅਜਿਹਾ ਕਰਦਾ ਸੀ, ਪਰ ਹੁਣ ਛੋਟੇ ਕਿਸਾਨ ਵੀ ਆਪਣੇ ਖੇਤਾਂ ਵਿਚ ਤੇਜ਼ੀ ਨਾਲ ਘਰ ਉਸਾਰ ਰਹੇ ਹਨ, ਤਾਂ ਜੋ ਖੇਤੀ ਬਾੜੀ ਨੂੰ ਵਧ ਤੋਂ ਵਧ ਧਿਆਨ ਤੇ ਸਮਾਂ ਦਿਤਾ ਜਾ ਸਕੇ।

ਡਾਕ ਤੇ ਤਾਰ ਵਿਭਾਗ ਦਾ ਕਹਿਣਾ ਹੈ ਕਿ ਅਜਿਹਾ ਹੋਣ ਨਾਲ ਮਹਿਕਮੇ ਨੂੰ ਘਰੀਂ ਡਾਕ ਪਹੁੰਚਾਉਣ ਵਿਚ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਕਈ ਚੰਗੇ ਜ਼ਿਮੀਦਾਰ ਆਪ ਜਾ ਕੇ ਡਾਕਖਾਨਿਆਂ ਤੋਂ ਆਪਣੀ ਡਾਕ ਲੈਂਦੇ ਹਨ।

[illegible] ਵਤੀਰੇ ਦੀ ਪੁਰਜ਼ੋਰ ਸ਼ਬਦਾਂ ਵਿਚ ਸਖਤ ਨਖੇਧੀ ਕੀਤੀ ਅਤੇ ਜੁਡੀਸ਼ਲ ਜਾਂਚ ਦੀ ਮੰਗ ਕੀਤੀ। ਪਰੀਤਮ ਸਿੰਘ ਉਦਿਆਨ ਜਨਰਲ ਸਕੱਤਰ ਪੰਜਾਬ ਐਨੀਮਲ ਹਸਬੈਂਡਰੀ ਫੋਰਥ ਕਲਾਸ ਯੂਨੀਅਨ ਨੇ ਵੀ ਆਪਣੇ ਬਿਆਨ ਵਿਚ ਦਿਲੋਂ ਵਿਰੁਧ ਡਿਸਪਲਿਨਰੀ ਐਕਸ਼ਨ ਲੈਣ ਦੀ ਗੌਰਮਿੰਟ ਪਾਸੋਂ ਮੰਗ ਕੀਤੀ ਮੈਂਬਰਾਂ ਨੇ ਜਾਰੀ ਚਲ ਰਹੀ ਭੁਖ ਹੜਤਾਲ ਜਾਣ ਲਈ ਵਧ ਤੋਂ ਵਧ ਉਤਸ਼ਾਹ ਦਿਖਾਇਆ।

---

(ਸਫਾ 2 ਦੀ ਬਾਕੀ)

ਚਲੇ ਆ ਰਹੇ ਸਨ ਜਦੋਂ ਕਿ ਸਰਦੀ ਫ੍ਰੀਜ਼ੋ ਪੁਆਂਇਟ ਤੋਂ ਵੀ ਬਹੁਤ ਘਟ ਸੀ ਤੇ ਬਰਫ ਪੈ ਰਹੀ ਸੀ। ਸ਼ਹਿਰ ਦਾ ਨਕਸ਼ਾ ਲੜਨ ਵਾਲਿਆਂ ਦੀ ਯਾਦ ਤਾਜ਼ਾ ਕਰਦਾ ਹੈ। ਸਿਪਾਹੀਆਂ ਤੇ ਲੋਕਾਂ ਨੇ ਉਸ ਵੇਲੇ ਜੋ ਕੁਝ ਕੰਧਾਂ ਤੇ ਲਿਖਿਆ ਉਸ ਨੂੰ ਸੰਭਾਲ ਕੇ ਰਖਿਆ ਗਿਆ ਹੈ ਤੇ ਇਥੇ ਲਿਆ ਕੇ ਜੜ ਦਿਤਾ ਗਿਆ ਹੈ।

(ਚਲਦਾ)

16 ਅਪਰੈਲ 1969

ਮੇਰੀ ਸੋਵੀਅਤ ਯਾਤਰਾ—24

# ਅਜੇ ਤਾਂ ਅਸੀਂ ਸ਼ੁਰੂ ਹੀ ਕੀਤਾ ਹੈ

—ਵੀਰਭਾਨ ਭੁਲਰ—

ਹੋਟਲਾਂ ਵਿਚ ਕੰਮ ਕਰਨ ਵਾਲੇ ਵੇਟਰਾਂ, ਭਾਵੇਂ ਮਰਦ ਹੋਣ ਜਾਂ ਔਰਤਾਂ, ਨੇ ਏਨੇ ਚੰਗੇ ਕਪੜੇ ਪਾਏ ਹੁੰਦੇ ਹਨ ਕਿ ਸਾਡੇ ਚੰਗੇ ਖਾਂਦੇ ਪੀਂਦੇ ਘਰਾਣਿਆਂ ਵਿਚ ਵੀ ਮੁਸ਼ਕਲ ਨਾਲ ਇਨਾ ਚੰਗਾ ਲਿਬਾਸ ਨਜ਼ਰੀ ਪੈਂਦਾ ਹੈ। ਜੇ ਕੋਈ ਖਾਣਾ ਖਾਣ ਵਾਲਾ ਖਾਣਾ ਖੁਆਣ ਲਗ ਜਾਵੇ ਅਤੇ ਵੇਟਰ ਖਾਣੇ ਦੇ ਮੇਜ਼ ਤੇ ਬਹਿ ਜਾਵੇ ਤਾਂ ਤੁਸੀਂ ਅਨੁਮਾਨ ਨਹੀਂ ਲਾ ਸਕਦੇ ਕਿ ਕੌਣ ਵੇਟਰ ਹੈ ਅਤੇ ਕੌਣ ਖਾਣਾ ਖਾਣ ਵਾਲਾ ਹੈ।

ਇਸ ਤਰ੍ਹਾਂ ਹੀ ਤੁਸੀਂ ਕਿਸੇ ਬਾਜ਼ਾਰ ਵਿਚੋਂ ਲੰਘਦੇ ਹੋਏ ਇਸ ਗਲ ਦੀ ਪਛਾਣ ਨਹੀਂ ਕਰ ਸਕਦੇ ਕਿ ਕੌਣ ਇੰਜੀਨੀਅਰ ਹੈ, ਕੌਣ ਡਾਕਟਰ ਹੈ ਤੇ ਕੌਣ ਵਰਕਰ।

ਟੂਰਿਸਟ ਹੋਟਲ ਦੀ ਚੀਫ ਵੇਟਰ ਸੀ ਮੈਰੀਨਾ। ਵੇਟਰਾਂ, ਜੋ ਕਿ ਸਭ ਦੀਆਂ ਸਭ ਔਰਤਾਂ ਸਨ, ਦਾ ਸਲੂਕ ਬਹੁਤ ਚੰਗਾ ਸੀ। ਮੈਰੀਨਾ ਤਾਂ ਸਾਡੇ ਡੈਲੀਗੇਸ਼ਨ ਦੀ ਬਹੁਤ ਇਜ਼ਤ ਕਰਦੀ ਸੀ। ਪਰ ਅਫਸੋਸ ਕਿ ਜਿਸ ਦਿਨ ਅਸੀਂ ਟੂਰਿਸਟ ਹੋਟਲ ਛਡਣ ਵਾਲੇ ਸਾਂ ਉਸ ਦਿਨ ਉਹ ਛੁਟੀ ਤੇ ਸੀ।

ਕਿਸੇ ਹੋਟਲ ਵਿਚ ਵੀ ਟਿਪ-ਸਿਸਟਮ, ਬਖਸ਼ੀਸ਼ ਦੇਣ ਜਾਂ ਲੈਣ ਦਾ ਰਵਾਜ ਨਹੀਂ ਹੈ। ਪਗੜੀ ਸਿਸਟਮ ਦੀ ਲਾਅਨਤ ਵੀ ਕਿਧਰੇ ਨਜ਼ਰ ਨਹੀਂ ਆਉਂਦੀ।

ਅਸੀਂ ਹੋਟਲ ਵਿਚ ਕੰਮ ਕਰਨ ਵਾਲੀਆਂ ਕੁੜੀਆਂ ਤੋਂ ਪੁਛਿਆ ਕਿ ਉਹਨਾਂ ਦੀ ਕੀ ਤਨਖਾਹ ਹੈ ਤਾਂ ਉਹਨਾਂ ਨੇ ਦਸਿਆ—120 ਰੂਬਲ ਮਹੀਨਾ। 40–50 ਰੂਬਲ ਸੇਲ ਤੇ ਪ੍ਰੀਮੀਅਮ ਵੀ ਬਣ ਜਾਂਦਾ ਹੈ। ਇਸ ਤਰ੍ਹਾਂ ਕੁਲ ਉਜਰਤ 160–170 ਰੂਬਲ ਮਹੀਨਾ ਬਣ ਜਾਂਦੀ ਹੈ।

ਇਸ ਤਰ੍ਹਾਂ ਇਕ ਸਿਨੇਮਾ ਹਾਲ ਵਿਚ ਮੈਂ ਆਪਣੇ ਨੇੜੇ ਬੈਠੇ ਰੂਸੀ ਨੂੰ ਪੁਛਿਆ ਕਿ ਉਹ ਕੀ ਕੰਮ ਕਰਦਾ ਹੈ। ਉਸ ਨੇ ਦਸਿਆ ਕਿ ਉਹ ਬਿਲਡਿੰਗ ਇੰਜੀਨੀਅਰ ਹੈ। ਉਸ ਨੇ ਆਪਣੀ ਨੌਜੁਆਨ ਪਤਨੀ, ਜੋ ਨਾਲ ਹੀ ਬੈਠੀ ਸੀ, ਵਲ ਇਸ਼ਾਰਾ ਕਰਕੇ ਕਿਹਾ ਕਿ ਉਹ ਵੀ ਬਿਲਡਿੰਗ ਇੰਜੀਨੀਅਰ ਹੈ। ਤਨਖਾਹ ਬਾਰੇ ਪੁਛਣ ਤੇ ਉਸ ਨੇ ਕਿਹਾ ਕਿ, "ਅਸੀਂ ਡੇਢ ਡੇਢ ਸੌ ਰੂਬਲ ਮਹੀਨਾ ਲੈਂਦੇ ਹਾਂ।" ਮੈਂ ਪੁਛਿਆ: "ਕੀ ਤੁਹਾਡੀ ਇਸ ਨਾਲ ਤਸਲੀ ਹੈ?

ਰੂਸੀ ਸਾਥੀ ਨੇ ਜੁਆਬ ਦਿੱਤਾ, ਕਿਉਂ ਨਹੀਂ। ਅਜੇ ਤਾਂ ਅਸੀਂ ਸ਼ੁਰੂ ਹੀ ਕੀਤਾ ਹੈ।

ਸਾਥੀ ਸ਼ੀ ਰਸਕਨ ਅਤੇ ਸਾਥੀ ਮੈਨਰਪੀਨੋਵ ਵੀ ਸਾਡੇ ਦੋ ਭਾਸ਼ੀਏ, ਜੋ ਕਿ ਬੜੇ ਨਫੀਸ ਸੁਭਾਅ ਦਾ ਮਾਲਕ ਸੀ, ਦੇ ਨਾਲ ਹੋਟਲ ਵਿਚ ਆਏ। ਉਹ ਸਾਨੂੰ ਦਿਤੀ ਜਾ ਰਹੀ ਵਦਾਇਗੀ ਪਾਰਟੀ ਵਿਚ ਹਿਸਾ ਲੈਣ ਲਈ ਆਏ। ਇਹ ਦੋਵੇਂ ਸਜਨ ਬੜੇ ਪਿਆਰ ਨਾਲ ਸਾਨੂੰ ਮਿਲੇ। ਅਤੇ ਗਲਬਾਤ ਕੀਤੀ। ਪਹਿਲਾ ਸਾਥੀ ਪਹਿਲਾਂ ਕੋਆਪਰੇਟਿਵ ਫਾਰਮ ਵਿਚ ਕੰਮ ਕਰਦਾ ਸੀ। ਹੁਣ ਐਡਮਨਿਸਟਰੇਸ਼ਨ ਵਿਚ ਹੈ। 210 ਰੂਬਲ ਮਹੀਨਾ ਕਮਾਂਦਾ ਹੈ। ਟੈਲੀ-ਵੀਜ਼ਨ, ਅਖਬਾਰਾਂ ਤੇ ਰੇਡੀਓ ਦੇ ਪਰੋਗਰਾਮਾਂ ਤੋਂ ਉਹ ਹੋਰ ਕਮਾ ਲੈਂਦਾ ਹੈ। ਦੂਜਾ ਸਾਥੀ ਵੋਲਗਾਗਰਾਡ ਦੀ ਬਾਇਆਲੋਜੀ ਇੰਸਟੀਚੀਊਟ ਵਿਚ ਕੰਮ ਕਰਦਾ ਸੀ। ਹੁਣ ਪਰਚਾਰ ਸਕਤਰ ਹੈ। ਉਸ ਨੇ ਦਸਿਆ ਕਿ ਰਿਜਨਲ ਪਾਰਟੀ ਸਕਤਰ ਦੀ ਤਨਖਾਹ ਵੀ ਲਗ ਭਗ ਏਨੀ ਹੀ ਹੈ।

(ਚਲਦਾ)

## ਮੇਰੀ ਸੋਵੀਅਤ ਯਾਤਰਾ-੨੫

# ਅਤੇ ਮੈਨੂੰ ਜੇਲ੍ਹ ਭੇਜ ਦਿਤਾ ਗਿਆ

—ਵੀਰ ਭਾਨ ਭੁੱਲਰ—

ਤੁਸੀਂ ਪੁਛੋਗੇ ਕਿ ਕੀ ਕੋਈ ਚੋਰੀ ਦੀ ਘਟਨਾ ਕਰ ਮਾਰੀ ਸੀ ! ਜੇ ਨਹੀਂ ਤਾਂ ਫਿਰ ਜੇਲ੍ਹ ਵਿਚ ਕਿਵੇਂ ਪਹੁੰਚ ਗਏ ? "ਜੇਲ੍ਹ" ਮੈਂ ਇਸ ਲਈ ਕਹਿੰਦਾ ਹਾਂ ਕਿ ਜਿਸ ਕਮਰੇ ਵਿਚ ਮੈਨੂੰ ਬੰਦ ਕੀਤਾ ਗਿਆ ਅਤੇ ਜਿਵੇਂ ਰਖਿਆ ਗਿਆ ਉਹ "ਜੇਲ੍ਹ" ਵਾਂਗ ਹੀ ਸੀ। ਮੈਂ ਉਸ ਕਮਰੇ ਤੋਂ ਬਾਹਰ ਨਹੀਂ ਸਾਂ ਨਿਕਲ ਸਕਦਾ !

ਗੱਲ ਇਹ ਹੈ ਕਿ ਭੁਖ ਹੜਤਾਲਾਂ ਕਾਰਨ ਸਿਰ ਚੀਜੇ-ਪਣ ਦਾ ਸ਼ਿਕਾਰ ਹੋ ਚੁਕਿਆ ਹੈ । ਇਹ ਤਾਂ ਹੁਣ ਠੀਕ ਨਹੀਂ ਹੋ ਸਕਦਾ ਪਰ ਮੈਨੂੰ ਕੁਝ ਹੋਰ ਨੁਕਸ ਵੀ ਸੀ। ਪੇਟ ਦਾ ਨੁਕਸ। ਮੈਂ ਸੋਚਿਆ ਹੁਣ ਕਿਉਂਕਿ ਸੋਵੀਅਤ ਯੂਨੀਅਨ ਜਾ ਰਹੇ ਹਾਂ। ਇਸ ਲਈ ਪੇਟ ਦੇ ਨੁਕਸ ਦੀ ਤਸ਼ਖੀਸ ਕਰਵਾ ਕੇ ਕੁਝ ਠੀਕ-ਠਾਕ ਹੋਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਦਿਲੀ ਵਿਚ ਮਦਰਾਸੀ ਖਾਣਾ ਖਾਧਾ ਤੇ ਖਾਧਾ ਵੀ ਕੁਝ ਲੋੜ ਨਾਲੋਂ ਵਧ। ਉਧਰੋਂ ਹਵਾਈ ਜਹਾਜ਼ ਤਿਆਰ ਸੀ, ਏਧਰ ਪੇਟ ਵਿਚ ਮਰੋੜ ਸ਼ੁਰੂ ਹੋ ਗਏ । ਝਟਪਟ ਡਾਕਟਰੀ ਇਲਾਜ ਕਰਵਾਇਆ। ਡਾਕਟਰ ਨੇ ਜੋ ਮੰਗਿਆ ਉਸਨੂੰ ਦੇ ਦਿਤਾ । ਗੋਲੀ ਤੇ ਗੋਲੀ ਖਾਧੀ। ਦਵਾਈ ਦੀ ਪੂਰੀ ਸ਼ੀਸ਼ੀ ਰਾਤ ਤਕ ਚੜ੍ਹਾਈ। ਫਿਰ ਜਾ ਕੇ ਪੇਟ ਠੀਕ ਹੋਇਆ। ਆਖਰ ਮਾਸਕੋ ਪਹੁੰਚ ਗਏ ਤਾਂ ਨਵੀਂ ਕਿਸਮ ਦਾ ਖਾਣਾ ਖਾਣ ਕਾਰਨ ਫਿਰ ਪੇਟ ਨੇ ਜੁਆਬ ਦੇ ਦਿਤਾ। ਪੇਟ ਵਿਚ ਦਰਦ ਮਹਿਸੂਸ ਹੋਣ ਲਗ ਪਿਆ। ਸਾਥੀਆਂ ਦੇ ਕਹਿਣ-ਸੁਣਨ ਤੇ ਪਾਰਟੀ ਹੋਟਲ ਵਿਚ ਹੀ ਡਾਕਟਰ ਕੋਲ ਚਲੇ ਗਏ। ਉਸ ਦਿਨ ਤਾਂ ਡਾਕਟਰ ਸਾਹਿਬਾ ਨੇ ਗੋਲੀ ਦੇ ਦਿਤੀ। ਆਰਾਮ ਮਹਿਸੂਸ ਹੋਇਆ । ਦੂਜੇ ਦਿਨ ਮੈਂ ਫਿਰ ਡਾਕਟਰ ਸਾਹਿਬਾ ਤੋਂ ਗੋਲੀ ਮੰਗੀ ਤਾਂ ਪਤਾ ਲਗਾ ਕਿ ਮੈਨੂੰ ਹਸਪਤਾਲ ਜਾਣਾ ਪਵੇਗਾ । ਇਹ ਤਾਂ ਡਾਕਟਰ ਸਾਹਿਬਾ ਦੀ ਕਿਰਪਾ ਸੀ ਅਤੇ ਮੈਂ ਵੀ ਮੋੜ ਕਟ ਲਿਆ ਕਿ, "ਮੈਨੂੰ ਕੋਈ ਤਕਲੀਫ ਨਹੀਂ", ਮੈਂ ਕਿਹਾ, ਇਸ ਤਰ੍ਹਾਂ ਹਸਪਤਾਲ ਜਾਣ ਤੋਂ ਬਚ ਗਿਆ। ਨਹੀਂ ਤਾਂ ਉਥੇ ਭੇਜ ਦਿਤਾ ਜਾਂਦਾ।

ਦੋ-ਭਾਸ਼ੀਆ ਸਾਥੀ ਨੂੰ ਜਦੋਂ ਪਤਾ ਲਗਾ ਤਾਂ ਉਸ ਨੇ ਕਿਹਾ ਕਿ ਭੁਲਰ ਮੈਨੂੰ ਕਿਉਂ ਨਹੀਂ ਦਸਿਆ। ਹਸਪਤਾਲ ਵਿਚ ਪਹੁੰਚ ਜਾਂਦੇ ਤਾਂ ਬਸ ਅਗਲਾ ਸਾਰਾ ਪਰੋਗਰਾਮ ਚੌਪਟ ਹੋ ਜਾਂਦਾ। ਬਿਨਾ ਠੀਕ ਹੋਏ ਹਸਪਤਾਲ ਤੋਂ ਰਿਹਾਈ ਹਾਸਲ ਕਰਨਾ ਮੁਸ਼ਕਲ ਸੀ। ਇਥੋਂ ਦੀ ਪਾਰਟੀ ਨੇ ਵੀ ਇਸ ਸਬੰਧ ਵਿਚ ਕੁਝ ਨਹੀਂ ਸੀ ਕਰ ਸਕਣਾ। ਸਾਡੇ ਦੇਸ਼ ਦਾ ਕਾਨੂੰਨ ਹੈ ਕਿ ਡਾਕਟਰਾਂ ਦਾ ਹੁਕਮ ਕੋਈ ਨਹੀਂ ਮੋੜ ਸਕਦਾ। ਪਰ ਜਦੋਂ ਅਸੀਂ ਵੋਲਗਾ ਗਰਾਡ ਪੁਜੇ ਤਾਂ ਸਾਥੀਆਂ ਨੇ ਮੈਨੂੰ ਦਸ ਹੀ ਦਿਤਾ। ਕਹਿਣ ਲਗੇ : ਭੁਲਰ ਅਜ ਅਸੀਂ ਡਾਕਟਰ ਕੋਲੋਂ ਗੋਲੀ (ਦਵਾਈ) ਲਈ ਹੈ। ਕਲ ਸਵੇਰੇ ਤੂੰ ਵੀ ਜਾਈਂ।

ਅਗਲੇ ਦਿਨ ਦੋਭਾਸ਼ੀ ਸਾਥੀ ਐਗਰ ਬੜਾਨੋਫ ਮੈਨੂੰ ਡਾਕਟਰ ਕੋਲ ਲੈ ਕੇ ਗਿਆ ਤਾਂ ਮੈਨੂੰ ਪਾਲੀਕਲਿਨਕ ਭੇਜ ਦਿਤਾ ਗਿਆ । ਪਾਲੀਕਲਿਨਕ ਵਿਚ ਮੇਰਾ ਡਾਕਟਰੀ ਮੁਲਾਹਜ਼ਾ ਸ਼ੁਰੂ ਹੋ ਗਿਆ। ਉਹਨਾਂ ਨੇ ਪੁਛਿਆ ਕਿ ਇਹ ਪੇਟ ਦੀ ਦਰਦ ਪਹਿਲਾਂ ਤੋਂ ਹੈ ਜਾਂ ਇਥੇ ਆ ਕੇ ਸ਼ੁਰੂ ਹੋਈ ਹੈ ? ਮੈਂ ਹਿਸਟਰੀ ਬਿਆਨ ਕਰ ਦਿਤੀ। ਮੁਲਾਹਜ਼ਾ ਕਰਨ ਪਿਛੋਂ ਉਹਨਾਂ ਨੇ ਇਕ ਪਰਚਾ ਬਣਵਾਇਆ । ਮੈਨੂੰ ਕੋਈ ਗੋਲੀ ਆਦਿ ਦੇਣ ਦੀ ਥਾਂ ਉਹਨਾਂ ਨੇ ਇਹ ਪਰਚਾ ਦੋ ਭਾਸ਼ੀਆ ਸਾਥੀ ਦੇ ਹਥ ਵਿਚ ਦੇ ਦਿਤਾ।

'ਜੇਲ੍ਹ' ਸ਼ਬਦ ਤਾਂ ਮੈਂ ਐਵੇਂ ਮਜ਼ਾਕ ਵਜੋਂ ਵਰਤਿਆ ਸੀ।

ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਵੀ. ਜੇ. ਹਸਪਤਾਲ ਅੰਮ੍ਰਿਤਸਰ ਵਿਚ ਅਥਵਾ ਆਪਣੇ ਦੂਜੇ ਹਸਪਤਾਲਾਂ ਵਿਚ ਲੋਕਾਂ ਦੀ ਅਤੇ ਮਰੀਜ਼ਾਂ ਦੀ ਕੀ ਹਾਲਤ ਹੁੰਦੀ ਹੈ ? ਮੈਂ ਤੁਸੀ "ਜੇਲ੍ਹ" ਦੀ ਨਹੀਂ ਸਗੋਂ ਸੋਵੀਅਤ ਯੂਨੀਅਨ ਦੇ ਹਸਪਤਾਲ ਦੀ ਕਹਾਣੀ ਬਿਆਨ ਕਰ ਰਿਹਾ ਹਾਂ।

ਹੋਟਲ ਵਲ ਵਾਪਸ ਆਉਂਦੇ ਹੋਏ ਦੋ ਭਾਸ਼ੀਆ ਸਾਥੀ ਨੇ ਮੈਨੂੰ ਦਸਿਆ

"ਤੁਸੀਂ ਕੁਝ ਸਮਾਂ ਹੋਟਲ ਵਿਚ ਠਹਿਰੋਗੇ। ਉਸ ਵਿਚ ਕਾਰ ਆਵੇਗੀ ਤੇ ਤੁਹਾਨੂੰ ਹਸਪਤਾਲ ਲਿਜਾਇਆ ਜਾਵੇਗਾ।" ਮੈਂ ਚੰਗਾ ਭਲਾ ਸਾਂ ਤੇ ਹਸਪਤਾਲ ਵਿਚ ਦਾਖਲ ਹੋਣ ਵਾਲੀ ਕੋਈ ਗਲ ਨਹੀਂ ਸੀ। ਮੈਂ ਚਿੰਤਾਤੁਰ ਹੋ ਗਿਆ ਕਿ ਹੁਣ ਕੀ ਹੋਵੇਗਾ। ਦੂਜੇ ਪਰੋਗਰਾਮ ਕਿਵੇਂ ਵੇਖ ਸਕਾਂਗਾ। ਨਾ ਜਾਣੇ ਕਿੰਨੇ ਦਿਨ ਡਾਕਟਰਾਂ ਦੀ ਤਸਲੀ ਲਈ ਹਸਪਤਾਲ ਰਹਿਣਾ ਪਵੇਗਾ । ਬਾਕੀ ਸਾਥੀ ਤਾਂ ਪਰੋਗਰਾਮ ਅਨੁਸਾਰ ਅਗੇ ਵਧ ਜਾਣਗੇ ਅਤੇ ਮੈਂ ਹਸਪਤਾਲ ਵਿਚ ਪਿਆ ਰਹਾਂਗਾ। ਕੁਝ ਗੁਸਾ ਮੈਨੂੰ ਦੋ ਭਾਸ਼ੀ ਸਾਥੀ ਤੇ ਵੀ ਆਇਆ ਅਤੇ ਡੈਲੀਗੇਸ਼ਨ ਦੇ ਮੈਂਬਰਾਂ ਤੇ ਵੀ।

ਫਿਰ ਇਹ ਸੋਚਿਆ ਕਿ ਕੋਈ ਬੀਮਾਰੀ ਤਾਂ ਖਾਸ ਨਹੀਂ ਹੈ। ਇਸ ਲਈ ਇਥੋਂ ਰਵਾਨਾ ਹੋਣ ਦੀ ਤਾਰੀਖ ਤੋਂ ਪਹਿਲਾਂ ਰਿਹਾਈ ਮਿਲ ਜਾਵੇਗੀ। ਵੋਲਗਾਗਰਾਡ ਦੇ ਬਾਕੀ ਪਰੋਗਰਾਮਾਂ ਦਾ ਫਰਕ ਪਵੇਗਾ। ਪਰ ਹਸਪਤਾਲ ਵਿਚ ਮਰੀਜ਼ਾਂ ਨੂੰ ਕਿਵੇਂ ਰਖਿਆ ਜਾਂਦਾ ਹੈ ਅਤੇ ਉਹਨਾਂ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ, ਇਸ ਗਲ ਦਾ ਤਜਰਬਾ ਹੋ ਜਾਵੇਗਾ । ਇਸ ਤਰ੍ਹਾਂ ਮੈਂ ਆਪਣੇ ਆਪ ਨੂੰ ਧਰਵਾਸ ਦੇ ਰਿਹਾ ਸਾਂ।

( ਬਾਕੀ ਦੇਖੋ ਸਫਾ 5 )

ਅਸੀਂ ਅਖਬਾਰ ਰਾਹੀਂ ਉਚ ਅਧਿਕਾਰੀਆਂ ਦਾ ਧਿਆਨ ਇਸ ਪਾਸੇ ਦੁਆਉਣਾ ਚਾਹੁੰਦੇ ਹਾਂ ਕਿ ਪੁਲੀਸ ਵਾਲੇ ਰਿਕਸ਼ਿਆਂ ਵਾਲਿਆਂ ਨੂੰ ਨਜਾਇਜ਼ ਤੰਗ ਕਰਦੇ ਹਨ ਤੇ ਇਸ ਗਲ ਲਈ ਮਜ਼ਬੂਰ ਕਰਦੇ ਹਨ ਕਿ ਉਹਨਾਂ ਨੂੰ ਮੁਫਤ ਸਵਾਰੀ ਦਿਤੀ ਜਾਵੇ। ਇਸ ਲਈ ਉਹ ਕਈ ਵਾਰ ਝੂਠੇ ਮੁਕਦਮੇਂ ਆਦਿ ਬਣਾਉਣ ਦੇ ਡਰਾਵੇ ਰਿਕਸ਼ੇਵਾਲਿਆਂ ਨੂੰ ਥਿੜਕਾਉਣ ਦਾ ਯਤਨ ਕਰਦੇ ਹਨ।

ਗੁਰਦਿਆਲ ਸਿੰਘ
ਸਕਤਰ, ਰਿਕਸ਼ਾ ਯੂਨੀਅਨ
ਜਲੰਧਰ

## ਸਹਿਕਾਰੀ ਵਿਭਾਗ ਧਿਆਨ ਦੇਵੇ

ਪਿੰਡ ਹਮੀਦੀ ਦੀ, ਸਡੂਲਡ ਕਾਸਟ ਲੈਂਡ ਸੁਸਾਇਟੀ ਦੇ ਬਹੁਤ ਸਾਰੇ ਕਾਰਨਾਂ ਕਰਕੇ ਸਨਅਤੀ ਦੇ ਹੁਕਮ, ਦਫਤਰ ਜ਼ਿਲਾ ਸੰਗਰੂਰ ਦੇ ਅਸਿਸਟੈਂਟ ਰਜਿਸਟਰ ਨੰ: 9039/42 ਮਿਤੀ 8-8-1968 ਅਨੁਸਾਰ ਇਨਸਪੈਕਟਰ ਕੋਆਪਰੇਟਿਵ ਸੁਸਾਇਟੀਜ਼ ਬਲਾਕ ਅਹਿਮਦਗੜ੍ਹ ਨੂੰ ਹੋ ਚੁਕੇ ਹਨ। ਪਰ ਬੜੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਪਿੰਡ ਹਮੀਦੀ ਦੇ ਹਰੀਜਨਾਂ ਵਲੋਂ ਵਾਰ ਵਾਰ ਕਹਿਣ ਤੇ ਲਿਖਣ ਦੇ ਬਾਵਜੂਦ ਵੀ ਇਹ ਸੁਸਾਇਟੀ ਸਮਾਪਤ ਨਹੀਂ ਹੋਈ। ਜਦੋਂ ਕਿ ਇਨਸਪੈਕਟਰ ਕੋਆਪਰੇਟਿਵ ਸੁਸਾਇਟੀ ਅਹਿਮਦਗੜ੍ਹ ਬਲਾਕ ਨੂੰ ਅਸਿਸਟੈਂਟ ਰਜਿਸਟਰਾਰ ਵਲੋਂ ਕਮੇਟੀ ਸਮਾਪਤ ਕਾਰ ਨਿਯੁਕਤ ਕੀਤਾ ਹੋਇਆ ਹੈ।

ਸੋ ਸਬੰਧਤ ਮਹਿਕਮੇ ਨੂੰ ਅਸੀਂ ਪਿੰਡ ਹਮੀਦੀ ਦੇ ਹਰੀਜਨ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਇਸ ਬਾਰੇ ਤੁਰੰਤ ਧਿਆਨ ਦੇ ਕੇ ਇਸ ਸੁਸਾਇਟੀ ਨੂੰ ਸਮਾਪਤ ਕਰਨ ਦੀ ਕਰਵਾਈ ਕਰਵਾਏ ਅਤੇ ਹਰੀਜਨਾਂ ਵਿਚ ਫੈਲੀ ਬੇਚੈਨੀ ਨੂੰ ਦੂਰ ਕੀਤਾ ਜਾਵੇ।

ਆਪ ਜੀ ਦੇ ਹਰੀਜਨ
ਨਗਰ ਨਿਵਾਸ ਹਮੀਦੀ ਤਹਿਸੀਲ
ਮਲੇਰ ਕੋਟਲਾ, ਜਿਲਾ ਸੰਗਰੂਰ

## ਮੇਰੀ ਸੋਵੀਅਤ ਯਾਤਰਾ

( ਸਫ਼ਾ 2 ਦੀ ਬਾਕੀ )

ਏਨੇ ਵਿਚ ਹੋਟਲ ਦੀ ਡਾਕਟਰ ਦੇ ਨਾਲ ਦੋ ਲੇਡੀ ਡਾਕਟਰ ਅਤੇ ਇਕ ਨਰਸ ਮੇਰੇ ਕਮਰੇ ਵਿਚ ਆ ਗਏ। ਮੈਨੂੰ ਹੇਠਾਂ ਪਹੁੰਚਣ ਲਈ ਕਿਹਾ ਗਿਆ। ਉਹ ਆਪ ਮੇਰੇ ਕਮਰੇ ਦਾ ਮੁਲਾਹਜ਼ਾ ਕਰਨ ਲਗ ਪਏ, ਹਾਲਾਂ ਕਿ ਉਹ ਬੜਾ ਸਾਫ ਸੁਥਰਾ ਬੰਗਲਾ ਸੀ।

ਕਾਰ ਵਿਚ ਬਹਿਣ ਦੀਆਂ ਸੀਟਾਂ ਤੋਂ ਉਪਰੰਤ ਇਕ ਸਟਰੇਚਰ ਵੀ ਰਖਿਆ ਹੋਇਆ ਸੀ ਅਤੇ ਖੂਬਸੂਰਤ ਬਿਸਤਰਾ ਵਿਛਿਆ ਹੋਇਆ ਸੀ। ਮੈਂ ਸੀਟ ਤੇ ਬਹਿ ਗਿਆ। ਡਾਕਟਰ ਜ਼ੋਰ ਦੇ ਰਹੀ ਸੀ ਕਿ ਮੈਂ ਸਟਰੇਚਰ ਤੇ ਲੇਟਾਂ ਪਰ ਮੈਂ ਬੈਠਾ ਹੀ ਰਿਹਾ ਤੇ ਫਿਰ ਅਸੀਂ ਹਸਪਤਾਲ ਪਹੁੰਚ ਗਏ।

ਮੇਰੇ ਪਹਿਲੇ ਕਪੜੇ ਲੈ ਲਏ ਗਏ, ਨਵੇਂ ਕਪੜੇ ਪਾਉਣ ਲਈ ਦੇ ਦਿਤੇ ਗਏ ਅਤੇ ਮੈਨੂੰ ਇਕ ਕਮਰੇ ਵਿਚ ਭੇਜ ਦਿਤਾ ਗਿਆ। ਤਸ਼ਖੀਸ ਸ਼ੁਰੂ ਹੋ ਗਈ, ਖੂਨ ਟੈਸਟ, ਟੱਟੀ ਟੈਸਟ ਅਤੇ ਪੇਸ਼ਾਬ ਟੈਸਟ ਹੋਣ ਲਗਾ। ਦਵਾਈ ਵੀ ਮਹਈਆ ਕਰ ਦਿਤੀ ਗਈ, ਦਰਵਾਜ਼ਾ ਬੰਦ, ਬਾਹਰ ਨਿਕਲਣਾ ਬੰਦ।

ਡਾਕਟਰ ਸਾਹਿਬਾ ਨੇ ਮੇਰੇ ਲਈ ਸਿਗਰਟ ਦੀ ਡੱਬੀ, ਮੁਰੱਬੇ ਦੇ ਛੋਟੇ ਛੋਟੇ ਮਰਤਬਾਨ ਭੇਜ ਦਿਤੇ। ਇਕ ਮਰਤਬਾਨ ਗੁਲਕੰਦ ਵਰਗੀ ਸ਼ੈ ਦਾ ਸੀ। ਭਾਂਤ ਭਾਂਤ ਦੇ ਖਾਣੇ ਵੀ ਪ੍ਰਦਾਨ ਕੀਤੇ ਗਏ।

ਅਗਲੀ ਸ਼ਾਮ ਦੋ ਭਾਸ਼ੀ ਸਾਥੀ ਹਾਲ ਪੁਛਣ ਆਇਆ ਤਾਂ ਉਸ ਨੂੰ ਡਾਕਟਰਾਂ ਵਰਗਾ ਹੀ ਪੁਸ਼ਾਕ ਪੁਆ ਕੇ ਮੇਰੇ ਕਮਰੇ ਵਿਚ ਦਾਖਲ ਕੀਤਾ ਗਿਆ।

ਸਾਥੀ ਨੇ ਦਸਿਆ ਭੁਲੇਰ ਇਸ ਤਰ੍ਹਾਂ ਜਾਪਦਾ ਹੈ ਕਿ ਤੂੰ ਛੇਤੀ ਹੀ ਇਥੋਂ ਫੋਹੜਾ ਹੋ ਜਾਵੇਂਗਾ। ਪਰ ਸਾਡੇ ਵਿਚੋਂ ਕੋਈ ਆਉਣ ਵਾਲਾ ਹੈ ਭਾਵੇਂ ਮੈਂ ਆ ਜਾਵਾਂ ਤੇ ਭਾਵੇਂ ਕੋਈ ਹੋਰ।

ਪਹਿਲਾਂ ਤਾਂ ਮੈਂ ਸੋਚਿਆ ਕਿ ਇਹ ਮੈਨੂੰ ਪਰਚਾਉਣ ਲਈ ਇਸ ਤਰ੍ਹਾਂ ਕਹਿ ਰਿਹਾ ਹੈ ਪਰ ਇਹ ਹਕੀਕਤ ਸੀ ਕਿ ਮੇਰੇ ਹਸਪਤਾਲ ਤੋਂ ਚਲੇ ਆਉਣ ਤੋਂ ਪਿਛੋਂ ਡਾਕਟਰਾਂ ਦਾ ਇਕ ਗਰੁਪ ਹੋਟਲ ਤੇ ਚੜ੍ਹ ਆਇਆ ਤੇ ਸਾਰੇ ਡੈਲੀਗੇਸ਼ਨ ਦਾ ਡਾਕਟਰੀ ਮੁਆਇਨਾ ਕੀਤਾ। ਇਥੇ ਹੀ ਬਸ ਨਹੀਂ। ਹਵਾਈ ਜਹਾਜ਼ ਲਈ ਲਈਆਂ ਟਿਕਟਾਂ ਵੀ ਡਾਕਟਰ ਨੇ ਆਪਣੇ ਕੋਲ ਰਖ ਲਈਆਂ ਅਤੇ ਕਹਿ ਦਿਤਾ ਕਿ ਡੈਲੀਗੇਸ਼ਨ ਦੇ ਮੁਆਇਨੇ ਦੀ ਰੀਪੋਰਟ ਮਿਲਣ ਤੇ ਕਿ ਡੈਲੀਗੇਸ਼ਨ ਦੇ ਮੈਂਬਰ ਕਿਸੇ ਬੀਮਾਰੀ ਦਾ ਸ਼ਿਕਾਰ ਨਾ ਹੋਏ ਤਾਂ ਹੀ ਅਗੇ ਸਫਰ ਕਰਨ ਦਿਤਾ ਜਾਵੇਗਾ।

ਦੋ ਦਿਨ ਦੇ ਇਲਾਜ ਪਿਛੋਂ ਮੈਨੂੰ ਵੀ ਠੀਕ ਠਾਕ ਹੋਣ ਦਾ ਸਰਟੀਫਿਕੇਟ ਮਿਲ ਗਿਆ ਅਤੇ ਦੂਜੇ ਮੈਂਬਰ ਵੀ ਠੀਕ ਠਾਕ ਪਾਏ ਗਏ। ਖਲਾਸੀ ਹੋਈ ਤਾਸ਼ਕੰਦ ਜਾਣ ਲਈ ਟਿਕਟਾਂ ਵੀ ਵਾਪਸ ਮਿਲ ਗਈਆਂ। (ਚਲਦਾ)

ਸਾਥੀ ਸੁਰਜਨ ਸਿੰਘ ਜ਼ੀਰਵੀ ਪ੍ਰਿ…
ਅਵਾਮੀ ਪਰਿੰਟਿੰਗ ਪਰੈਸ, ਦੀ. ਸ…
ਛਪਵਾ ਕੇ ਵਾਸਤੇ ਕਮਿਊਨਿਸਟ …
ਕੌਂਸਲ ਪਰਕਾਸ਼ਤ

18 ਅਪਰੈਲ 1969

# ਇਸ਼ਾਰਿਆਂ ਇਸ਼ਾਰਿਆਂ ਵਿਚ

—ਵੀਰ ਭਾਨ ਭੁਲਰ—

ਇਸ ਹਸਪਤਾਲ ਵਿਚ ਪੰਜਾਹ ਬੈੱਡ ਸਨ ਅਤੇ ਇਸ ਦਾ ਸਟਾਫ਼ ਤੀਹ ਡਾਕਟਰਾਂ, ਨਰਸਾਂ ਤੇ ਹੋਰ ਅਮਲੇ ਤੇ ਸਮਿਲਤ ਸੀ।

ਲੋਡਾ ਨਾਂਅ ਦੀ ਨਰਸ ਦੀ ਉਸ ਵੇਲੇ ਡਿਊਟੀ ਸੀ। ਉਸ ਨੇ ਇੰਦਰਾ ਗਾਂਧੀ ਦਾ ਨਾਂਅ ਲੈ ਕੇ ਮੈਨੂੰ ਦਸਣ ਦੀ ਕੋਸ਼ਿਸ਼ ਕੀਤੀ ਕਿ ਉਸ ਨੂੰ ਪਤਾ ਹੈ ਕਿ ਮੈਂ ਭਾਰਤੀ ਹਾਂ।

ਹਸਪਤਾਲ ਵਿਚ ਕਿਉਂਕਿ ਦੋ ਭਾਸ਼ੀ ਸਾਥੀ ਮੇਰੇ ਨਾਲ ਨਹੀਂ ਸੀ, ਇਸ ਲਈ ਸਾਰਾ ਕੰਮ ਇਸ਼ਾਰਿਆਂ ਨਾਲ ਹੀ ਚਲਾਣਾ ਪੈ ਰਿਹਾ ਹੈ।

ਨਰਸ ਨੇ ਇਕ ਪਾਸੇ ਇਸ਼ਾਰਾ ਕਰ ਕੇ ਦਸਿਆ ਕਿ ਇਹ ਡਾਕਟਰ ਹੈ। ਇਕ ਹੋਰ ਵਲ ਇਸ਼ਾਰਾ ਕਰਕੇ ਉਸ ਨੇ ਦਸਿਆ ਕਿ ਉਹ ਵੀ ਉਸ ਵਾਂਗ ਨਰਸ ਹੈ। ਇਕ ਹੋਰ ਬਾਰੇ ਉਸ ਨੇ ਦਸਿਆ ਕਿ ਉਹ ਸਫਾਈ ਕਰਨ ਵਾਲੀ ਹੈ।

ਇਸ਼ਾਰਿਆਂ ਇਸ਼ਾਰਿਆਂ ਵਿਚ ਕਈ ਸੁਆਲ ਉਹਨਾਂ ਨੇ ਕੀਤੇ। ਮੈਂ ਵੀ ਇਸ਼ਾਰਿਆਂ ਇਸ਼ਾਰਿਆਂ ਵਿਚ ਉਤਰ ਦਿਤੇ ਅਤੇ ਆਪ ਵੀ ਕਈ ਸੁਆਲ ਪੁਛੇ।

ਨੀਨਾ ਨਾਂਅ ਦੀਆਂ ਦੋ ਨਰਸਾਂ ਸਨ। ਇਕ ਸਫਾਈ ਕਰਨ ਵਾਲੀ ਸੀ।

ਇਸੇ ਤਰ੍ਹਾਂ ਦੂਸੀਏ ਨਾਂਅ ਦੀ ਨਰਸ ਸੀ।

ਸਾਰੀਆਂ ਹੀ ਬੜੀਆਂ ਖੁਸ਼ ਦਿਲ ਸਨ।

ਦੂਸੀਏ ਨੇ ਦਸਿਆ ਕਿ ਉਸ ਨੂੰ ਅਸੀਂ ਰੂਬਲ ਤਨਖਾਹ ਮਿਲਦੀ ਹੈ। ਉਸ ਨੇ ਪੇਤੀ ਨੂੰ 120 ਰੂਬਲ ਤਨਖਾਹ ਮਿਲਦੀ ਹੈ।

ਸਫਾਈ ਕਰਨ ਵਾਲੀ ਨੀਨਾ ਨੂੰ 70 ਰੂਬਲ ਮਹੀਨਾ ਤਨਖਾਹ ਮਿਲਦੀ ਸੀ। ਉਹਨਾਂ ਨੇ ਦਸਿਆ ਕਿ ਡਾਕਟਰਾਂ ਨੂੰ 90 ਰੂਬਲ, 110 ਰੂਬਲ, 150 ਰੂਬਲ ਅਤੇ 170 ਰੂਬਲ ਮਹੀਨਾ ਤਕ ਵੀ ਤਨਖਾਹ ਮਿਲਦੀ ਹੈ।

ਡਾਕਟਰਾਂ ਤੇ ਨਰਸਾਂ ਦੇ ਸਲੂਕ ਅਤੇ ਇਲਾਜ ਕਾਰਨ ਹੁਣ ਮੈਂ ਠੀਕ ਸਾਂ ਅਤੇ ਸ਼ਾਮ ਨੂੰ ਮੈਨੂੰ ਟੂਰਿਸਟ ਹੋਟਲ ਵਿਚ ਭੇਜਿਆ ਜਾਣਾ ਸੀ। ਨਰਸਾਂ ਨੇ ਮੈਨੂੰ ਬਾਅਦ ਦੁਪਹਿਰ ਹੀ ਦਸ ਦਿਤਾ ਸੀ ਕਿ ਉਹਨਾਂ ਨੇ ਟੂਰਿਸਟ ਦਲ ਵਿਚ ਸੰਦੇਸ਼ ਭੇਜ ਦਿਤਾ ਹੈ। ਉਹ ਸ਼ਾਮ ਨੂੰ ਤੁਹਾਨੂੰ ਲੈਣ ਲਈ ਆਉਣਗੇ। ਡਾਕਟਰ ਵਲੋਂ ਆਪ ਨੂੰ ਦਾਸਵਦਾਨੀਆ (ਅਲਵਿਦਾਅ) ਕਹੀ ਗਈ ਹੈ।

ਰਾਤ ਨੂੰ ਮੈਂ ਟੂਰਿਸਟ ਹੋਟਲ ਵਿਚ ਪਹੁੰਚ ਗਿਆ। ਸਾਥੀਆਂ ਨੇ ਸਾਰਾ ਕਿਸਾ ਸੁਣਾਇਆ ਜੋ ਕਿ ਮੈਂ ਪਹਿਲਾਂ ਹੀ ਬਿਆਨ ਕਰ ਚੁਕਿਆ ਹਾਂ।

ਮੇਰੇ ਹਸਪਤਾਲ ਵਿਚ ਹੋਣ ਕਾਰਨ ਵੋਲਗੋਗਰਾਡ ਬਾਰੇ ਮੈਂ ਸੰਖੇਪ ਤੌਰ ਤੇ ਉਹ ਕੁਝ ਦਸਾਂਗਾ ਜੋ ਕੁਝ ਮੇਰੇ ਸਾਥੀਆਂ ਨੇ ਵੇਖਿਆ।

## ਮੇਰੀ ਸੋਵੀਅਤ ਯਾਤਰਾ-੨੬

ਇਹ ਬਿਲਡਿੰਗ ਟਰਸਟ ਸੀ। ਇਸ ਇਮਾਰਤਾਂ ਦੀ ਉਸਾਰੀ ਦਾ ਜ਼ਿਮੇਵਾਰ ਹੈ। ਸਾਰੇ ਮਕਾਨਾਂ ਦੀ ਮੁਰੰਮਤ ਦਾ ਜ਼ਿਮੇਵਾਰ ਵੀ ਇਹੋ ਹੈ। 1400 ਵਰਕਰ ਕੰਮ ਕਰਦੇ ਹਨ। ਹਰ ਪੰਦਰਵਾਂ ਵਰਕਰ ਪਾਰਟੀ ਦਾ ਮੈਂਬਰ ਹੈ। ਅਦਾਰੇ ਦੀ ਨੌਜੁਆਨ ਕਮਿਊਨਿਸਟ ਲੀਗ ਵੀ ਹੈ। ਘਟੋ ਘਟ ਤਨਖਾਹ 85 ਰੂਬਲ ਮਹੀਨਾ ਹੈ।

ਹੁਣ ਆਇਆ ਵੋਲਗਾਗਰਾਡ ਦਾ ਹਾਈਡਰੋ ਬਿਜਲੀ ਘਰ। ਇਹ ਬਿਜਲੀ ਘਰ ਸੰਸਾਰ ਭਰ ਦੇ ਬਿਜਲੀ ਘਰਾਂ ਵਿਚ ਪਹਿਲੀ ਥਾਂ ਰਖਦਾ ਸੀ। ਫਿਰ ਸਾਇਬੇਰੀਆ ਨੇੜੇ ਇਕ ਹਾਈਡਰੋ ਪਾਵਰ ਸਟੇਸ਼ਨ ਬਣਾਇਆ ਗਿਆ। ਹੁਣ ਇਹ ਸੰਸਾਰ ਭਰ ਵਿਚ ਪਹਿਲੀ ਥਾਂ ਰਖਦਾ ਹੈ। ਇਥੋਂ ਬੰਦ ਸੀਮਿੰਟ ਦਾ ਨਹੀਂ। ਇਹ ਬਾਲੂ, ਮਡ, ਕੋਲਾ ਰਲਾ ਕੇ ਬਣਾਇਆ ਗਿਆ ਹੈ। ਨਵਾਂ ਸ਼ਹਿਰ ਵਸ ਗਿਆ ਹੈ ਵਾਲਾਗਸਕੀ। ਇਕ ਲਖ ਪੰਜਾਹ ਹਜ਼ਾਰ ਦੀ ਵਸੋਂ।

ਇਥੇ 22 ਟਰਬਾਈਨਾਂ ਹਨ। ਇਕ ਟਰਬਾਈਨ ਇਕ ਲਖ 15 ਹਜ਼ਾਰ ਕਿਲੋਵਾਟ ਬਿਜਲੀ ਵਢਦੀ ਹੈ। ਇਥੇ 1961 ਵਿਚ ਕੰਮ ਸ਼ੁਰੂ ਹੋਇਆ ਸੀ। ਕੇਵਲ 42 ਵਰਕਰ ਕੰਮ ਕਰਦੇ ਹਨ। ਤਿੰਨ ਸ਼ਿਫਟਾਂ ਵਿਚ। ਲੰਬਾਈ

(ਬਾਕੀ ਦੇਖੋ ਸਫਾ 5)

ਬਾਦ ਇਸ ਸਬੰਧੀ ਹੋਰ ਮੰਗਾਂ ਅਜੇ ਖੜੀਆਂ ਹਨ। ਕਿਸਾਨ ਤੇ ਖੇਤ ਮਜ਼ਦੂਰ ਆਪਸੀ ਸਹਾਇਤਾ ਤੇ ਸਹਿਯੋਗ ਨਾਲ ਆਪਣੀਆਂ ਜਥੇਬੰਦੀਆਂ ਨੂੰ ਮਜ਼ਬੂਤ ਕਰਨ ਲਈ ਨਾਲ ਦੇ ਪਿੰਡਾਂ ਵਿਚ ਪਸਾਰ ਰਹੇ ਹਨ ਤਾਂ ਜੋ ਉਪਰੋਕਤ ਮਸਲਿਆਂ ਉਪਰ ਇਕ ਵਿਸ਼ਾਲ ਏਕਾ ਸਥਾਪਤ ਕਰਕੇ ਇਹਨਾਂ ਮੰਗਾਂ ਦੀ ਪਰਾਪਤੀ ਵਲ ਵਧਿਆ ਜਾਵੇ। ਕਿਸਾਨ ਸਭਾ ਨੇ ਇਸ ਘੋਲ ਵਿਚੋਂ ਭਾਵੇਂ ਕਈ ਛੋਟੇ ਮੋਟੇ ਸਬਕ ਕਢੇ ਹਨ ਪਰ ਇਕ ਵਡਾ ਸਬਕ ਇਹ ਹੈ ਕਿ ਜੇ ਤਿਖੇ ਭਖਦੇ ਚੁਭਦੇ ਇਕ ਮਸਲੇ ਨੂੰ ਚੁਣ ਕੇ ਐਜੀਟੇਸ਼ਨ ਕੀਤੀ ਤੇ ਘੋਲ ਅਤੈਭਿਆ ਜਾਏ ਤਾਂ ਜਿੱਤਾ ਛੇਤੀ ਸੌਖੀ ਤੇ ਵਧੇਰੇ ਲਾਮਬੰਦ ਹੁੰਦੀ ਤੇ ਘੋਲ ਵਿਚੋਂ ਖਟਦੀ ਹੈ "ਲਹਿਰ ਦੀ ਭਗਤੀ ਸ਼ਕਤੀ ਵਧਦੀ ਤੇ ਉਹ ਨਵੀਆਂ ਪ੍ਰਾਪਤੀਆਂ ਵਲ ਵਧਦੀ ਹੈ।"

## ਇਸ਼ਾਰਿਆਂ ਇਸ਼ਾਰਿਆਂ ਵਿਚ

(ਸਫਾ 2 ਦੀ ਬਾਕੀ)

700 ਮੀਟਰ ਹੈ। ਇਸ ਡੈਮ ਦੇ ਉਪਰੋਂ ਰੇਲਵੇ, ਮੋਟਰ, ਟਰਾਮਵੇ ਆਦਿ ਹਰ ਤਰ੍ਹਾਂ ਦਾ ਟਰੈਫਿਕ ਹੈ।

ਹੁਣ ਲਵੋ ਕਾਲਗੋਗਰਾਡ ਦੀ ਟਰਾਂਸਪੋਰਟ ਸਨਅਤ ਦੀ ਗਲ ਇਸ ਦੀਆਂ ਨੌਂ ਹਜ਼ਾਰ ਲਾਰੀਆਂ, ਮੋਟਰ-ਕਾਰਾਂ ਤੇ ਟਰਕ ਹਨ। 17,000 ਵਰਕਰ ਕੰਮ ਕਰਦੇ ਹਨ। ਇਸ ਦੇ 33 ਡੀਪੋ ਹਨ। ਇਹ ਇੰਡਸਟਰੀ ਜ਼ਰਾਇਤੀ ਉਪਜਾਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਦਾ ਪਰਬੰਧ ਕਰਦੀ ਹੈ। ਮੁਸਾਫਰ ਬਸਾਂ ਵੀ ਚਲਾਂਦੀ ਹੈ। ਮਾਲ ਉਠਾਉਣਾ ਅਤੇ ਦੂਜੀ ਥਾਂ ਪਹੁੰਚਾਉਣਾ ਇੰਡਸਟਰੀ ਦੇ ਜ਼ਿੰਮੇ ਹੈ। ਡਰਾਈਵਰਾਂ ਦੀ ਤਨਖਾਹ 145 ਰੂਬਲ ਮਹਾਸੀ ਹੈ।

## ਉਜ਼ਬੇਕ ਪ੍ਰਧਾਨ ਮੰਤ੍ਰੀ ਭਾਰਤ ਦੇ ਦੌਰੇ ਤੇ

ਨਵੀਂ ਦਿਲੀ, 17 ਅਪਰੈਲ—ਉਜ਼ਬੇਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਦੀ ਮੰਤਰੀ ਪਰੀਸ਼ਦ ਦੇ ਪ੍ਰਧਾਨ ਰਹਿਮਾਨਕੁਲ ਕੁਰਬਾਨੋਵ ਭਾਰਤ ਦੇ ਸਰਕਾਰੀ ਦੌਰੇ ਤੇ ਪੁਜ ਗਏ ਹਨ।

ਸੋਵੀਅਤ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ, ਉਜ਼ਬੇਕਿਸਤਾਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ, ਸੋਵੀਅਤ ਯੂਨੀਅਨ ਦੀ ਸੁਪਰੀਮ ਸੋਵੀਅਤ ਦੇ ਡਿਪਟੀ ਕੁਰਬਾਨੋਵ ਦਾ ਜਨਮ 1912 ਵਿਚ ਉਜ਼ਬੇਕ ਪਿੰਡ ਦੇ ਇਕ ਗਰੀਬ ਕਿਸਾਨ ਘਰਾਣੇ ਵਿਚ ਹੋਇਆ।

1942 ਤੋਂ ਲੈਕੇ ਆਰ. ਕੁਰਬਾਨੋਵ ਪਾਰਟੀ ਅਤੇ ਸਰਕਾਰੀ ਕੰਮ ਵਿਚ ਰੁਝੇ ਰਹੇ ਹਨ। ਉਜ਼ਬੇਕ ਰੀਪਬਲਿਕ ਦੀ ਕੌਮੀ ਆਰਥਕਤਾ ਦੇ ਵਿਕਾਸ ਵਿਚ ਮਹਾਨ ਸੇਵਾਵਾਂ ਕਰਕੇ ਰਹਿਮਾਨਕੁਲ ਕੁਰਬਾਨੋਵ ਨੂੰ ਤਿੰਨ ਆਰਡਰ ਆਫ ਲੈਨਿਨ ਅਤੇ ਦੂਜੇ ਸਰਕਾਰੀ ਪੁਰਸਕਾਰ ਮਿਲ ਚੁਕੇ ਹਨ। ਉਹ ਅਰਥ-ਵਿਗਿਆਨ ਦੀ ਐਮ. ਐਸ. ਸੀ. ਹਨ।

ਭਾਰਤ ਵਿਚ ਠਹਿਰਣ ਸਮੇਂ ਉਹ ਭਾਖੜਾ ਦੇ ਸਜੇ ਕੰਢੇ ਦੇ ਬਿਜਲੀ ਘਰ ਦੇ ਸਰਕਾਰੀ ਤੌਰ ਤੇ ਕੀਤੇ ਜਾਣ ਵਾਲੇ ਉਦਘਾਟਨੀ ਸਮਾਰੋਹ ਵਿਚ ਵੀ ਭਾਗ ਲੈਣਗੇ।

---

ਇਸ ਅਦਾਰੇ ਵਿਚ ਤੀਹ ਫੀ ਸਦੀ ਪਾਰਟੀ ਮੈਂਬਰ ਹਨ।

(ਚਲਦਾ)

ਸਾਥੀ ਸੁਰਜਨ ਸਿੰਘ ਜ਼ੀਰਵੀ ਪਰਿੰਟਰ ਤੇ ਪਬਲਿਸ਼ਰ ਨੇ ਅਵਾਮੀ ਪਰਿੰਟਿੰਗ ਪਰੈਸ, ਬੀ. ਜੀ. ਰੋਡ ਜਲੰਧਰ ਤੋਂ ਛਪਵਾ ਕੇ ਵਾਸਤੇ ਕਮਿਊਨਿਸਟ ਪਾਰਟੀ ਪੰਜਾਬ ਸਟੇਟ ਕੌਂਸਲ ਪਰਕਾਸ਼ਤ ਕੀਤਾ

*ਮੇਰੀ ਸੋਵੀਅਤ ਯਾਤਰਾ—੨੧*

# ਸਰਦੀ ਨਾਲ ਲੁਕਣ-ਮੀਚੀ

—ਵੀਰ ਭਾਨ ਭੁਲਰ—

ਅਸੀਂ ਵੋਲਗਗਾਡ ਤੋਂ ਤਾਸ਼ਕੰਦ ਜਾਂਦਾ ਸੀ। ਮੈਂ ਹਸਪਤਾਲ ਤੋਂ ਰਿਹਾ ਹੋ ਚੁਕਿਆ ਸਾਂ। ਦੂਜੇ ਸਾਥੀ ਡਾਕਟਰੀ ਮੁਆਇਨੇ ਵਿਚ ਠੀਕ ਠਾਕ ਪਾਏ ਗਏ ਅਤੇ ਸਭਨਾਂ ਦੀਆਂ ਟਿਕਟਾਂ ਵੀ ਵਾਪਸ ਮਿਲ ਗਈਆਂ। ਪਰ ਮੌਸਮ ਦੀ ਖਰਾਬੀ ਕਾਰਨ ਹਫਤੇ ਤੋਂ ਜਹਾਜ਼ ਦੀ ਉਡਾਣ ਬੰਦ ਸੀ। ਇਸ ਲਈ ਅਸੀਂ ਪਹਿਲੋਂ ਮਾਸਕੋ ਜਾਣਾ ਸੀ। ਮੌਸਮ ਠੀਕ ਹੋਣ ਤੇ ਹੀ ਅਸੀਂ ਤਾਸ਼ਕੰਦ ਲਈ ਉਡਾਰੀ ਲਾ ਸਕਦੇ ਸਾਂ।

ਐਕਸਪਰੈਸ ਟਰੇਨ ਨਿਕਲ ਚੁਕੀ ਸੀ। ਹੁਣ ਅਸੀਂ ਮੁਸਾਫਰ ਗਡੀ ਰਾਹੀਂ ਮਾਸਕੋ ਪਹੁੰਚਣਾ ਸੀ। ਰਾਹ 24 ਘੰਟੇ ਦਾ ਸੀ।

ਅਸੀਂ ਗਡੀ ਤੇ ਪਹੁੰਚ ਗਏ। ਸਾਥੀਆਂ ਨੇ ਨਾਸ਼ਤਾ ਤੇ ਖਾਣਾ ਨਾਲ ਬੰਨ੍ਹ ਦਿਤਾ। ਗਡੀ ਵਿਚ ਬਿਸਤਰਾ ਵੀ ਮਿਲ ਗਿਆ। ਰਾਤ ਦਾ ਵੇਲਾ ਸੀ। ਇਸ ਲਈ ਬਾਹਰ ਦਾ ਕੁਝ ਪਤਾ ਨਹੀਂ ਸੀ ਲਗਦਾ। ਸਵੇਰ ਹੋਈ। ਚਾਹ ਮੰਗਵਾਈ ਗਈ। ਮੂੰਹ-ਹਥ ਧੋਣ ਲਈ ਵੀ ਸਾਡੇ ਲਈ ਸਪੈਸ਼ਲ ਪ੍ਰਬੰਧ ਹੋ ਗਿਆ ਸਵੇਰ ਵੇਲੇ 12 ਘੰਟੇ ਦਾ ਸਫਰ ਬਾਕੀ ਸੀ। ਸੋਵੀਅਤ ਰੂਸ ਦਾ ਕਾਫੀ ਹਿਸਾ ਅਸੀਂ ਵੇਖਿਆ—ਥਾਂ ਥਾਂ ਫੈਕਟਰੀਆਂ, ਉਹਨਾਂ ਤੇ ਲਾਲ ਝੰਡੇ। ਬਰਫਬਾਰੀ ਕਾਰਨ ਫਾਰਮਾਂ ਵਿਚ ਅਜੇ ਤਕ ਕੰਮ ਬੰਦ ਸੀ।

ਗਰਸੇਫ ਐਵਾਨੋਵ ਇੰਜੀਨੀਅਰ, ਵਾਰਸ਼ਲੋਫ ਪਰੈਸ ਵਰਕਰ ਗਡੀ ਵਿਚ ਸਾਡੇ ਨੇੜੇ ਵਾਲੇ ਕਮਰੇ ਵਿਚ ਸਫ਼ਰ ਕਰ ਰਹੇ ਸਨ। ਉਹਨਾਂ ਨੇ ਸਾਡਾ ਹਾਲ ਚਾਲ ਪੁਛਿਆ। ਕਦੇ ਤਾਂ ਸਾਡਾ ਦੋ-ਭਾਸ਼ੀ ਸਾਥੀ ਬੜਾਨੋਫ ਮਦਦ ਕਰ ਦੇਂਦਾ, ਕਦੇ ਅਸੀਂ ਇਸ਼ਾਰਿਆਂ ਨਾਲ ਕੰਮ ਚਲਾ ਲੈਂਦੇ। ਉਹਨਾਂ ਨੇ ਸਾਨੂੰ ਖਾਣਾ ਵੀ ਪੇਸ਼ ਕੀਤਾ। ਭਾਰਤ ਦੀ ਪਾਰਟੀ ਤੇ ਮਜ਼ਦੂਰ ਜਮਾਤ ਬਾਰੇ ਪੁਛਿਆ। ਉਹਨਾਂ ਦੀਆਂ ਤਨਖਾਹਾਂ ਲਗ ਭਗ 150 ਰੂਬਲ ਮਹੀਨਾ ਸਨ। ਏਨੀ ਰਕਮ ਹੀ ਉਹਨਾਂ ਦੀਆਂ ਬੀਵੀਆਂ ਕਮਾ ਲੈਂਦੀਆਂ ਸਨ।

ਇਹ ਗਲ ਵਰਨਣ ਯੋਗ ਹੈ ਕਿ ਕਿਸੇ ਨੇ ਵੀ ਸਾਡੇ ਕੋਲ ਇਸ ਗਲ ਦਾ ਗਿਲਾ ਨਹੀਂ ਕੀਤਾ ਕਿ ਤਨਖਾਹਾਂ ਘਟ ਜਾਂ ਵਧ ਹਨ ਜਾਂ ਉਹਨਾਂ ਨੂੰ ਠੀਕ ਤਨਖਾਹ ਨਹੀਂ ਮਿਲ ਰਹੀ ਕਿਉਂਕਿ ਤਨਖਾਹਾਂ ਕੰਮ ਅਨੁਸਾਰ, ਹੁਨਰ ਅਨੁਸਾਰ ਮਿਲ ਰਹੀਆਂ ਹਨ। ਵਿਦਿਆ ਪ੍ਰਾਪਤ ਕਰਨ, ਹੁਨਰ ਸਿਖਣ, ਹੁਨਰ ਵਧਾਉਣ ਦੇ ਸਭ ਨੂੰ ਇਕੋ ਜਿਹੇ ਮੌਕੇ ਪ੍ਰਾਪਤ ਹਨ। ਇਸ ਸਬੰਧ ਵਿਚ ਵੀ ਕਿਸੇ ਨੂੰ ਕੋਈ ਸ਼ਕਾਇਤ ਨਹੀਂ ਹੈ।

ਰੇਲਵੇ ਵਿਚ ਕੰਮ ਕਰਦੀ ਇਕ ਲੇਡੀ ਵਰਕਰ ਨੇ ਸਾਨੂੰ ਦਸਿਆ ਕਿ ਉਹਨਾਂ ਨੂੰ 120 ਰੂਬਲ ਮਹੀਨਾ ਮਿਲਦੇ ਹਨ। ਉਸ ਦੀ ਤਨਖ਼ਾਹ 165 ਰੂਬਲ ਤਕ ਪੁਜ ਜਾਂਦੀ ਹੈ। ਉਹ ਭਰ ਮੁਟਿਆਰ ਸੀ ਤੇ ਅਜੇ ਉਸ ਦਾ ਵਿਆਹ ਵੀ ਨਹੀਂ ਸੀ ਹੋਇਆ। ਉਸ ਨੇ ਨਾਈਟ ਅਲਾਊਂਸ, ਮੀਲ'ਭਤਾ ਕੰਮ ਦੌਰਾਨ ਕਿੰਨੇ ਮੀਲ ਗਡੀ ਚਲੀ, ਖ਼ਾਸਾਂ ਤੇ ਹੋਰ ਸਹੂਲਤਾਂ ਦਾ ਵੀ ਜ਼ਿਕਰ ਕੀਤਾ।

ਉਸ ਨੇ ਦਸਿਆ ਕਿ ਸਾਡੇ ਗਰੁਪ ਨੂੰ ਤਿੰਨ ਦਿਨ ਕੰਮ ਕਰਨਾ ਪਵੇਗਾ ਅਤੇ ਸਾਢੇ ਤਿੰਨ ਦਿਨ ਆਰਾਮ ਮਿਲੇਗਾ। 24 ਘੰਟੇ ਵਿਚ ਟਰੇਨ ਮਾਸਕੋ ਜਾਵੇਗੀ। ਕੁਝ ਸਮਾ ਰੈਸਟ ਤੋਂ ਪਿਛੋਂ ਫਿਰ ਗਡੀ ਨੂੰ ਵੋਲਗੋ-ਗਰਾਡ ਲੈ ਆਉਣਗੇ। ਹਫਤੇ ਦੇ ਬਾਕੀ ਦਿਨ ਰਹੇਗੀ।

ਇਕ ਛੋਟੀ ਜਹੀ ਲੜਕੀ ਤਾਨੀਆਂ ਨੂੰ ਮੈਂ ਅਮਨ ਦਾ ਬੈਜ ਦਿਤਾ। ਉਸ ਨੇ ਇਹ ਬੈਜ ਲੈ ਲਿਆ। ਅਤੇ ਬੜੀ ਖੁਸ਼ ਹੋਈ। ਫਿਰ ਆਪਣੀ ਮਾਂ ਦੇ ਮੂੰਹ ਵਲ ਵੇਖਣ ਲਗ ਪਈ। ਫਿਰ ਉਸ ਨੇ ਇਕ ਬੈਜ ਹਾਸਲ ਕੀਤਾ ਅਤੇ ਮੈਨੂੰ ਦੇ ਦਿਤਾ। ਰੂਸੀ ਸਾਥੀਆਂ ਨੇ ਕਿਹਾ ਇਹ ਬੈਜ ਬਹੁਤ ਪਿਆਰਾ ਹੈ। ਇਸ ਨੂੰ ਸੰਭਾਲ ਕੇ ਰਖਣਾ!

ਗਡੀ ਦੇ ਮਕੈਨੀਕਲ ਇੰਜੀਨੀਅਰ ਨਾਲ ਤਾਂ ਖੂਬ ਗੱਪ-ਸ਼ਪ ਲੜੀ। ਉਸ ਨੇ ਵੀ ਭਾਰਤ ਦੀ ਮਜ਼ਦੂਰ ਜਮਾਤ ਅਤੇ ਪਾਰਟੀ ਬਾਰੇ ਵਾਕਫੀਅਤ ਚਾਹੀ। ਉਸ ਨੇ ਪਾਰਟੀ ਵਿਚ ਫੁਟ ਤੋਂ ਪਿਛੋਂ ਦੇ ਹਾਲਾਤ ਬਾਰੇ ਵੀ ਜਾਣਨਾ ਚਾਹਿਆ।

ਉਹ ਸੁਭਾਵਿਕ ਹੀ ਸੰਸਾਰ ਭਰ ਮਜ਼ਦੂਰਾਂ ਦੇ ਰੋਸ਼ਨ ਭਵਿਖ ਵਿਚ ਦਿਲਚਸਪੀ ਰਖਦਾ ਸੀ। ਉਸ ਨੇ ਮੁਲਾਜ਼ਮ ਦੀ ਘਟੋ ਘਟ ਤਨਖਾਹ ਦੇ ਅਸੂਲ ਦੀਂ ਪਰਵਾਨਗੀ ਦੀ ਰੀਪੋਰਟ ਬੜੇ ਗਹੁ ਨਾਲ ਸੁਣੀ। ਉਹਨਾਂ ਨੂੰ ਮਜ਼ਦੂਰਾਂ ਉਤੇ ਹੋਏ ਤਸ਼ੱਦਦ ਤੇ ਦੁਖ ਸੀ।

22 ਦਸੰਬਰ ਦੀ ਰਾਤ ਨੂੰ ਅਸੀਂ ਫਿਰ ਮਾਸਕੋ ਵਿਚ ਉਸੇ ਹੋਟਲ ਵਿਚ ਸਾਂ ਜਿਥੇ ਅਸੀਂ ਸੋਵੀਅਤ ਯੂਨੀਅਨ ਦੀ ਦੇਸ਼-ਵਿਆਪੀ ਯਾਤਰਾ ਸ਼ੁਰੂ ਕੀਤੀ ਸੀ।

23 ਤਾਰੀਖ ਸਵੇਰੇ ਸਾਡੀਆਂ ਕਾਰਾਂ ਕਿਉ ਰੋਡ ਤੇ ਹਵਾਈ ਅਡੇ ਵਲ ਦੌੜ ਰਹੀਆਂ ਸਨ, ਜਿਥੋਂ ਅਸੀਂ ਤਾਸ਼ਕੰਦ ਲਈ ਚਲਣਾ ਸੀ। ਰਾਹ ਵਿਚ ਜੰਗਲ ਹੀ ਜੰਗਲ, ਬਾਗ ਹੀ ਬਾਗ ਅਤੇ ਬਰਫ ਦਾ ਨਜ਼ਾਰਾ ਸੀ। ਬਾਗਾਂ ਤੇ ਜੰਗਲਾਂ ਨੂੰ ਤਰੱਕੀ ਦੇਣ ਦੀ ਸਕੀਮ ਅਧੀਨ ਇਹ ਬਾਗ ਤੇ ਜੰਗਲ ਲਾਏ ਗਏ ਸਨ ਤੇ ਲਾਏ ਜਾ ਰਹੇ ਸਨ। ਬਾਗਾਂ ਵਿਚ ਛੋਟੇ ਛੋਟੇ ਘਰ ਸਨ, ਜਿਨ੍ਹਾਂ ਵਿਚ ਲੋਕ ਰਹਿ ਸਕਦੇ ਸਨ। ਹਵਾਈ ਅਡੇ ਦਾ ਰਾਹ ਇਕ ਘੰਟੇ ਦਾ ਸੀ।

ਜਹਾਜ਼ ਦੀ ਉਡਾਰੀ ਮਨਸੂਖ ਹੋ ਗਈ। ਅਸੀਂ ਚਾਹ ਆਦਿ ਪੀਣ ਲਗ ਪਏ। ਅਜੇ ਸੋਚ ਹੀ ਰਹੇ ਸਾਂ ਕਿ ਕਿਉਂ ਨਾ ਹੋਟਲ ਵਾਪਸ ਚਲਿਆ ਜਾਵੇ ਕਿ ਜਹਾਜ਼ ਦੀ ਉਡਾਰੀ ਦਾ ਸਿਗਨਲ ਹੋ ਗਿਆ। ਰਾਤ ਦੇ ਇਕ ਵਜੇ ਦਾ ਸਮਾਂ ਹੋਵੇਗਾ। ਐਲਾਨ ਹੋ ਗਿਆ ਕਿ ਜਹਾਜ਼ ਹੁਣ ਅਗੇ ਨਹੀਂ ਜਾ ਸਕਦਾ। ਰਸਟੋਫ ਦੇ ਹਵਾਈ ਅਡੇ ਤੇ ਉਤਰਨਾ ਪਵੇਗਾ।

ਰਸਟੋਫ ਹਵਾਈ ਅਡੇ ਤੇ ਉਤਰੇ ਤਾਂ ਬਰਫ ਪੈਣ ਦੀ ਹੱਦ ਹੀ ਹੋ ਗਈ। ਅਡੇ ਤਕ ਪਹੁੰਚਦੇ ਪਹੁੰਚਦੇ ਸਰਦੀ ਦਾ ਮਜ਼ਾ ਆ ਗਿਆ। ਡੈਲੀਗੇਸ਼ਨ ਹੋਣ ਕਾਰਨ ਸਾਨੂੰ ਆਮ ਮੁਸਾਫਰਾਂ ਨਾਲੋਂ ਵਖਰਾ ਕਮਰਾ ਮਿਲ ਗਿਆ ਤਾਂ ਜੋ ਆਰਾਮ ਕਰ ਸਕੀਏ। ਸਾਡੇ ਦੋ ਭਾਸ਼ੀ ਸਾਥੀ ਨੇ ਉਥੇ ਪਾਰਟੀ ਸਕਤਰ ਨੂੰ ਟੈਲੀਫੋਨ ਕੀਤਾ। ਇਹ ਪਤਾ ਨਹੀਂ ਸੀ ਕਿ ਕਿੰਨਾ ਚਿਰ ◆

◆ ਇਥੇ ਠਹਿਰਨਾ ਪਵੇਗਾ। ਉਸ [illegible] ਸਾਥੀ ਆ ਗਏ। ਉਹਨਾਂ ਨੇ ਸਾ[illegible] ਦਾ ਪਰਬੰਧ ਕੀਤਾ। ਅਜੇ ਖਾ[illegible] ਹੀ ਕੀਤਾ ਸੀ ਕਿ ਐਲਾਨ ਹੋ ਗਿ[illegible] ਹਵਾਈ ਜਹਾਜ਼ ਤਿਆਰ ਹੈ। [illegible] ਵਿਚ ਜਹਾਜ਼ ਵਿਚ ਸੁਆ[illegible] ਪਿਆ।

ਸਾਡਾ ਡੈਲੀਗੇਸ਼ਨ ਰਸ[illegible] ਪਾਰਟੀ ਕਮੇਟੀ ਦੇ ਸਾਥੀਆਂ [illegible] ਵਾਦੀ ਹੈ ਜਿਹਨਾਂ ਨੇ ਬੇ[illegible] ਲਈ ਬੜਾ ਤਕਲਫ਼ ਕੀਤਾ [illegible] ਅਸੀਂ ਤਾਸ਼ਕੰਦ ਜਾ ਉਤਰੇ।

## ਗ਼ਜ਼ਲ

—ਵੀਅਤਨਾਮੀ ਸੰਘਰਸ਼ ਤੋਂ ਉਤਸ਼ਾਹਤ ਹੋ ਕੇ—

ਇਕ ਦਿਨ ਇਹ ਕੱਖ ਵੀ ਐਸੀ ਕਹਾਣੀ ਕਰਨਗੇ।
ਮਾੜੀਆਂ ਦੇ ਸਾਹਬ ਵੀ ਜਿਸਦਾ ਹੁੰਗਾਰਾ ਭਰਨਗੇ।

ਇਹ ਜੋ ਸੂਰਜ ਜ਼ੁਲਮ ਦੇ ਸੁਲਗਦੇ ਨੇ ਚਮਨ ਤੇ,
ਵੇਖ ਲੈਣਾ ਸਿਸਕਦੇ ਸਾਹਾਂ 'ਚ ਇਕ ਦਿਨ ਠਰਨਗੇ।

ਬਾਗਬਾਂ ਜੋ ਚਮਨ ਦੀ ਖੁਦ ਮਹਿਕ ਵੇਚੀ ਜਾ ਰਹੇ,
ਭਾਲਦੇ ਮਹਿਕਾਂ ਨੂੰ ਇਕ ਦਿਨ ਵੇਖ ਲੈਣਾ ਮਰਨਗੇ।

ਏਸ ਵਾਦੀ ਦੇ ਜੋ ਪਥਰ ਅਜ਼ਲਾਂ ਤੋਂ ਖਾਮੋਸ਼ ਨੇ,
ਇਕ ਦਿਨ ਤਾਰੀਖ ਦੀ ਹਿੱਕੜੀ ਤੇ ਤੋਹਮਤ ਧਰਨਗੇ।

ਉਹਨਾਂ ਦੇ ਹੀ ਕਦਮਾਂ ਨੂੰ ਮੰਜ਼ਲ ਨੇ ਆਖਰ ਚੁਮਣੇ,
ਜੋ ਪੀੜ ਤਿਖੇ ਕੰਡਿਆਂ ਦੀ ਮੁਸਕਰਾ ਕੇ ਜਰਨਗੇ।

ਚਮਨ ਕਾਦਿਆਨੀ

ਗਲਤੀ ਕਿਉਂ ਕਰ ਦਿਤੀ। ਭਾਵੇਂ ਕੁਝ ਵੀ ਹੋਵੇ ਜੇਲ੍ਹ ਦੀ ਹਵਾ ਖਾਧੀ ਅਸੀਂ ਵੀ। ਹੁਣ ਇਹ ਸੁਣੋ ਕਿ ਖਾਧੀ ਕਿਉਂ?

ਅਸੀਂ ਉਦੋਂ ਨਾ ਛੋਟੇ ਸਾਂ, ਨਾ ਵਡੇ, ਵਿਚਲਾ ਮੇਲ ਸਾਂ। ਪਰ ਪਤਾ ਨਹੀਂ ਕਿਸ ਦਾ ਸਾਇਆ ਪਿਆ ਹੋਇਆ ਸੀ ਸਾਡੇ ਉਤੇ। ਅਸੀਂ ਸ਼ਟਲੀ ਜ਼ਰੂਰ ਸਾਂ। 13 ਅਪਰੈਲ ਨੂੰ ਜਦੋਂ ਜਲ੍ਹਿਆਂ ਵਾਲੇ ਬਾਗ ਵਿਚ ਇਕ ਫਰੰਗੀ ਨੇ ਅਧੇ ਹੀ ਘੰਟੇ ਵਿਚ 1000 ਮਾਰ ਦਿਤੇ, ਇਹਨਾਂ ਸ਼ਹੀਦਾਂ ਨੇ ਆਪਣਾ ਖ਼ੂਨ ਦੇ ਕੇ ਜਲ੍ਹਿਆਂ ਵਾਲਾ ਨੂੰ ਅਮਰ ਕਰ ਦਿਤਾ ਅਤੇ ਸੁਤੰਤਰਤਾ ਸੰਗਰਾਮ ਦਾ ਬੂਟਾ ਇਕ ਦਮ ਇਕ ਦਰਖ਼ਤ ਬਣ ਗਿਆ ਤਾਂ ਸਾਨੂੰ ਇਹ ਪਤਾ ਨਹੀਂ ਸੀ ਕਿ ਦੇਸ਼ ਆਜ਼ਾਦ ਵੀ ਹੋ ਜਾਵੇਗਾ ਅਤੇ ਅਸੀਂ ਆਜ਼ਾਦ ਦੇਸ਼ ਵਿਚ ਜੁਤੀਆਂ ਚਟਖਾਂਦੇ ਫਿਰਾਂਗੇ। ਕੋਈ ਸਾਨੂੰ ਦੇਸ਼-ਭਗਤ ਵੀ ਨਹੀਂ ਕਹੇਗਾ। ਹਾਂ, ਸਾਡਾ ਲਹੂ ਜ਼ਰੂਰ ਖੌਲਣ ਲਗਾ ਸੀ। ਰੋਸ ਨਾਲ ਰੁਮਾਂਸ ਜਿਹਾ ਹੁੰਦਾ ਜਾ ਰਿਹਾ ਸੀ।

"ਕਿੰਨੇ ਅਫਸੋਸ ਦੀ ਗਲ ਹੈ ਕਿ ਇਕ ਗੋਰਾ ਸੈਂਕੜਿਆਂ ਨੂੰ ਮਾਰ ਸੁਟੇ। ਇਸ ਤਰ੍ਹਾਂ ਤਾਂ [illegible] ਭੇਡ ਬਕਰੀਆਂ ਨੂੰ [illegible] ਮਾਰ ਸਕਦਾ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਾਨੂੰ ਇਹ ਗੋਰੇ ਮੂਲੀ-ਗਾਜਰ ਵੀ ਨਹੀਂ ਸਮਝਦੇ।"

ਜਦੋਂ ਹਰ ਗਲੀ ਮਹੱਲੇ ਦੇ ਸਾਹਮਣੇ ਬੈਂਤ ਮਾਰਨ ਵਾਲੀ ਟਿਕਟਿਕੀ ਲਾ ਦਿਤੀ ਗਈ ਤੇ ਆਉਣ ਜਾਣ ਵਾਲਿਆਂ ਨੂੰ ਪੇਟ ਦੇ ਬਲ ਰੁੜਾਇਆ ਜਾਣ ਲਗਾ, ਇਸਤਰੀਆਂ ਦੇ ਸਤ ਭੰਗ ਕੀਤੇ ਜਾਣ ਲਗੇ, ਬਚੇ ਸੰਗੀਨਾਂ ਤੇ ਟੰਗੇ ਜਾਣ ਲਗੇ, ਇਸ ਤਰ੍ਹਾਂ ਜਾਪਦਾ ਸੀ ਸਚ ਮੁਚ ਪਰਲੋ ਆ ਗਈ ਹੋਵੇ, ਹਰ ਪਾਸੇ ਸ਼ੈਤਾਨ ਹੀ ਸ਼ੈਤਾਨ ਨਜ਼ਰ ਆਉਣ ਲਗੇ.....ਆਖਰ ਹਿੰਦੁਸਤਾਨੀਆਂ ਦੇ ਮਨ ਵਿਚ ਵੀ ਰਣ ਚੰਡੀ ਜਾਗ ਉਠੀ—ਲਗੇ ਜਥਿਆਂ ਦੇ ਜਥੇ ਸ਼ਹਿਰਾਂ ਵਲ ਵਧਣ। ਅਸੀਂ ਵੀ ਇਕ ਜਥੇ ਵਿਚ ਸ਼ਾਮਲ ਹੋ ਗਏ।

ਇਕ ਨੌਜਵਾਨ ਨੇ ਸਾਡੀ ਬਾਂਹ ਫੜ ਕੇ ਹਿਲਾ ਦਿਤੀ। ਸਾਡੀਆਂ ਅਖਾਂ ਵਿਚ ਅਖਾਂ ਪਾ ਕੇ ਬੋਲਿਆ 'ਚੁਪ ਚਾਪ ਘਰ ਚਲੇ ਜਾਓ। ਤੁਸੀਂ ਅਜੇ ਬਹੁਤ ਛੋਟੇ ਹੋ। ਤੁਹਾਡੇ ਲਈ ਦਮਨ ਸਹਿਣਾ ਕਠਨ ਹੋਵੇਗਾ। ਜਾਓ, ਭਜ ਜਾਓ।

ਉਹ ਵੀ ਸਾਨੂੰ ਦੇਸ਼ ਭਗਤ ਨਹੀਂ ਸਮਝਦਾ ਸੀ।